# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੁਗਿਰਦਾ ਬੋਧ: ਇਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ
ਅਧੀਨ ਪੀਐਚ.ਡੀ. (ਧਰਮ ਅਧਿਐਨ) ਦੀ
ਡਿਗਰੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

**2017**


*ਨਿਗਰਾਨ*

**ਡਾ. ਅਬਨੀਸ਼ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਡਿਸਟੈਂਸ ਐਜੂਕੇਸ਼ਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

*ਖੋਜਾਰਥੀ*

**ਸੁਖਜਿੰਦਰ ਕੌਰ**



**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਸੁਖਜਿੰਦਰ ਕੌਰ ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੁਗਿਰਦਾ ਬੋਧ: ਇਕ ਅਧਿਐਨ** ਵਿਸ਼ੇ ਉਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਅਧੀਨ ਪੂਰਾ ਕੀਤਾ ਹੈ, ਇਹ ਖੋਜਾਰਥਣ ਦੀ ਮੌਲਿਕ ਰਚਨਾ ਹੈ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਕਿਸੇ ਵੀ ਉਪਾਧੀ ਲਈ ਪ੍ਰਸਤੁਤ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ, ਇਸ ਦੇ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਪੇਸ਼ ਕਰਦੀ ਹਾਂ।

ਮਿਤੀ....24/7/2017

ਅਬਨੀਸ਼ ਕੌਰ

**ਡਾ. ਅਬਨੀਸ਼ ਕੌਰ**

ਅਸਿਸਟੈਂਟ ਪ੍ਰੋਫ਼ੈਸਰ

ਡਿਸਟੈਂਸ ਐਜੂਕੇਸ਼ਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਅਧਿਆਇ - ਪਹਿਲਾ

# ਚੁਗਿਰਦਾ: ਅਰਥ, ਪਰਿਭਾਸ਼ਾ ਅਤੇ ਸਰੂਪ

ਇਸ ਬ੍ਰਹਿਮੰਡ ਵਿਚ ਵਿਚਰਦੀ ਹਰ ਸ਼ੈਅ ਦਾ ਆਪਣਾ ਇਕ ਚੁਗਿਰਦਾ ਹੈ, ਜਿਸ ਵਿਚ ਉਹ ਉਪਜਦੀ, ਪਨਪਦੀ ਅਤੇ ਬਿਨਸਦੀ ਹੈ। ਚੁਗਿਰਦੇ ਤੋਂ ਭਾਵ ਆਲ਼ਾ-ਦੁਆਲ਼ਾ ਹੈ, ਜਿਸ ਵਿਚ ਹਵਾ, ਪਾਣੀ, ਧਰਤੀ, ਅਗਨੀ, ਬਨਸਪਤੀ, ਨਦੀਆਂ-ਨਾਲੇ, ਪਹਾੜ, ਪਰਬਤ, ਪਸ਼ੂ, ਪੰਛੀ, ਭਾਵ ਕਿ ਜੈਵਿਕ ਅਤੇ ਅਜੈਵਿਕ ਦੋਵੇਂ ਤਰ੍ਹਾਂ ਦੇ ਤੱਤ ਸ਼ਾਮਿਲ ਹਨ। ਇਹਨਾਂ ਤੱਤਾਂ ਨੂੰ ਜੜ੍ਹ ਅਤੇ ਚੇਤਨ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ, ਜਿਹੜੇ ਇਕ ਦੂਸਰੇ ਉਤੇ ਨਿਰਭਰ ਹੁੰਦੇ ਹਨ। ਜੀਵ ਦਾ ਚੁਗਿਰਦਾ ਐਨਾ ਵਿਸ਼ਾਲ ਹੈ ਕਿ ਵਾਯੂ-ਮੰਡਲ, ਥਲ-ਮੰਡਲ, ਜਲ-ਮੰਡਲ ਅਤੇ ਹੋਰ ਜਿੰਨਾ ਵੀ ਪਸਾਰਾ ਸਭ ਇਸ ਦੇ ਘੇਰੇ ਵਿਚ ਸ਼ਾਮਿਲ ਹੈ। ਜਿਹੜਾ ਕਿ ਅਨੇਕ ਜੀਵ ਪ੍ਰਣਾਲੀਆਂ ਤੋਂ ਮਿਲ ਕੇ ਬਣਿਆ ਹੋਇਆ ਹੈ।

ਚੁਗਿਰਦੇ ਲਈ ਗੁਰਬਾਣੀ ਵਿਚ 'ਚਉਗਿਰਦ'[1] ਸ਼ਬਦ ਵਰਤਿਆ ਗਿਆ ਹੈ। ਜਿਹੜਾ ਕਿ ਪੰਜਾਬੀ ਤੇ ਫ਼ਾਰਸੀ ਦੋ ਭਾਸ਼ਾਈ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਪੰਜਾਬੀ ਦੇ 'ਚਉ' ਸ਼ਬਦ ਦਾ ਅਰਥ 'ਚਾਰ' ਅਤੇ ਫ਼ਾਰਸੀ ਦੇ 'ਗਿਰਦ' ਸ਼ਬਦ ਦਾ ਅਰਥ 'ਪਾਸੇ ਜਾਂ ਘੇਰਾ' ਹੈ, ਅਰਥਾਤ ਜਿਹਨਾਂ ਚੀਜ਼ਾਂ ਨਾਲ ਜੀਵ ਘਿਰਿਆ ਹੋਇਆ ਹੈ, ਉਹਨਾਂ ਦੇ ਸਮੂਹ ਨੂੰ ਚੁਗਿਰਦਾ ਕਿਹਾ ਜਾਂਦਾ ਹੈ।[2] ਭਾਈ ਕਾਨ੍ਹ ਸਿੰਘ ਨਾਭਾ ਵੀ ਚੁਗਿਰਦੇ ਦੇ ਅਰਥ 'ਚਾਰੋਂ ਓਰ, ਚਾਰੇ ਪਾਸੇ ਜਾਂ ਚੁਫੇਰੇ' ਕਰਦੇ ਹਨ।[3] *ਪ੍ਰਮਾਣਿਕ ਪੰਜਾਬੀ ਕੋਸ਼* ਵਿਚ ਚੁਗਿਰਦੇ ਦੇ ਅਰਥ ਆਲ਼ਾ-ਦੁਆਲ਼ਾ ਜਾਂ ਆਂਢ-ਗੁਆਂਢ ਕੀਤੇ ਗਏ ਹਨ।[4]

ਚੁਗਿਰਦਾ ਸ਼ਬਦ ਦਾ ਪੰਜਾਬੀ ਭਾਸ਼ਾ ਵਿਚ ਹੀ ਸਮਾਨ-ਅਰਥੀ ਸ਼ਬਦ 'ਵਾਤਾਵਰਨ' ਹੈ।

---

1 ਚਉਕੀ ਚਉਗਿਰਦ ਹਮਾਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 626.

2 ਵੀਰ ਸਿੰਘ (ਭਾਈ), *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 239.

3 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਲਾਹੌਰ ਬੁੱਕਸ, ਲੁਧਿਆਣਾ, ਸੰਸਕਰਣ-ਪੰਜਵਾਂ, 2017, ਪੰਨਾ 391.

4 ਮਦਨ ਲਾਲ ਹਸੀਜਾ ਅਤੇ ਹੋਰ (ਸੰਪਾ.), *ਪ੍ਰਮਾਣਿਕ ਪੰਜਾਬੀ ਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2001, ਪੰਨਾ 183.

ਇਹ ਸ਼ਬਦ ਦੋ ਸ਼ਬਦਾਂ 'ਵਾਤ' ਅਤੇ 'ਆਵਰਣ' ਦੇ ਮੇਲ ਤੋਂ ਬਣਿਆ ਹੈ। ਵਾਤ ਤੋਂ ਭਾਵ 'ਹਵਾ' ਅਤੇ ਆਵਰਣ ਤੋਂ ਭਾਵ 'ਢੱਕਣ ਵਾਲਾ ਕੱਪੜਾ' ਹੈ, ਭਾਵ ਜੋ ਚੀਜ਼ ਸਭ ਕੁਝ ਨੂੰ ਢੱਕ ਕੇ ਰਖਦੀ ਹੈ ਜਾਂ ਚਹੁੰ ਪਾਸਿਆਂ ਤੋਂ ਘੇਰ ਕੇ ਰਖਦੀ ਹੈ, ਉਸ ਨੂੰ 'ਵਾਤਾਵਰਨ' ਕਿਹਾ ਜਾਂਦਾ ਹੈ।[5]

ਹਿੰਦੀ ਭਾਸ਼ਾ ਵਿਚ ਚੁਗਿਰਦੇ ਲਈ 'ਪਰਿਆਵਰਣ' ਸ਼ਬਦ ਵਰਤਿਆ ਜਾਂਦਾ ਹੈ। ਇਹ ਸ਼ਬਦ 'ਪਰਿ+ਆਵਰਣ' ਦੋ ਸ਼ਬਦਾਂ ਦੇ ਮੇਲ ਤੋਂ ਉਤਪੰਨ ਹੋਇਆ ਹੈ। ਜਿਸ ਵਿਚ 'ਪਰਿ' ਦਾ ਅਰਥ 'ਚਾਰੋਂ ਔਰ' ਅਤੇ 'ਆਵਰਣ' ਦਾ ਅਰਥ ਢੱਕਿਆ ਹੋਇਆ ਹੈ। ਇਸ ਤਰ੍ਹਾਂ ਵਿਅਕਤੀ ਦੇ ਆਲ਼ੇ-ਦੁਆਲ਼ੇ ਅਤੇ ਚਾਰੋਂ ਤਰਫ਼ ਜੋ ਕੁਝ ਵੀ ਹੈ, ਉਹ ਉਸ ਦਾ ਵਾਤਾਵਰਨ ਜਾਂ ਪਰਿਆਵਰਣ ਕਹਾਉਂਦਾ ਹੈ।[6]

ਅੰਗਰੇਜ਼ੀ ਵਿਚ ਚੁਗਿਰਦੇ ਨੂੰ Environment ਕਿਹਾ ਜਾਂਦਾ ਹੈ। *ਵਾਤਾਵਰਨ ਵਿਸ਼ਾ ਕੋਸ਼* ਅਨੁਸਾਰ Environment ਫ਼੍ਰਾਂਸੀਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਵੀ ਚੁਗਿਰਦੇ ਦੇ ਹਨ।[7]

ਚੁਗਿਰਦੇ ਦੀ ਵਿਸ਼ਾਲਤਾ ਨੂੰ ਦਰਸਾਉਣ ਲਈ 'ਬ੍ਰਹਿਮੰਡ' ਸ਼ਬਦ ਵੀ ਵਰਤਿਆ ਜਾਂਦਾ ਹੈ। "ਬ੍ਰਹਮਾਂਡ ਸ਼ਬਦ ਦੇ ਮੂਲ ਵਿਚ 'ਵ੍ਰਿਹ' ਧਾਤੂ ਹੋਣ ਕਾਰਨ ਇਸ ਦੇ ਅਰਥ 'ਬ੍ਰਹਮ' ਵਾਲੇ ਮੰਨੇ ਜਾ ਸਕਦੇ ਹਨ। ਇਸ ਦੇ ਅੰਤ ਵਿਚ 'ਅੰਡ' ਸ਼ਬਦ ਇਸ ਦੇ ਰੂਪ ਆਕਾਰ ਨੂੰ ਪ੍ਰਗਟਾਉਂਦਾ ਹੈ। ਇਸ ਦ੍ਰਿਸ਼ਟੀ ਤੋਂ ਬ੍ਰਹਮਾਂਡ ਦਾ ਅਰਥ ਉਸ ਭੌਤਿਕ ਤੇ ਦ੍ਰਿਸ਼ਟਮਾਨ ਜਗਤ ਤੋਂ ਹੈ, ਜਿਹੜਾ ਰੂਪ-ਆਕਾਰ ਦੀ ਦ੍ਰਿਸ਼ਟੀ ਤੋਂ ਇਕ ਅੰਡੇ ਵਾਂਗ ਹੈ।"[8] ਬੋਲਚਾਲ ਦੀ ਭਾਸ਼ਾ ਵਿਚ ਆਲ਼ੇ-ਦੁਆਲ਼ੇ ਫੈਲੇ ਪੁਲਾੜ ਨੂੰ 'ਬ੍ਰਹਿਮੰਡ' ਕਿਹਾ ਜਾਂਦਾ ਹੈ। "ਇਸ ਬ੍ਰਹਿਮੰਡ ਵਿਚ ਸਾਡਾ ਗ੍ਰਹਿ ਪ੍ਰਿਥਵੀ ਅਤੇ ਇਸ ਦੀ ਸਤਹ ਤੇ ਸਤਹ ਹੇਠਲਾ ਲਾਵਾ, ਦਰਿਆ, ਪਹਾੜ, ਸਮੁੰਦਰ, ਵਾਯੂ-ਮੰਡਲ, ਬਨਸਪਤੀ ਜਗਤ, ਜੀਵ-ਜੰਤੂ,

---

5 ਆਰ. ਸੀ. ਚਾਂਦਨਾ, *ਵਾਤਾਵਰਨ ਭੂਗੋਲ,* ਕਲਿਆਣਕਾਰੀ ਪਬਲਿਸ਼ਰਜ਼, ਨਵੀਂ ਦਿੱਲੀ, 1999, ਪੰਨਾ 2.

6 मोहन राज तातेड़ और अन्य, *पर्यावरण अध्ययन शिक्षण,* अपोलो प्रकाशन, जयपुर, 2016, पृष्ठ 1.

7 ਸੁਰਜੀਤ ਸਿੰਘ ਢਿਲੋਂ ਅਤੇ ਬਲਜੀਤ ਕੌਰ, *ਵਾਤਾਵਰਨ ਵਿਸ਼ਾ-ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 161.

8 ਭਗਤ ਸਿੰਘ ਵੇਦੀ, *ਬ੍ਰਹਿਮੰਡੀ ਚੇਤਨਾ ਦੇ ਪਰਿਪੇਖ ਵਿਚ ਗੁਰਬਾਣੀ ਅਧਿਐਨ,* ਸਿਰਜਣਧਾਰਾ, ਲੁਧਿਆਣਾ, 1994, ਪੰਨਾ 129.

ਗ੍ਰਹਿ, ਚੰਨ, ਸੂਰਜ, ਤਾਰੇ, ਧੂਮਕੇਤੂ, ਆਕਾਸ਼-ਗੰਗਾਵਾ, ਨੋਵਾ, ਸੁਪਰਨੋਵਾ, ਬਲੈਕ ਹੋਲਜ਼, ਵਾਈਟ ਡਵਾਰਫ ਤੇ ਪਲਸਰਜ਼ ਆਦਿ ਮੌਜੂਦ ਹਨ। ਇਸ ਤਰ੍ਹਾਂ ਸ੍ਰਿਸ਼ਟੀ ਜਾਂ ਕੁਦਰਤ ਸੰਪੂਰਨ ਪਦਾਰਥਕ ਬ੍ਰਹਿਮੰਡ ਅਤੇ ਇਸ ਦੇ ਸੰਸਾਰਕ ਵਰਤਾਰੇ ਦਾ ਪ੍ਰਗਟਾਵਾ ਹੈ।"[9]

ਇਹ ਸਭ ਕੁਦਰਤ ਵਿਚਲਾ ਪਸਾਰਾ ਸ਼ੁਰੂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੀ ਖਿੱਚ ਦਾ ਕੇਂਦਰ ਰਿਹਾ ਹੈ। ਜਿਸ ਕਾਰਨ ਉਹ ਹਮੇਸ਼ਾ ਹੀ ਆਪਣੇ ਆਲ਼ੇ-ਦੁਆਲ਼ੇ ਬਾਰੇ ਜਾਣਨ ਲਈ ਤਤਪਰ ਰਿਹਾ ਹੈ। ਜਦੋਂ ਦੀ ਮਨੁੱਖ ਵਿਚ ਸਵੈ-ਚੇਤਨਾ ਜਾਗੀ ਉਦੋਂ ਤੋਂ ਹੀ ਦੋ ਪ੍ਰਸ਼ਨ ਉਸ ਦੇ ਮਨ ਵਿਚ ਪੈਦਾ ਹੋਏ ਹਨ। ਪਹਿਲਾ ਜ਼ਿੰਦਗੀ ਦਾ ਅਰਥ ਕੀ ਹੈ, ਦੂਸਰਾ ਆਲ਼ੇ-ਦੁਆਲ਼ੇ ਜੋ ਬ੍ਰਹਿਮੰਡ ਪਸਰਿਆ ਹੋਇਆ ਹੈ, ਉਸ ਦਾ ਸੁਭਾ ਕੀ ਹੈ। ਇਸੇ ਜਾਣਨ ਨੂੰ 'ਬੋਧ' ਜਾਂ 'ਗਿਆਨ' ਕਿਹਾ ਜਾਂਦਾ ਹੈ। "ਗਿਆਨ ਦੇ ਸ਼ਾਬਦਿਕ ਅਰਥਾਂ ਵਿਚ ਸਾਧਾਰਨ ਜਾਣਕਾਰੀ ਤੋਂ ਲੈ ਕੇ ਪਰਮਾਰਥਿਕ ਬੋਧ ਤੇ ਆਤਮਿਕ ਪ੍ਰਕਾਸ਼ ਸ਼ਾਮਿਲ ਹਨ।"[10]

ਜੀਵ ਦੇ ਚੁਗਿਰਦੇ ਨਾਲ ਸਥਾਪਿਤ ਦ੍ਰਿਸ਼ਟ ਜਾਂ ਅਦ੍ਰਿਸ਼ਟ ਸੰਬੰਧਾਂ ਦੇ ਅਧਿਐਨ ਲਈ 'ਜੀਵ ਵਿਗਿਆਨ' ਖੇਤਰ ਦੇ ਅੰਤਰਗਤ ਇਕ ਨਵਾਂ ਵਿਸ਼ਾ ਉਭਰ ਕੇ ਸਾਹਮਣੇ ਆਇਆ ਹੈ। ਜਿਸ ਨੂੰ ਅੰਗਰੇਜ਼ੀ ਵਿਚ 'ਇਕਾਲੋਜੀ' ਅਤੇ ਪੰਜਾਬੀ ਵਿਚ 'ਪਰਸਥਿਤੀ ਵਿਗਿਆਨ' ਕਿਹਾ ਜਾਂਦਾ ਹੈ। ਡਾ. ਤਰਲੋਚਨ ਸਿੰਘ ਲਿਖਦੇ ਹਨ ਕਿ "ਭਾਵੇਂ ਇਕਾਲੋਜੀ ਸ਼ਬਦ ਨੂੰ ਪੰਜਾਬੀ ਜਾਂ ਹਿੰਦੀ ਭਾਸ਼ਾ ਵਿਚ 'ਪ੍ਰਸਥਿਤੀ ਵਿਗਿਆਨ' ਦਾ ਨਾਂ ਦਿੱਤਾ ਗਿਆ ਹੈ, ਪਰ ਇਹ ਨਾਂ ਅਰਥ ਭਰਪੂਰ ਨਹੀਂ ਲਗਦਾ। ਇਸ ਲਈ ਜੇਕਰ ਇਕਾਲੋਜੀ ਸ਼ਬਦ ਨੂੰ ਅਪਣਾ ਲਿਆ ਜਾਵੇ ਤਾਂ ਕੋਈ ਹਰਜ ਵਾਲੀ ਗੱਲ ਨਹੀਂ। ਇਹ ਨਿੱਕਾ ਸ਼ਬਦ ਬੜੀ ਅਸਾਨੀ ਨਾਲ ਸਾਡੀ ਵਿਗਿਆਨਕ ਸ਼ਬਦਾਵਲੀ ਵਿਚ ਸਮਾ ਸਕਦਾ ਹੈ। ਕਾਦਰ, ਕੁਦਰਤ, ਜੀਵ, ਜੀਵਨ ਅਤੇ ਇਕਾਲੋਜੀ ਵਿਚ ਕੁਝ ਅਨੁਪ੍ਰਾਸ ਜਿਹਾ ਮਹਿਸੂਸ ਵੀ ਹੁੰਦਾ ਹੈ।"[11]

ਇਕਾਲੋਜੀ ਸ਼ਬਦ ਗਰੀਕ ਸ਼ਬਦਾਂ ਆਈਕੋਸ ਅਤੇ ਲੋਗੋਸ ਤੋਂ ਮਿਲ ਕੇ ਬਣਿਆ ਹੈ।

---

9 ਡੀ. ਪੀ. ਸਿੰਘ, *ਧਰਮ ਅਤੇ ਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011, ਪੰਨਾ 36.

10 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 46.

11 ਤਰਲੋਚਨ ਸਿੰਘ, *ਵਾਤਾਵਰਣ: ਦਰਪੇਸ਼ ਸਮੱਸਿਆਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 19.

ਆਈਕੋਸ ਦਾ ਅਰਥ 'ਰਹਿਣ ਦਾ ਸਥਾਨ' (Habitation) ਅਤੇ ਲੋਗੋਸ ਦਾ ਅਰਥ 'ਅਧਿਐਨ' ਜਾਂ 'ਜਾਣਨਾ' ਹੈ। ਇਹਨਾਂ ਦੋਵਾਂ ਸ਼ਬਦਾਂ ਦੇ ਮੇਲ ਤੋਂ ਇਕਾਲੋਜੀ ਸ਼ਬਦ ਉਤਪੰਨ ਹੋਇਆ ਜਿਸ ਦਾ ਅਰਥ ਉਸ ਕਿਸੇ ਵੀ ਹਾਲਾਤ ਜਾਂ ਪਰਸਥਿਤੀ ਬਾਰੇ ਜਾਣਨਾ ਹੈ, ਜਿਥੇ ਅਸੀਂ ਰਹਿ ਰਹੇ ਹਾਂ।[12]

*International Encyclopaedia of the Social Sciences* ਅਨੁਸਾਰ ਇਕਾਲੋਜੀ ਸ਼ਬਦ ਦੀ ਜੜ੍ਹ ਗਰੀਕ ਸ਼ਬਦ ਆਈਕੋਸ 'oikos' ਹੈ, ਜਿਸ ਦਾ ਅਰਥ 'ਨਿਵਾਸ ਸਥਾਨ' ਹੈ। ਇਹ ਸ਼ਬਦ 19ਵੀਂ ਸਦੀ ਦੇ ਅਖੀਰ ਵਿਚ ਜੀਵ ਅਤੇ ਬਨਸਪਤੀ ਵਿਗਿਆਨੀਆਂ ਦੁਆਰਾ ਸਜੀਵਾਂ ਦੇ ਵਾਤਾਵਰਨ ਵਿਚ ਰਹਿਣ ਦੇ ਢੰਗ ਦਾ ਅਧਿਐਨ ਕਰਨ ਨਾਲ ਹੋਂਦ ਵਿਚ ਆਇਆ।[13]

*The New Encyclopaedia of Britannica* ਅਨੁਸਾਰ 'ਇਕਾਲੋਜੀ ਜੀਵ ਦੇ ਉਸ ਦੇ ਚੁਗਿਰਦੇ ਨਾਲ ਸਥਾਪਿਤ ਸੰਬੰਧਾਂ ਦਾ ਅਧਿਐਨ ਹੈ'।[14]

ਜੀਵ ਦੇ ਰਹਿਣ ਸਥਾਨ ਵਿਚਲੀਆਂ ਵਸਤਾਂ ਨਾਲ ਸਥਾਪਿਤ ਸੰਬੰਧਾਂ ਦੇ ਅਧਿਐਨ ਨੂੰ ਚੁਗਿਰਦਾ ਬੋਧ ਜਾਂ ਇਕਾਲੋਜੀ ਕਿਹਾ ਜਾਂਦਾ ਹੈ। ਤ੍ਰਿਲੋਚਨ ਸਿੰਘ ਨੇ ਇਕਾਲੋਜੀ ਦੇ ਅਰਥ ਇਸ ਤਰ੍ਹਾਂ ਸਪਸ਼ਟ ਕੀਤੇ ਹਨ, "ਇਸ ਸ਼ਬਦ ਦਾ ਮੁੱਢ ਯੂਨਾਨੀ ਭਾਸ਼ਾ ਦੇ ਓਇਕੋਸ (Oikos) ਨਾਲ਼ ਜਾ ਰਲਦਾ ਹੈ ਜਿਸ ਦਾ ਅਰਥ ਹੈ, 'ਘਰ', 'ਘਰੋਗੀ' ਜਾਂ ਵਸੇਬੇ ਵਾਲੀ ਥਾਂ। ਇਸ ਤਰ੍ਹਾਂ ਇਕਾਲੋਜੀ ਜੀਵਾਂ ਦੇ 'ਆਪਣੇ ਘਰ ਵਿਚ ਰਹਿਣ' ਅਤੇ ਉਸ ਦੇ ਚੌਗਿਰਦੇ ਨੂੰ ਸਮਝਣ ਦਾ ਵਿਸ਼ਾ ਬਣਿਆ। ਪਹਿਲਾਂ-ਪਹਿਲ ਇਹ ਵੀ ਕਿਹਾ ਗਿਆ ਸੀ ਕਿ 'ਪ੍ਰਾਣੀ ਮੰਡਲ ਦੇ ਘਰ' ਭਾਵ ਪ੍ਰਿਥਵੀ ਅਧਿਐਨ ਨੂੰ ਹੀ ਇਕਾਲੋਜੀ ਕਹਿੰਦੇ ਹਨ। ਪ੍ਰਿਥਵੀ ਉਪਰ ਵਸਦਾ ਪ੍ਰਾਣੀ ਮੰਡਲ ਆਪਣੇ ਘਰ ਦੇ ਚੌਗਿਰਦੇ ਵਿਚ ਕਿਵੇਂ ਵਿਚਰ ਰਿਹਾ ਹੈ? ਉਸ ਦਾ ਚੌਗਿਰਦੇ ਸੰਗ ਕੀ ਨਾਤਾ ਹੈ? ਇਹ ਇਕ ਦੂਜੇ ਤੋਂ ਕਿਵੇਂ ਪ੍ਰਭਾਵਿਤ

---

12 राज कुमार शर्मा, *पर्यावरण समस्य और समाधान,* कल्पना प्रकाशन, दिल्ली, 2010, पृष्ठ 3.

13 "The term "Ecology" Which has its root in the Greek word oikos (Household or living place) came into use in the latter part of the nineteenth century in the works of zoologists and botanists to describe the study of the Ways in which organisms live in their environment."
Amos H. Hawley, 'Ecology', *International Encyclopaedia of the Social Sciences, Vol.4,* Ed. Davied l. Sills, The Macmillan Company & The Free Press, America, 1968, p. 328.

14 "Study of the relationships between organisms and their environment"
*The New Encyclopaedia of Britannica, Vol. 4*, *Encyclopaedia Britannica*, Chicago, 15th ed, 1994, p. 354.

ਹੁੰਦੇ ਹਨ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਇਕਾਲੋਜੀ ਪਾਸੋਂ ਪੁੱਛੇ ਜਾਂਦੇ ਰਹੇ ਹਨ। ਇੰਜ ਕਹਿ ਲਵੋ ਕਿ ਇਕਾਲੋਜੀ ਪ੍ਰਾਣੀ ਦੇ ਵਾਤਾਵਰਨ ਨਾਲ਼ ਪਰਸਪਰ ਸੰਬੰਧਾਂ ਨੂੰ ਦਰਸਾਉਣ ਵਾਲਾ ਗਿਆਨ ਬਣਿਆ ਰਿਹਾ ਹੈ।"[15]

Eugene P Odum ਦੇ ਅਨੁਸਾਰ ਇਕਾਲੋਜੀ ਕੁਦਰਤ ਦੇ ਕੰਮਾਂ ਅਤੇ ਢਾਂਚੇ ਦਾ ਅਧਿਐਨ ਹੈ, ਜਿਸ ਵਿਚ ਪੌਦੇ, ਪਸ਼ੂ, ਸੂਖਮ ਜੀਵ ਅਤੇ ਮਨੁੱਖੀ ਜੀਵ ਦੀ ਆਪਸੀ ਨਿਰਭਰਤਾ ਹੈ।[16]

ਇਕਾਲੋਜੀ ਸ਼ਬਦ Ernst Hachel ਵਲੋਂ ਉਨ੍ਹੀਵੀਂ ਸਦੀ ਵਿਚ ਚੁਗਿਰਦੇ ਅਤੇ ਜੀਵਾਂ ਦੇ ਆਪਸੀ ਸੰਬੰਧਾਂ ਨੂੰ ਜਾਣਨ ਲਈ ਵਰਤਿਆ ਗਿਆ ਸੀ। ਗੁਰਬਚਨ ਸਿੰਘ ਬਚਨ ਅਨੁਸਾਰ 1858ਈ. ਵਿਚ Henery Thoreau ਨੇ ਇਸ ਸ਼ਬਦ ਨੂੰ ਵਰਤਿਆ ਸੀ ਪਰ ਪਰਿਭਾਸ਼ਿਤ ਨਹੀਂ ਕੀਤਾ। Ernst Hachel ਵਲੋਂ 1869 ਈ. ਵਿਚ ਇਸ ਸ਼ਬਦ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਗਿਆ ਕਿ ਇਹ ਜੀਵਾਂ ਦੇ ਜੈਵਿਕ ਅਤੇ ਅਜੈਵਿਕ ਵਾਤਾਵਰਨ ਦੇ ਸੰਬੰਧਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ।[17] ਕੁਝ ਵਿਦਵਾਨਾਂ ਦਾ ਕਥਨ ਹੈ ਕਿ ਇਹਨਾਂ ਭੌਤਿਕ ਵਿਗਿਆਨੀਆਂ ਤੋਂ ਪਹਿਲਾਂ ਵੀ ਚੁਗਿਰਦੇ ਅਤੇ ਜੀਵਾਂ ਦੇ ਆਪਸੀ ਸੰਬੰਧ ਜ਼ਾਹਿਰ ਕਰਨ ਲਈ ਕਈ ਸਮਾਨ-ਅਰਥੀ ਨਾਂਵਾਂ ਦਾ ਪ੍ਰਯੋਗ ਕੀਤਾ ਗਿਆ ਸੀ। ਮਨੋਜ ਕੁਮਾਰ ਅਨੁਸਾਰ ਆਈਸੋਡਰ ਜਿਉਰਰਫਰਾਏ ਸੇਂਟ ਹਿਲੇਅਰ, ਜੈਵ ਵਾਸਿਕੀ ਅਤੇ ਬ੍ਰਿਟਿਸ਼ ਸੇਂਟ ਜਾਰਜ ਜੈਕਸਨ ਮਿਵਾਰਟ ਆਦਿ ਵਲੋਂ 1859 ਈ. ਵਿਚ 'ਹੈਕਸੀਕਾਲੋਜੀ' ਸ਼ਬਦ ਵਰਤਿਆ ਗਿਆ ਸੀ।[18] ਪਰ *World University Encyclopaedia* ਅਨੁਸਾਰ ਇਕਾਲੋਜੀ ਵੱਖਰੇ ਵਿਸ਼ੇ ਦੇ ਤੌਰ ਤੇ ਇਹਨਾਂ ਤੋਂ ਵੀ ਪਹਿਲਾਂ 1749 ਈ. ਵਿਚ

---

15 ਤ੍ਰਿਲੋਚਨ ਸਿੰਘ, *ਵਾਤਾਵਰਣ: ਦਰਪੇਸ਼ ਸਮੱਸਿਆਵਾਂ,* ਪੰਨਾ 20.

16 Eugene P| Odum, *Ecology,* Norosa Publishing House, New Delhi, 2002, pp. 3-4.

17 "Henery Thoreau used this word as such in 1858 but he did not define it, In 1869 Ernst Hachel defined it as total relations of the animals to both its organic and inorganic environment" Gurbachan Singh Bachan, *Guru Nanak and Ecology,* Guru Nanak Dev University, Amritsar, 2004, p. 24.

18 मनोज कुमार, *पर्यावरण और पारिस्थितिकी,* प्रियका प्रकाशन, दिल्ली, 2009, पृष्ठ 1.

Georges de Boffon ਦੀਆਂ ਲਿਖਤਾਂ ਨਾਲ ਸ਼ੁਰੂ ਹੋਇਆ ਹੈ।[19]

ਜੇਕਰ ਚੁਗਿਰਦਾ ਬੋਧ ਦਾ ਪਿਛੋਕੜ ਵੇਖੀਏ ਤਾਂ ਪਤਾ ਚਲਦਾ ਹੈ ਕਿ ਯੂਨਾਨੀ ਫ਼ਿਲਾਸਫ਼ਰ ਅਰਸਤੂ ਦੇ ਨਾਲ ਸੰਬੰਧਿਤ ਪੁਸਤਕਾਂ ਵਿਚ ਵੀ ਜੀਵ ਵਿਗਿਆਨ ਵਿਸ਼ਾ ਸ਼ਾਮਿਲ ਹੈ। ਜਿਸ ਵਿਚ ਉਸ ਨੇ ਆਪਣੇ ਇਕ ਮਿੱਤਰ ਅਤੇ ਸ਼ਰਧਾਲੂ ਥੀਓਫਰੇਸਟਸ ਨਾਲ ਆਪਣੀਆਂ ਪੁਸਤਕਾਂ ਵਿਚ ਜੀਵਾਂ ਦੇ ਆਪਸੀ ਅਤੇ ਆਲੇ-ਦੁਆਲੇ ਦੇ ਇਕ ਦੂਜੇ ਉਤੇ ਪੈਂਦੇ ਪ੍ਰਭਾਵਾਂ ਦੀ ਵਿਆਖਿਆ ਕੀਤੀ ਹੈ। ਜਿਸ ਆਧਾਰ ਉਪਰ ਹੀ ਇਕਾਲੋਜੀ ਦੀ ਨੀਂਹ ਰੱਖੀ ਗਈ ਮੰਨੀ ਜਾਂਦੀ ਹੈ।[20] ਮੁੱਖ ਰੂਪ ਵਿਚ ਚੁਗਿਰਦਾ ਬੋਧ (ਇਕਾਲੋਜੀ) ਸ਼ਬਦ ਦਾ ਸੰਬੰਧ ਜੀਵ ਵਿਗਿਆਨ ਨਾਲ ਹੈ। ਹਰ ਉਹ ਚੀਜ਼ ਇਕਾਲੋਜੀ ਦਾ ਹਿੱਸਾ ਹੈ, ਜਿਹੜੀ ਕਿ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ।

ਇਕਾਲੋਜੀ ਦਾ ਵਰਗੀਕਰਨ ਦੋ ਭਾਗਾਂ, ਇਕਾਂਗੀ ਪਰਿਸਥਿਤੀ ਵਿਗਿਆਨ (autecology) ਅਤੇ ਸੰਪੂਰਨ ਪਰਿਸਥਿਤੀ ਵਿਗਿਆਨ (synecology) ਵਿਚ ਕੀਤਾ ਜਾਂਦਾ ਹੈ। ਜਿਹਨਾਂ ਰਾਹੀਂ ਕਿਸੇ ਜੀਵ ਦੇ ਨਿਵਾਸ ਸਥਾਨ ਨਾਲ ਸਥਾਪਿਤ ਵਿਅਕਤੀਗਤ ਜਾਂ ਜਾਤੀਗਤ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ।[21]

ਮੌਜੂਦਾ ਸਮੇਂ ਦੌਰਾਨ ਮਨੁੱਖ ਦੇ ਚੁਗਿਰਦੇ ਨਾਲ ਸਥਾਪਿਤ ਡੂੰਘੇ ਅਤੇ ਅਧਿਆਤਮਕ ਸੰਬੰਧਾਂ ਦੇ ਅਧਿਐਨ ਲਈ ਇਕ ਨਵਾਂ ਸ਼ਬਦ ਹੋਂਦ ਵਿਚ ਆਇਆ ਜਿਸ ਨੂੰ Deep Ecology ਕਿਹਾ ਜਾਂਦਾ ਹੈ। ਇਹ ਪਰਿਸਥਿਤੀ ਵਿਗਿਆਨ ਗੈਰ ਮਨੁੱਖੀ ਚੀਜ਼ਾਂ ਦੇ ਹੱਕ ਦੀ ਵੀ ਪ੍ਰੋੜ੍ਹਤਾ ਕਰਦੀ ਹੈ। ਚੁਗਿਰਦੇ ਦੇ ਡੂੰਘੇ ਅਧਿਐਨ ਨਾਲ ਸੰਬੰਧਿਤ ਇਸ ਸ਼ਬਦ Deep Ecology ਨੂੰ ਨਾਰਵੇ ਦੇ ਫ਼ਿਲਾਸਫ਼ਰ Arne Naess ਨੇ 1970 ਈ. ਵਿਚ ਸਕੈਂਡਨੇਵੀਆ ਵਿਖੇ ਆਪਣੇ ਇਕ ਸਾਥੀ ਸਿੰਗਮੰਡ

---

19 "Ecology as a distinct science began in 1749 with the writings of Georges de Buffon on the relations of animals to environment."
*World University Encyclopaedia,* Vol 5, Books Inc, New York, 1968, p.1662.

20 ਤਰਲੋਚਨ ਸਿੰਘ, *ਵਾਤਾਵਰਨ:ਦਰਪੇਸ਼ ਸਮੱਸਿਆਵਾਂ,* ਪੰਨੇ 20-21.

21 "General ecology is further divided into *autecology* and *synecology* which are concerned, respectively, with habitat condition in relation to a single animal or plant species, or a community of species."
*World University Encyclopaedia,* Vol 5, p.1662.

ਦੀ ਸਹਾਇਤਾ ਨਾਲ ਜੋੜਿਆ। Arne Naess ਅਤੇ ਉਸ ਦੇ ਸਾਥੀ ਨੂੰ ਹਿਮਾਲਿਆ ਦੀ ਯਾਤਰਾ ਸਮੇਂ ਪਤਾ ਲਗਾ ਸੀ ਕਿ ਹਿਮਾਲਿਆ ਦਾ 'ਸ਼ੇਰਪਾ' ਸਮਾਜ ਕੁਝ ਖ਼ਾਸ ਪਰਬਤਾਂ ਨੂੰ ਪਵਿੱਤਰ ਮੰਨ ਕੇ ਇਹਨਾਂ ਉਤੇ ਨਹੀਂ ਜਾਂਦਾ। ਇਹਨਾਂ ਤੋਂ ਇਲਾਵਾ ਸਮਾਜ ਵਿਚ ਕੁਝ ਹੋਰ ਵੀ ਅਜਿਹੇ ਕਬੀਲੇ ਹਨ, ਜਿਹੜੇ ਦਰਖ਼ਤਾਂ ਜਾਂ ਹੋਰ ਗੈਰ ਮਨੁੱਖੀ ਜਾਨਦਾਰ ਚੀਜ਼ਾਂ ਪ੍ਰਤੀ ਨੈਤਿਕਤਾ ਪੂਰਨ ਰਵਈਆ ਅਖ਼ਤਿਆਰ ਕਰ ਕੇ ਉਹਨਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ। Arne Naess ਨੂੰ 'ਸ਼ੇਰਪਾ ਸਮਾਜ' ਜਾਂ ਹੋਰ ਕਬੀਲਿਆਂ ਦਾ ਇਹ ਫ਼ੈਸਲਾ ਕੁਦਰਤ ਪ੍ਰਤੀ ਸਤਿਕਾਰ ਵਧਾਉਂਦਾ ਪ੍ਰਤੀਤ ਹੋਇਆ।

ਵਿਦਵਾਨ Arne Naess ਨੇ ਚੁਗਿਰਦੇ ਨੂੰ ਜਾਣਨ ਸੰਬੰਧੀ ਦੋ ਸ਼ਬਦ ਜੋੜੇ ਜਿਹਨਾਂ ਵਿਚੋਂ ਇਕ ਨੂੰ Shallow Ecology ਅਤੇ ਦੂਜੀ ਨੂੰ Deep Ecology ਦਾ ਨਾਂ ਦਿੱਤਾ ਗਿਆ। Shallow Ecology ਮਨੁੱਖੀ ਹਿੱਤਾਂ ਨੂੰ ਮੁੱਖ ਰਖ ਕੇ ਕੁਦਰਤੀ ਸੋਮਿਆਂ ਦੀ ਘਾਟ ਦੇ ਵਿਰੋਧ ਵਿਚ ਉਠੀ ਲਹਿਰ ਹੈ। ਜਦੋਂ ਕਿ Deep Ecology ਅਨੁਸਾਰ ਸਾਰੀ ਕੁਦਰਤ ਇਕ ਸੂਤਰ ਵਿਚ ਪਰੋਈ ਹੋਈ ਹੈ, ਮਨੁੱਖਾ ਜੀਵਨ ਇਸ ਦਾ ਇਕ ਹਿੱਸਾ ਹੈ। Deep Ecology ਅਨੁਸਾਰ ਚੁਗਿਰਦੇ ਵਿਚਲੀਆਂ ਚੀਜ਼ਾਂ ਨਾ ਕੇਵਲ ਮਨੁੱਖੀ ਵਰਤੋਂ ਵਿਚ ਆਉਣ ਕਾਰਨ ਜ਼ਰੂਰੀ ਹੈ ਸਗੋਂ ਇਹਨਾਂ ਦੀ ਆਪਣੀ ਵੱਖਰੀ ਹੋਂਦ ਹੈ। ਦਿਨੇਸ਼ ਚੰਦਰ ਸ੍ਰੀਵਾਸਤਵ ਅਨੁਸਾਰ 1973 ਵਿਚ ਨਾਰਵੇ ਦੇ ਵਿਦਵਾਨ Arne Naess ਵਲੋਂ ਇਕ ਲੇਖ ਲਿਖਿਆ ਗਿਆ ਸੀ। ਜਿਸ ਵਿਚ Deep Ecology ਅਤੇ Shallow Ecology ਵਿਚ ਫ਼ਰਕ ਦਸਿਆ ਗਿਆ ਸੀ। Shallow Ecology ਦੀ ਪਹੁੰਚ ਅਨੁਸਾਰ ਵਾਤਾਵਰਨ ਸੰਬੰਧੀ ਸਮੱਸਿਆਵਾਂ ਦੀਆਂ ਧਾਰਨਾਵਾਂ ਮਨੁੱਖ ਕੇਂਦਰਿਤ ਹਨ। Shallow Ecology ਕੁਦਰਤੀ ਸਰੋਤਾਂ ਜਾਂ ਵਾਤਾਵਰਨ ਦੀ ਸਾਂਭ ਸੰਭਾਲ ਨੂੰ ਮਨੁੱਖੀ ਵਰਤੋਂ ਲਈ ਜਾਰੀ ਰਹਿਣ ਦੇ ਕਾਰਨ ਬੜ੍ਹਾਵਾ ਦਿੰਦੀ ਹੈ ਪ੍ਰੰਤੂ Deep Ecology ਅਨੁਸਾਰ ਕੁਦਰਤੀ ਚੁਗਿਰਦਾ ਜਾਂ ਉਸ ਦੀ ਹਰ ਚੀਜ਼ ਇਸ ਲਈ ਸਾਂਭ ਸੰਭਾਲ ਦੇ ਯੋਗ ਹੈ ਕਿਉਂਕਿ ਇਸ ਦੀ ਮਨੁੱਖਤਾ ਲਈ ਉਪਯੋਗਤਾ ਤੋਂ ਇਲਾਵਾ ਆਪਣੀ ਵੀ ਇਕ

ਹੋਂਦ ਹੈ।[22]

ਉਪਰੋਕਤ ਅਨੁਸਾਰ ਜੀਵ ਦੇ ਚੁਫੇਰੇ ਪਸਰੀਆਂ ਪਰਿਸਥਿਤੀਆਂ ਜਾਂ ਹਾਲਾਤ, ਜਿਹੜੇ ਉਸ ਦੇ ਵਿਕਾਸ ਨੂੰ ਪ੍ਰਭਾਵਿਤ ਕਰਦੇ ਹਨ, ਇਹਨਾਂ ਸਭ ਤੱਤਾਂ ਦਾ ਰਲਵਾਂ-ਮਿਲਵਾਂ ਰੂਪ ਜੀਵ ਦਾ ਚੁਗਿਰਦਾ ਅਖਵਾਉਂਦਾ ਹੈ। ਮਨੁੱਖੀ ਚੁਗਿਰਦੇ ਨੂੰ ਮੁੱਖ ਤੌਰ ਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ:

1. **ਭੌਤਿਕ ਚੁਗਿਰਦਾ**
2. **ਸਮਾਜਿਕ ਚੁਗਿਰਦਾ**
3. **ਮਾਨਸਿਕ ਚੁਗਿਰਦਾ**

**1. ਭੌਤਿਕ ਚੁਗਿਰਦਾ**: ਇਹ ਪੂਰਨ ਤੌਰ ਤੇ ਕੁਦਰਤੀ ਸਥਿਤੀਆਂ ਅਤੇ ਪਰਿਸਥਿਤੀਆਂ ਦਾ ਸੁਮੇਲ ਹੁੰਦਾ ਹੈ। ਜੀਵ ਦੇ ਆਸ-ਪਾਸ ਦਾ ਸਾਰਾ ਸਜੀਵ ਅਤੇ ਨਿਰਜੀਵ, ਜੈਵਿਕ ਅਤੇ ਅਜੈਵਿਕ ਆਲ਼ਾ-ਦੁਆਲ਼ਾ, ਜਿਸ ਦੇ ਸਾਰੇ ਤੱਤ ਇਕ ਦੂਸਰੇ ਤੋਂ ਅੰਤਰ ਪ੍ਰਭਾਵਿਤ ਹੁੰਦੇ ਹਨ, ਉਸ ਦਾ ਚੁਗਿਰਦਾ ਕਹਾਉਂਦਾ ਹੈ। ਇਹ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਅਤੇ ਜੁੱਲੀ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ ਸਗੋਂ ਉਸ ਦੀਆਂ ਰਹੁ ਰੀਤਾਂ ਅਤੇ ਆਦਤਾਂ ਨਾਲ਼ ਸੰਬੰਧਿਤ ਵਿਸ਼ਵਾਸਾਂ ਉਤੇ ਵੀ ਆਪਣਾ ਅਸਰ ਛਡਦਾ ਹੈ। ਇਸ ਦੇ ਦੋਵੇਂ ਮੁੱਖ ਤੱਤ, ਧਰਾਤਲ ਤੇ ਜਲਵਾਯੂ ਮਨੁੱਖ ਦੀ ਰਹਿਤਲ-ਬਹਿਤਲ ਅਤੇ ਆਰਥਿਕ ਧੰਦਿਆਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਸ ਨੂੰ ਚਾਰ ਮੁੱਖ ਭਾਗਾਂ ਵਾਯੂ-ਮੰਡਲ, ਜਲ-ਮੰਡਲ, ਥਲ-ਮੰਡਲ ਅਤੇ ਜੀਵ-ਮੰਡਲ ਵਿਚ ਵੰਡਿਆ ਜਾਂਦਾ ਹੈ।

---

[22] "In 1973 an article of the Norwegian philosopher Arne Naess sought to distinguish between 'deep' and 'shallow' ecologies. Whereas, 'shallow' approaches to environmental problems are Anthropocentric, in that they concerned only with the detrimental impacts on human well-being and promote conservation, only with a view to securing the maintenance of naturel resources for continued human consumption, 'Deep' environmental ethicists propose that the natural environment or at least parts of it, is worthy of protection, because it has an independent value regardless of its usefulness to humanity."

Dinesh Chandra Srivastava, 'Deep Ecological consciousness and pratityasamutpada', *Ecological Perspectives in Buddhism*, Ed. K.C. Pandey, Read worthy, New Delhi, 2007, pp. 245-46.

**(ੳ) ਵਾਯੂ-ਮੰਡਲ:** ਵਾਯੂ-ਮੰਡਲ ਵਿਚ ਅਨੇਕ ਪ੍ਰਕਾਰ ਦੀਆਂ ਗੈਸਾਂ ਅਤੇ ਹੋਰ ਧੂੜ ਕਣ ਸ਼ਾਮਿਲ ਹਨ। ਇਹ ਧਰਤੀ ਦੀ ਸਤ੍ਹਾ ਤੋਂ ਲਗ-ਪਗ 1300 ਕਿ.ਮੀ. ਦੀ ਉਚਾਈ ਤੱਕ ਫੈਲਿਆ ਹੋਇਆ ਹੈ। ਵਾਯੂ-ਮੰਡਲ ਵਿਚ ਮੁੱਖ ਰੂਪ ਵਿਚ ਨਾਈਟਰੋਜਨ ਗੈਸ 78.09% ਅਤੇ ਆਕਸੀਜਨ 20.94% ਹੁੰਦੀ ਹੈ। ਇਹਨਾਂ ਤੋਂ ਇਲਾਵਾ ਇਸ ਮੰਡਲ ਵਿਚ ਕਾਰਬਨ ਡਾਈਆਕਸਾਈਡ, ਹੀਲੀਅਮ, ਆਰਗਨ, ਹਾਈਡਰੋਜਨ ਆਦਿ ਗੈਸਾਂ ਦੇ ਨਾਲ-ਨਾਲ ਹੋਰ ਕਾਰਬਨਿਕ ਅਤੇ ਅਕਾਰਬਨਿਕ ਗੈਸਾਂ ਵੀ ਸ਼ਾਮਿਲ ਹਨ।

**(ਅ) ਜਲ-ਮੰਡਲ:** ਜਲ-ਮੰਡਲ ਵਿਚ ਸਮੁੰਦਰ, ਨਦੀਆਂ-ਨਾਲੇ, ਧਰੁਵੀ-ਖੇਤਰ, ਝੀਲਾਂ ਆਦਿ ਸ਼ਾਮਿਲ ਹਨ। ਠੋਸ, ਦ੍ਰਵ ਅਤੇ ਗੈਸ ਤਿੰਨ ਤਰ੍ਹਾਂ ਦੇ ਜਲ ਸੰਗ੍ਰਹਿ ਨੂੰ ਜਲ-ਮੰਡਲ ਕਿਹਾ ਜਾਂਦਾ ਹੈ। ਪੂਰੀ ਧਰਤੀ ਦਾ ਲਗ-ਪਗ 70% ਹਿੱਸਾ ਪਾਣੀ ਨਾਲ਼ ਢਕਿਆ ਹੋਇਆ ਹੈ। ਜਿਸ ਵਿਚੋਂ 97% ਮਹਾਂਸਾਗਰਾਂ ਵਿਚ ਅਤੇ 2% ਧਰੁਵੀ ਖੇਤਰਾਂ ਜਾਂ ਹਿਮ ਨਦੀਆਂ ਦੇ ਰੂਪ ਵਿਚ ਮਿਲਦਾ ਹੈ। ਧਰਤੀ ਉਤੇ ਪੀਣ ਵਾਲੇ ਪਾਣੀ ਦੇ ਸਰੋਤ 1% ਤੋਂ ਵੀ ਘੱਟ ਹਨ।

**(ੲ) ਥਲ-ਮੰਡਲ:** ਥਲ-ਮੰਡਲ ਵਿਚ ਮਿੱਟੀ ਅਤੇ ਹੋਰ ਕਠੋਰ ਤੱਤ ਸ਼ਾਮਿਲ ਹਨ। ਥਲ ਰੂਪ ਵਿਚ ਮਹਾਂਦੀਪ, ਪਹਾੜ, ਪਠਾਰ, ਮੈਦਾਨੀ ਧਰਤੀ ਦਾ ਉਪਰਲਾ ਭਾਗ ਮੈਟਲ, ਸਿਆਲ (ਸਿਲੇਸ਼ੀਆ ਅਤੇ ਐਲੂਮੀਨੀਅਮ) ਆਦਿ ਹਨ ।

**(ਸ) ਜੀਵ-ਮੰਡਲ:** ਜੀਵ-ਮੰਡਲ ਵਿਚ ਗਤੀਸ਼ੀਲ ਅਤੇ ਅਚਰ ਜੀਵ ਹੁੰਦੇ ਹਨ। ਗਤੀਸ਼ੀਲ ਜੀਵਾਂ ਵਿਚ ਮਨੁੱਖ, ਪਸ਼ੂ, ਪੰਛੀ ਅਤੇ ਸੂਖਮਦਰਸ਼ੀ ਜੀਵ ਜਿਹਨਾਂ ਵਿਚ ਬੈਕਟੀਰੀਆ, ਪ੍ਰੋਟੋਜ਼ੋਆ, ਵਾਇਰਸ ਆਦਿ ਆ ਜਾਂਦੇ ਹਨ। ਅਚਰ ਜੀਵਾਂ ਵਿਚ ਬਨਸਪਤੀ ਸ਼ਾਮਿਲ ਹੈ।

ਇਹਨਾਂ ਸਭ ਮੰਡਲਾਂ ਦਾ ਸੰਗਠਿਤ ਰੂਪ ਕਿਸੇ ਵੀ ਚੀਜ਼ ਦਾ ਭੌਤਿਕ ਚੁਗਿਰਦਾ ਕਹਾਉਂਦਾ ਹੈ। ਇਹ ਉਹਨਾਂ ਪਰਿਸਥਿਤੀਆਂ ਦਾ ਨਿਰਮਾਣ ਕਰਦਾ ਹੈ, ਜਿਸ ਨਾਲ ਸਜੀਵ ਚੀਜ਼ਾਂ ਦਾ ਵਿਕਾਸ ਸੰਭਵ ਹੋ ਸਕੇ।

**2. ਸਮਾਜਿਕ ਚੁਗਿਰਦਾ:** ਸਮਾਜਿਕ ਚੁਗਿਰਦੇ ਨੂੰ ਆਮ ਸ਼ਬਦਾਂ ਵਿਚ 'ਮਾਹੌਲ' ਕਿਹਾ ਜਾਂਦਾ ਹੈ,

ਇਸ ਨੂੰ ਸਿਰਜਣ ਵਿਚ ਮਨੁੱਖ ਦਾ ਹੱਥ ਹੁੰਦਾ ਹੈ। ਸਮਾਜਿਕ ਚੁਗਿਰਦਾ, ਭੌਤਿਕ ਚੁਗਿਰਦੇ ਦੇ ਆਧਾਰ ਉਤੇ ਉਸਾਰੀ ਮਨੁੱਖੀ ਕ੍ਰਿਤ ਹੁੰਦਾ ਹੈ। ਸਮਾਜਿਕ ਚੁਗਿਰਦੇ ਵਿਚ ਮਨੁੱਖ ਦੇ ਖਾਣ-ਪੀਣ, ਰਹਿਣ-ਸਹਿਣ ਜਾਂ ਸਰੀਰਕ ਵਿਕਾਸ ਤੋਂ ਇਲਾਵਾ ਰਾਜਨੀਤਕ, ਧਾਰਮਿਕ, ਦਾਰਸ਼ਨਿਕ, ਆਰਥਿਕ ਹਾਲਾਤ ਅਤੇ ਰੀਤੀ ਰਿਵਾਜ ਸ਼ਾਮਿਲ ਹੁੰਦੇ ਹਨ। ਇਹਨਾਂ ਸਾਰੇ ਤੱਤਾਂ ਦਾ ਸੁਮੇਲ ਹੀ ਸਭਿਆਚਾਰ ਕਹਾਉਂਦਾ ਹੈ।

ਸਭਿਆਚਾਰ ਮਨੁੱਖ ਨੂੰ ਆਪਣੇ ਪੂਰਵਜਾਂ ਤੋਂ ਮਿਲੀ ਅਜਿਹੀ ਵਿਰਾਸਤ ਹੁੰਦੀ ਹੈ, ਜਿਹੜੀ ਕਿ ਉਹਨਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਕੁਦਰਤੀ ਹਾਲਾਤ ਨੂੰ ਢਾਲਣ ਜਾਂ ਕੁਦਰਤ ਦੇ ਅਨੁਸਾਰ ਆਪਣੇ ਆਪ ਨੂੰ ਢਲਣ ਤੋਂ ਪ੍ਰਾਪਤ ਹੋਈ ਹੁੰਦੀ ਹੈ। ਇਹਨਾਂ ਸਭ ਹਾਲਾਤਾਂ ਉਤੇ ਜੀਵ ਦੇ ਭੌਤਿਕ ਚੁਗਿਰਦੇ ਦਾ ਪ੍ਰਭਾਵ ਹੁੰਦਾ ਹੈ। ਸੁਰਜੀਤ ਸਿੰਘ ਭਾਟੀਆ ਅਨੁਸਾਰ "ਜਿਹੀ ਵਾਸੀ ਤਿਹੀ ਘਾਸੀ। ਮਨੁੱਖ ਕਈ ਪੀੜੀਆਂ ਤੋਂ ਆਪਣੇ ਇਲਾਕੇ ਦੀ ਕੁਦਰਤ ਅਤੇ ਉਸ ਦੇ ਪਰਿਵਰਤਨ ਨੂੰ ਅਪਣਾਉਂਦਾ, ਕਬੂਲਦਾ ਅਤੇ ਇਸ ਤੋਂ ਪ੍ਰਭਾਵਿਤ ਹੁੰਦਾ ਆਇਆ ਹੈ। ਹਰ ਮਨੁੱਖ ਦੀ ਜ਼ਿੰਦਗੀ ਵਿਚ ਉਸ ਦੇ ਪਰਿਆਵਰਨ ਦੇ ਲੱਛਣ, ਉਸ ਦੇ ਇੰਨੇ ਨੇੜੇ ਦੇ ਸੰਪਰਕ ਵਿਚ ਰਹਿੰਦੇ ਹਨ ਕਿ ਉਸ ਦੀ ਰਹਿਣੀ-ਬਹਿਣੀ, ਕਾਰ-ਵਿਹਾਰ, ਪਹਿਨਣ-ਖਾਣ, ਆਦਤਾਂ ਵਿਚ ਇਸ ਪਰਿਆਵਰਨ ਦੀ ਘਾਸੀ ਪੈ ਜਾਂਦੀ ਹੈ। ਵਾਸੀ ਦੀ ਇਹ ਘਾਸੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਸੁਭਾਵਿਕ ਹੀ ਵਿਰਸੇ ਵਿਚ ਮਿਲਦੀ ਰਹਿੰਦੀ ਹੈ ਤੇ ਪਰਪੱਕ ਹੁੰਦੀ ਜਾਂਦੀ ਹੈ। ਇਲਾਕੇ ਦੇ ਪਰਿਆਵਰਨ ਦੀ ਭੱਠੀ ਵਿਚ ਢਲੀਆਂ ਲੋਕਾਂ ਦੀਆਂ ਸਮੂਹਿਕ ਰੂਪ ਵਿਚ ਆਦਤਾਂ, ਪ੍ਰਥਾ, ਰਹਿਣੀ-ਬਹਿਣੀ ਤੇ ਵਰਤਣ-ਵਿਹਾਰ, ਉਨ੍ਹਾਂ ਦਾ ਸਾਂਝਾ ਆਚਰਨ ਹੋ ਨਿਬੜਦਾ ਹੈ। ਇਹੀ ਹੈ ਸਮਾਜ, ਸੰਸਕ੍ਰਿਤੀ ਤੇ ਸਭਿਆਚਾਰ।"[23] ਭੌਤਿਕ ਚੁਗਿਰਦੇ ਵਿਚ ਹੋਈ ਤਬਦੀਲੀ ਸਮਾਜਿਕ ਚੁਗਿਰਦੇ ਨੂੰ ਵੀ ਪ੍ਰਭਾਵਿਤ ਕਰਦੀ ਹੈ।

**3. ਮਾਨਸਿਕ ਚੁਗਿਰਦਾ:** ਮਾਨਸਿਕ ਚੁਗਿਰਦੇ ਵਿਚ ਮਨੁੱਖ ਦੇ ਮਾਨਸਿਕ ਹਾਲਾਤ (ਆਦਤਾਂ, ਭਾਵਨਾਵਾਂ, ਵਿਚਾਰਧਾਰਾਵਾਂ ਆਦਿ) ਸ਼ਾਮਿਲ ਹੁੰਦੇ ਹਨ। ਭੌਤਿਕ ਆਲ਼ਾ-ਦੁਆਲ਼ਾ ਮਨੁੱਖ ਦੀ

---

[23] ਸੁਰਜੀਤ ਸਿੰਘ ਭਾਟੀਆ, *ਸੂਰਜ ਏਕੋ ਰੁਤ ਅਨੇਕ*, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1979, ਪੰਨਾ 5.

ਮਾਨਸਿਕਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਭੌਤਿਕ ਚੁਗਿਰਦਾ ਮਨੁੱਖ ਦੇ ਰੀਤੀ ਰਿਵਾਜਾਂ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਅਨੁਸਾਰ ਮਨੁੱਖ ਦੀ ਮਾਨਸਿਕਤਾ ਘੜੀ ਜਾਂਦੀ ਹੈ।

**ਚੁਗਿਰਦਾ ਅਤੇ ਧਰਮ:**

ਪ੍ਰਾਚੀਨ ਮਨੁੱਖ ਨੇ ਜਦੋਂ ਆਪਣੇ ਚੁਗਿਰਦੇ ਦੇ ਰਹਸਾਂ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਉਸ ਦੀ ਆਪਣੀ ਹੋਂਦ ਅਤੇ ਚੁਗਿਰਦੇ ਨਾਲ ਸੰਬੰਧਿਤ ਪ੍ਰਸ਼ਨਾਂ ਦਾ ਬਹੁਤਾ ਸੰਬੰਧ ਧਰਮ ਨਾਲ ਸੀ। ਚੁਗਿਰਦੇ ਵਿਚ ਵਾਪਰਦੀਆਂ ਕੁਦਰਤੀ ਘਟਨਾਵਾਂ ਜਿਵੇਂ ਅਸਮਾਨੀ ਬਿਜਲੀ ਦਾ ਚਮਕਣਾ, ਬੱਦਲਾਂ ਦਾ ਗਰਜਣਾ ਅਤੇ ਮੀਂਹ ਪਿਛੋਂ ਅੰਬਰ ਵਿਚ ਅਚਨਚੇਤ ਸਤਰੰਗੀ ਪੀਂਘ ਦਾ ਪ੍ਰਗਟ ਹੋ ਜਾਣਾ ਆਦਿ ਨੂੰ ਵੇਖ ਮਨੁੱਖ ਹੈਰਾਨ ਪ੍ਰੇਸ਼ਾਨ ਹੋ ਜਾਂਦਾ ਸੀ। ਇਹਨਾਂ ਕੁਦਰਤੀ ਵਰਤਾਰਿਆਂ ਨੂੰ ਉਸ ਨੇ ਰੱਬ ਜਾਂ ਦੇਵੀ ਦੇਵਤਿਆਂ ਦੇ ਗੁਸੇ ਜਾਂ ਖ਼ੁਸ਼ੀ ਨਾਲ਼ ਜੋੜਿਆ। ਇਸ ਤਰ੍ਹਾਂ ਉਹ ਕਈ ਤਰ੍ਹਾਂ ਦੇ ਵਹਿਮਾਂ-ਭਰਮਾਂ, ਮਨੌਤਾਂ, ਜਾਦੂ-ਟੂਣਿਆਂ, ਕਰਾਮਾਤਾਂ ਅਤੇ ਸਜੀਵਤਾਵਾਦ ਸੰਬੰਧੀ ਵਿਚਾਰਾਂ ਦਾ ਧਾਰਨੀ ਹੋ ਗਿਆ। "ਪ੍ਰਾਚੀਨ ਮਨੁੱਖ ਦੇ ਧਰਮ ਦਾ ਵੱਡਾ ਭਾਗ ਸਾਰੀਆਂ ਦ੍ਰਿਸ਼ਟਮਾਨ ਕੁਦਰਤ ਦੀਆਂ ਵਸਤਾਂ ਨੂੰ ਪ੍ਰਸੰਨ ਕਰਨ ਦੀਆਂ ਵਿਧਾਂ ਭਾਲਣੀਆਂ ਸਨ। ਪ੍ਰਾਚੀਨ ਮਨੁੱਖ ਡਰ ਤੇ ਇੱਛਾ ਦੀ ਪੂਰਤੀ ਦੇ ਵਿਚਾਰ ਨਾਲ ਡਰਾਉਣੀਆਂ ਤੇ ਖੋਰੀ ਸ਼ਕਤੀਆਂ ਨੂੰ, ਜਿਹੜੀਆਂ ਕਿ ਉਸ ਦੇ ਆਲ਼ੇ-ਦੁਆਲ਼ੇ ਸਨ, ਮਨਾਉਣ ਲਈ ਕੁਦਰਤ ਨੂੰ ਧਿਆਉਂਦਾ ਸੀ।"[24] ਕੁਦਰਤ ਵਿਚ ਆਤਮਾ ਦੀ ਹੋਂਦ ਨੂੰ ਮੰਨ ਕੇ ਪ੍ਰਾਚੀਨ ਮਨੁੱਖ ਨੇ ਕੁਦਰਤੀ ਸ਼ਕਤੀਆਂ ਦੀ ਅਰਾਧਨਾ ਸ਼ੁਰੂ ਕੀਤੀ ਸੀ। ਉਸ ਨੇ ਕੁਦਰਤ ਪ੍ਰਤੀ ਇਸ ਪਿਆਰ ਅਤੇ ਸਤਿਕਾਰ ਨੂੰ ਜਿਸ ਰੂਪ ਵਿਚ ਪ੍ਰਗਟ ਕੀਤਾ, ਅਜੋਕਾ ਮਨੁੱਖ ਉਸ ਨੂੰ ਮੁੱਢਲਾ ਧਰਮ ਕਹਿੰਦਾ ਹੈ। ਕੁਦਰਤ, ਮਨੁੱਖ ਅਤੇ ਕਾਦਰ ਦੇ ਆਪਸੀ ਰਿਸ਼ਤੇ ਨੂੰ ਜੋੜਨ ਵਾਲੀ ਕੜੀ ਹੈ। ਕੁਦਰਤ ਮਨੁੱਖ ਨੂੰ ਜੀਵਨ ਪ੍ਰਦਾਨ ਕਰਦੀ ਹੈ ਅਤੇ ਧਰਮ ਮਨੁੱਖ ਨੂੰ ਜੀਵਨ-ਜਾਚ ਦਿੰਦਾ ਹੈ।

---

[24] ਗੁਰਬਚਨ ਸਿੰਘ ਤਾਲਿਬ (ਸੰਪਾ.), *ਧਰਮ ਦੀ ਉਤਪਤੀ ਤੇ ਵਿਕਾਸ,* ਅਨੁ. ਜਨਕ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 25.

ਧਰਮ ਦੇ ਅਰਥ ਨਿਯਮ, ਕਾਨੂੰਨ, ਫ਼ਰਜ਼, ਕਰਤੱਵ ਆਦਿ ਕੀਤੇ ਜਾਂਦੇ ਹਨ।[25] ਧਰਮ ਨੂੰ ਅੰਗਰੇਜ਼ੀ ਵਿਚ 'Religion' ਕਿਹਾ ਜਾਂਦਾ ਹੈ। ਇਹ ਸ਼ਬਦ ਲਾਤੀਨੀ ਭਾਸ਼ਾ ਦੇ ਦੋ ਸ਼ਬਦਾਂ 'ਰੀ' (Re) ਅਤੇ 'ਲਿਗੇਅਰ' (Ligre) ਤੋਂ ਬਣਿਆ ਹੈ। 'ਰੀ' ਦਾ ਅਰਥ ਹੈ ਦੁਬਾਰਾ ਜਾਂ ਪਿਛੋਂ (Again or Back) ਅਤੇ ਲਿਗੇਅਰ ਦੇ ਅਰਥ ਹੈ 'ਬੰਨ੍ਹਣਾ' ਇਸ ਤਰ੍ਹਾਂ ਸ਼ਾਬਦਿਕ ਅਰਥਾਂ ਵਿਚ ਧਰਮ ਦਾ ਮਤਲਬ ਹੈ 'ਦੁਬਾਰਾ ਬੰਨ੍ਹਣਾ'।[26]

ਹਰ ਬੋਲੀ ਵਿਚ 'ਧਰਮ' ਸ਼ਬਦ ਦੇ ਅਰਥਾਂ ਸੰਬੰਧੀ ਅਨਿਸ਼ਚਿਤਾ ਹੈ। ਮੈਕਸਮੂਲਰ ਅਨੁਸਾਰ ਅੰਗਰੇਜ਼ੀ ਬੋਲੀ ਵਿਚ 'ਧਰਮ' ਦਾ ਜੋ ਭਾਵ ਹੈ ਉਹ ਯਵਨ ਭਾਸ਼ਾ ਜਾਂ ਸੰਸਕ੍ਰਿਤ ਦੇ ਪ੍ਰਯਾਯਵਾਚੀ ਸ਼ਬਦਾਂ ਵਿਚ ਨਹੀਂ ਹੈ। ਲਾਤੀਨੀ ਸ਼ਬਦ religio ਵੀ ਕਿਸੇ ਤਰ੍ਹਾਂ ਉਸ ਸਭ ਕਾਸੇ ਨੂੰ ਨਹੀਂ ਪ੍ਰਗਟਾ ਸਕਦਾ ਜਿਸ ਨੂੰ 'Religion' ਅੰਗਰੇਜ਼ੀ ਵਿਚ ਕਰਦਾ ਹੈ।[27]

ਜਪੁਜੀ ਦੀ ਸੋਲ੍ਹਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਪਰੰਪਰਕ ਮਿਥ 'ਧੌਲ਼' ਰਾਹੀਂ 'ਧਰਮ' ਨੂੰ ਉਹ ਸ਼ਕਤੀ ਆਖਿਆ ਹੈ, ਜਿਸ ਨੇ ਵੰਨ-ਸੁਵੰਨੇ ਵਿਸਥਾਰਮਈ ਬ੍ਰਹਿਮੰਡ ਨੂੰ ਨਿਯਮਿਤ ਰੂਪ ਵਿਚ ਥੰਮ੍ਹਿਆ ਹੈ, ਅਰਥਾਤ 'ਧਰਮ' ਅਜਿਹਾ ਨਿਯਮ ਹੈ ਜੋ ਸ੍ਰਿਸ਼ਟੀ ਨੂੰ ਕਾਇਮ ਰਖਦਾ ਹੈ। 'ਧਰਮ' ਦੇ ਵਿਉਂਤਪਤੀ ਮੂਲਿਕ ਸ਼ਬਦ 'ਧ੍ਰੀ' ਦੇ ਅਰਥਾਂ ਵਿਚ ਵੀ ਇਸ ਦਾ ਭਾਵ ਧਾਰਨ ਕਰਨਾ, ਇਕ ਦੂਜੇ ਨੂੰ ਥੰਮ੍ਹਣਾ, ਸਹਾਰਾ ਦੇਣਾ ਹੀ ਲਿਆ ਜਾਂਦਾ ਹੈ। 'ਧਰਮ' ਨੂੰ ਬ੍ਰਹਿਮੰਡ ਵਿਚ ਸੰਗਠਨ ਕਾਇਮ ਕਰਨ ਵਾਲਾ ਨਿਯਮ ਮੰਨਿਆ ਗਿਆ ਹੈ। 'ਦਇਆ' ਅਤੇ 'ਸੰਤੋਖ' ਦੋ ਅਜਿਹੇ ਪਹਿਲੂ ਹਨ। ਜਿਹਨਾਂ ਦੁਆਰਾ ਸ੍ਰਿਸ਼ਟੀ ਮਰਯਾਦਾ ਵਿਚ ਬੱਧੀ ਕਾਰਜ ਕਰਦੀ ਹੈ।[28]

ਧਰਮ ਨਾਲ ਸੰਬੰਧਿਤ ਈਸ਼ਵਰ ਜਾਂ ਪਰਮਾਤਮਾ ਦੀ ਹੋਂਦ ਸੰਬੰਧੀ ਵੀ ਕਈ ਪ੍ਰਸ਼ਨ ਉਠਦੇ ਰਹਿੰਦੇ ਹਨ, ਜਿਵੇਂ ਪਰਮਾਤਮਾ ਕਿਥੇ ਰਹਿੰਦਾ ਹੈ? ਉਹ ਜਗਤ ਦੇ ਅੰਦਰ ਹੈ ਜਾਂ ਬਾਹਰ?

---

[25] ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼* , ਪੰਨਾ 572.

[26] ਮਨਜੀਤ ਸਿੰਘ, *ਧਰਮ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 1.

[27] ਐਫ ਮੈਕਸਮੂਲਰ, *ਧਰਮ ਦੀ ਉਤਪਤੀ ਅਤੇ ਵਿਕਾਸ,* ਅਨੁ. ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 7.

[28] ਗੁਰਵਿੰਦਰ ਕੌਰ, 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਧਰਮ' ਦਾ ਸੰਕਲਪ', *ਨਾਨਕ ਪ੍ਰਕਾਸ਼ ਪਤ੍ਰਿਕਾ,* ਸੰਪਾ. ਗੁਰਨਾਮ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2002, ਪੰਨਾ 4.

ਚੁਗਿਰਦੇ ਵਿਚਲੀਆਂ ਵਸਤਾਂ ਨਾਲ ਉਸ ਦਾ ਕੀ ਸੰਬੰਧ ਹੈ? ਧਰਮ ਨਾਲ ਸੰਬੰਧਿਤ ਪਰਮਾਤਮਾ ਸੰਬੰਧੀ ਵਿਚਾਰਾਂ ਨੂੰ ਦਸਣ ਲਈ ਵਿਦਵਾਨਾਂ ਨੇ ਮੁੱਖ ਤੌਰ ਤੇ ਤਿੰਨ ਤਰ੍ਹਾਂ ਦੀਆਂ ਧਾਰਨਾਵਾਂ ਪ੍ਰਗਟ ਕੀਤੀਆਂ। ਜਿਨ੍ਹਾਂ ਵਿਚ ਸਰਬ ਈਸ਼ਵਰਵਾਦ (Pantheism), ਪਰਮਦੇਵਵਾਦ (Deism)ਅਤੇ ਨਿਰੰਤਰ ਈਸ਼ਵਰਵਾਦ (Panentheism) ਨੂੰ ਧਰਮ ਨਾਲ ਜੋੜ ਕੇ ਸਮਝਾਉਣ ਦਾ ਜਤਨ ਕੀਤਾ ਜਾਂਦਾ ਹੈ। ਇਹ ਸਭ ਸਿਧਾਂਤ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੇ ਚੁਗਿਰਦੇ ਪਸਰੀ ਕੁਦਰਤ ਦੀ ਹੀ ਵਿਆਖਿਆ ਕਰਦੇ ਜਾਪਦੇ ਹਨ।

'ਸਰਬ ਈਸ਼ਵਰਵਾਦ' (Pantheism) ਸਿਧਾਂਤ ਅਨੁਸਾਰ ਸਭ ਕੁਝ ਈਸ਼ਵਰ ਹੈ ਅਤੇ ਈਸ਼ਵਰ ਹੀ ਸਭ ਕੁਝ ਹੈ। ਇਹ ਸ਼ਬਦ ਦੋ ਸ਼ਬਦਾਂ 'ਪੈਨ' (pan) ਅਤੇ 'ਥਿਓਸ' (theos) ਤੋਂ ਮਿਲ ਕੇ ਬਣਿਆ ਹੈ। ਪੈਨ ਦਾ ਅਰਥ ਹੈ 'ਸਭ' (All) ਅਤੇ ਥਿਓਸ ਦਾ ਅਰਥ 'ਈਸ਼ਵਰ' ਹੈ। ਸੋ 'ਪੈਨਥੀਇਜ਼ਮ' ਸ਼ਬਦ ਦਾ ਅਰਥ 'ਸਭ ਕੁਝ ਈਸ਼ਵਰ ਹੈ।'[29] ਇਹ ਸਿਧਾਂਤ ਈਸ਼ਵਰ ਅਤੇ ਜਗਤ ਦੀ ਭਿੰਨਤਾ ਖ਼ਤਮ ਕਰਦਾ ਹੈ। ਇਸ ਅਨੁਸਾਰ ਕੁਦਰਤ ਕਾਦਰ ਦਾ ਰੂਪ ਹੈ।

'ਪਰਮਦੇਵਵਾਦ' (Deism) ਅਨੁਸਾਰ ਇਹ ਜਗਤ ਈਸ਼ਵਰ ਦੀ ਰਚਨਾ ਹੈ। ਈਸ਼ਵਰ ਜਗਤ ਦੀ ਰਚਨਾ ਕਰ ਕੇ ਇਸ ਤੋਂ ਵੱਖ ਹੋ ਗਿਆ। ਭਾਵ ਇਕ ਪਰਮ ਸ਼ਕਤੀ ਜਿਹੜੀ ਕੁਦਰਤ ਦੀ ਸਿਰਜਕ ਹੈ। ਉਹ ਕੁਦਰਤ ਨੂੰ ਪੈਦਾ ਕਰ ਕੇ ਇਸ ਤੋਂ ਵੱਖ ਹੋ ਗਈ ਹੈ।[30] ਇਸ ਸਿਧਾਂਤ ਨੂੰ ਮੰਨਣ

---

[29] "Pantheism: The doctrine that the universe, the all of reality, is God, unless further defined, the doctrine, is exceedingly vague. What sort of unity and character has the cosmic whole which is equated with God...Neither God nor anything else has an identity distinguishable from that of other things, all is simply one and one is simply all".
Charles Hartshorne, 'Pantheism', *Encyclopaedia of religion,* Ed. Vergilius Ferm, Littlefield, Adams & Co, Paterson, 1959, pp. 557-58.

[30] "Deism: Deism asserted belief in one God, creator of the universe, but regarded him as detached from the world and making no revelation. The light of nature (lumen naturae) i, e., reason, was man's only reliance. Thus while there was a wide diversity in the opinions of the several deists, they were at one in their opposition to revealed religion in general and to Christianity in particular."
Morton Scott Enslin, 'Deism' Ibid, pp. 221-22.

ਵਾਲੇ ਧਰਮਾਂ ਵਿਚ ਮੁੱਖ ਤੌਰ ਤੇ ਪੱਛਮੀ ਧਰਮ ਆ ਜਾਂਦੇ ਹਨ।

'ਨਿਰੰਤਰ ਈਸ਼ਵਰਵਾਦ (Panentheism) ਸਿਧਾਂਤ, ਸਰਬ ਈਸ਼ਵਰਵਾਦ ਅਤੇ ਦੇਵਵਾਦ ਨੂੰ ਇਕੱਠਿਆਂ ਕਰਨ ਦਾ ਉਪਰਾਲਾ ਕਰਦਾ ਹੈ। ਇਹ ਸ਼ਬਦ ਤਿੰਨ ਸ਼ਬਦਾਂ ਪੈਨ (pan) ਐਨ (en) ਅਤੇ ਥਿਓਸ (Theos) ਤੋਂ ਮਿਲ ਕੇ ਬਣਿਆ ਹੈ। 'ਪੈਨ' ਦਾ ਅਰਥ 'ਸਭ' 'ਐਨ' ਦਾ ਅਰਥ 'ਵਿਚ' (in) ਅਤੇ 'ਥਿਓਸ' ਦਾ ਅਰਥ 'ਈਸ਼ਵਰ' ਹੈ।[31] ਇਸ ਸਿਧਾਂਤ ਅਨੁਸਾਰ ਸਭ ਕੁਝ ਈਸ਼ਵਰ ਵਿਚ ਸੰਮਿਲਿਤ ਹੈ। ਭਾਵ ਕਾਦਰ ਨੇ ਕੁਦਰਤ ਨੂੰ ਪੈਦਾ ਵੀ ਕੀਤਾ ਤੇ ਇਸ ਵਿਚ ਮੌਜੂਦ ਵੀ ਹੈ।

ਇਹਨਾਂ ਤਿੰਨਾਂ ਸਿਧਾਂਤਾਂ ਅਨੁਸਾਰ ਕਾਦਰ ਅਤੇ ਕੁਦਰਤ ਇਕ ਦੂਜੇ ਨਾਲ ਜੁੜੇ ਹੋਏ ਹਨ। 'ਸਰਬ ਈਸ਼ਵਰਵਾਦ' ਅਨੁਸਾਰ ਇਹ ਸਭ ਚੁਗਿਰਦਾ ਪਰਮਾਤਮਾ ਦਾ ਹੀ ਰੂਪ ਹੈ। ਦੂਜੇ ਸਿਧਾਂਤ 'ਪਰਮਦੇਵਵਾਦ' ਅਨੁਸਾਰ ਇਹ ਸਭ ਚੁਗਿਰਦਾ ਪਰਮਾਤਮਾ ਦੀ ਕ੍ਰਿਤ ਹੈ। ਤੀਜੇ ਸਿਧਾਂਤ 'ਨਿਰੰਤਰ ਈਸ਼ਵਰਵਾਦ' ਅਨੁਸਾਰ ਸ੍ਰਿਸ਼ਟੀ ਨੂੰ ਸਾਜਣ, ਨਿਵਾਜਣ ਵਾਲਾ ਪਰਮਾਤਮਾ ਸ੍ਰਿਸ਼ਟੀ ਦੇ ਕਣ-ਕਣ ਵਿਚ ਮੌਜੂਦ ਹੈ।

ਪਰਮਾਤਮਾ ਵਿਚ ਵਿਸ਼ਵਾਸ ਕਰਨ ਤੋਂ ਪਹਿਲਾਂ ਆਦਿ ਮਨੁੱਖ ਪ੍ਰਕਿਰਤਿਕ ਸ਼ਕਤੀਆਂ ਵਿਚ ਵਿਸ਼ਵਾਸ ਰਖਦਾ ਸੀ। ਚੇਤਨਾ ਵਿਕਾਸ ਦੇ ਪ੍ਰਥਮ ਯੁਗ ਵਿਚ ਮਨੁੱਖ ਦੇ ਜਤਨਾਂ ਵਿਚ ਜਿਹੜੀ ਕਮੀ ਸੀ, ਉਸ ਨੂੰ ਪੂਰਾ ਕਰਨ ਲਈ ਅਤੇ ਆਪਣੀਆਂ ਕਮੀਆਂ ਨੂੰ ਦੂਰ ਕਰ ਕੇ ਉਤਪਾਦਨ ਦੇ

---

31 "Panentheism: (pan, all; en, in; theos, God) The view that all things are within the being of God, Who yet is not merely the whole of actual things. If God were merely the system of actual things. Then, should a different system be possible, it would be possible that god should not exist, or should not be himself. Hence either God must be a purely contingent being, and anything might happen to him, including his destruction, or all things, just as they are, are necessary. On either construction God and other things are upon the same metaphysical level, whether of pure contingency or of pure necessity. Panentheism holds, on the contrary, that the self-identity of God is independent of the particular things which exist and the particular totality they form, and that consequently God may exit necessarily, although all other beings exist contingently."
Charles Hartshorne, 'Panentheism', *Encyclopaedia of religion,* Ed. Vergilius Ferm, p. 557.

ਸਾਧਨਾਂ ਦੀ ਪੂਰਤੀ ਲਈ ਉਹ ਅਤਿ ਪ੍ਰਕਿਰਤਿਕ ਸ਼ਕਤੀਆਂ ਦੀ ਮਿਹਰ ਪ੍ਰਾਪਤ ਕਰਨੀ ਚਾਹੁੰਦਾ ਸੀ। ਬਿਰਛ ਪੂਜਾ, ਸੱਪ ਪੂਜਾ ਅਤੇ ਪ੍ਰੇਤ ਪੂਜਾ ਆਦਿ ਆਦਮ ਯੁਗ ਦੇ ਚੇਤਨਾਮਕ ਵਿਚਾਰਾਂ ਅਤੇ ਵਿਵਹਾਰਾਂ ਦੇ ਪਰਿਣਾਮ ਹਨ।[32] ਧਰਮ ਦਾ ਵਿਕਸਿਤ ਰੂਪ ਸੰਸਾਰ ਦੇ ਅਜੋਕੇ ਧਰਮਾਂ ਵਿਚ ਦੇਖਿਆ ਜਾ ਸਕਦਾ ਹੈ। ਜਿਹਨਾਂ ਨੂੰ ਪੂਰਬੀ ਅਤੇ ਪੱਛਮੀ ਦੋ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ।

**1. ਪੂਰਬੀ ਧਰਮ:**

**(ੳ) ਹਿੰਦੂ ਧਰਮ (ਵੈਦਿਕ ਮਤ):** ਹਿੰਦੂ ਧਰਮ ਪੁਰਾਤਨ ਭਾਰਤੀ ਧਰਮ ਹੈ। ਹਿੰਦੂ ਧਰਮ ਦਾ ਪਿਛੋਕੜ ਆਰੀਆ ਲੋਕਾਂ ਦੀ ਭਾਰਤ ਵਿਚ ਆਮਦ ਨਾਲ ਜੁੜਦਾ ਹੈ। ਉਹਨਾਂ ਨੇ ਸਿੰਧ ਦਰਿਆ ਨੂੰ ਹਿੰਦ ਨਾਲ ਸੰਬੋਧਨ ਕੀਤਾ ਸੀ। ਸਿੰਧ ਦੇ ਨੇੜੇ ਦੇ ਵਸਨੀਕ ਜਿਹੜੇ ਵੇਦਾਂ ਨੂੰ ਮੰਨਦੇ ਅਤੇ ਗਊ ਮਾਸ ਨਹੀਂ ਖਾਂਦੇ ਉਹਨਾਂ ਲਈ 'ਹਿੰਦੂ' ਸ਼ਬਦ ਵਰਤਿਆ ਜਾਂਦਾ ਹੈ।[33] ਹਿੰਦੂ ਧਰਮ ਨਾਲ ਸੰਬੰਧਿਤ ਕੋਈ ਇਕ ਵਿਸ਼ੇਸ਼ ਧਰਮ ਗ੍ਰੰਥ ਨਹੀਂ ਹੈ। ਹਿੰਦੂ ਧਰਮ ਵਿਚ ਵੇਦ, ਬ੍ਰਾਹਮਣ, ਆਰਣਯਕ, ਉਪਨਿਸ਼ਦ, ਮਹਾਂਕਾਵਿ (ਰਮਾਇਣ, ਮਹਾਂਭਾਰਤ), ਸਿਮਰਤੀਆਂ, ਪੁਰਾਣ ਧਰਮ ਦੇ ਗ੍ਰੰਥ ਹਨ। ਵੇਦ ਸਾਹਿੰਤਾ ਸਭ ਤੋਂ ਪ੍ਰਾਚੀਨ ਗ੍ਰੰਥ ਹਨ।[34] ਰਿਗ, ਸਾਮ, ਯਜੁਰ ਅਤੇ ਅਥਰਵ ਚਾਰ ਵੇਦਾਂ ਨੂੰ ਤਿੰਨ-ਤਿੰਨ ਭਾਗਾਂ ਸੰਹਿਤਾ, ਬ੍ਰਾਹਮਣ ਅਤੇ ਆਰਣਯਕ ਵਿਚ ਵੰਡਿਆ ਗਿਆ ਹੈ। "ਸੰਹਿਤਾ ਮੰਤ੍ਰਾਂ ਦੇ ਸਮੂਹ ਨੂੰ ਕਹਿੰਦੇ ਹਨ। ਬ੍ਰਾਹਮਣ ਗ੍ਰੰਥਾਂ ਵਿਚ ਯੱਗ ਆਦਿ ਕਰਮ-ਕਾਂਡਾਂ ਦਾ ਵਰਣਨ ਹੈ। ਆਰਣਯਕਾਂ ਵਿਚ ਬਨਵਾਸੀ ਜੀਵਨ ਬਸਰ ਕਰਨ ਦੀਆਂ ਵਿਧੀਆਂ 'ਤੇ ਚਾਨਣਾ ਪਾਇਆ ਗਿਆ ਹੈ।"[35] ਇਹਨਾਂ ਵਿਚੋਂ ਰਿਗਵੇਦ ਸਭ ਤੋਂ ਪ੍ਰਾਚੀਨ ਵੇਦ ਹੈ।

ਵੈਦਿਕ ਰਿਸ਼ੀ ਪ੍ਰਕਿਰਤਿਕ ਦ੍ਰਿਸ਼ਾਂ ਨੂੰ ਦੇਖ ਕੇ ਆਪਣੇ ਕੋਮਲ ਹਿਰਦੇ ਦੇ ਕਾਰਨ ਪ੍ਰਫੁਲਿਤ ਹੋ ਜਾਂਦੇ ਸਨ ਅਤੇ ਇਹਨਾਂ ਨੂੰ ਦੇਵਤਿਆਂ ਦਾ ਰੂਪ ਪ੍ਰਦਾਨ ਕਰ ਦਿੰਦੇ ਸਨ। ਦੇਵੀ ਦੇਵਤਿਆਂ ਦੀ

---

32 ਭਗਤ ਸਿੰਘ ਵੇਦੀ, *ਬ੍ਰਹਿਮੰਡੀ ਚੇਤਨਾ ਦੇ ਪਰਿਪੇਖ ਵਿਚ ਗੁਰਬਾਣੀ ਅਧਿਐਨ*, ਪੰਨਾ 105.

33 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼* , ਪੰਨਾ 240.

34 निरमल गर्ग, *विश्व के धर्मो में समभाव की आवधारणा आयोग,* भारत सरकार, 2005, पृष्ठ 86.

35 ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 21.

ਕਲਪਨਾ, ਉਨ੍ਹਾਂ ਵਿਚ ਅਟੱਲ ਵਿਸ਼ਵਾਸ ਅਤੇ ਉਨ੍ਹਾਂ ਤੋਂ ਯਗ ਦੇ ਸਮੇਂ ਅਨੇਕ ਪ੍ਰਕਾਰ ਦੀਆਂ ਮੰਗਾਂ ਮੰਗਣ ਸਦਕਾ ਹੀ ਵੈਦਿਕ ਧਰਮ ਦਾ ਜਨਮ ਹੋਇਆ। ਵੈਦਿਕ ਧਰਮ ਵਿਚਲਾ 'ਦੇਵ' ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਦਿਵ' ਤੋਂ ਨਿਕਲਦਾ ਹੈ, ਜਿਸ ਦਾ ਅਰਥ ਹੈ 'ਚਮਕਣਾ' ਜਾਂ 'ਸੋਭਾ ਪਾਉਣਾ' ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਅਨੇਕ ਦੇਵੀ ਦੇਵਤੇ ਪ੍ਰਕਿਰਤੀ ਦੀਆਂ ਚਮਕਦੀਆਂ ਵਸਤੂਆਂ ਜਾਂ ਸ਼ਕਤੀਆਂ ਹਨ, ਜਾਂ ਸ਼ਾਇਦ ਇਹ ਆਪਣੇ ਨਾਲੋਂ ਉਚੇ ਦੀ ਧਾਰਨਾ ਬਣਾਉਣਾ ਹੈ। ਆਰੀਆ ਲੋਕਾਂ ਨੇ ਉਨ੍ਹਾਂ ਸਾਰੀਆਂ ਵਸਤੂਆਂ ਅਤੇ ਸ਼ਕਤੀਆਂ ਨਾਲ ਦੇਵਤਾ ਜਾਂ ਦੇਵੀ ਦੀ ਧਾਰਨਾ ਜੋੜ ਦਿਤੀ, ਜਿਨ੍ਹਾਂ ਨਾਲ ਉਹਨਾਂ ਦੇ ਜੀਵਨ ਵਿਚ ਸੰਪਰਕ ਹੋਇਆ। ਹਵਾ, ਪਾਣੀ, ਪ੍ਰਿਥਵੀ, ਨਦੀ, ਸੂਰਜ, ਚੰਦ, ਅੱਗ, ਬਦਲ, ਵਰਖਾ, ਬਿਜਲੀ, ਤਾਰੇ, ਬਨਸਪਤੀ, ਪਹਾੜ ਆਦਿ ਹਿੰਦੂ ਧਰਮ ਦੇ ਦੇਵਤੇ ਸਨ।[36] ਇਹਨਾਂ ਦੇਵਤਿਆਂ ਨੂੰ ਵਸਣ ਸਥਾਨ ਅਨੁਸਾਰ ਤਿੰਨ ਵਰਗਾਂ (ਧਰਤੀ, ਪਾਣੀ ਅਤੇ ਅਕਾਸ਼) ਦੇ ਦੇਵੀ-ਦੇਵਤਿਆਂ ਵਿਚ ਵੰਡ ਕੇ ਪੂਜਿਆ ਜਾਂਦਾ ਹੈ। ਜਿਹਨਾਂ ਵਿਚ 11 ਦੇਵਤੇ ਆਸਮਾਨ ਵਿਚ, 11 ਧਰਤੀ ਅਤੇ 11 ਪਾਣੀ ਵਿਚ ਰਹਿੰਦੇ ਹਨ। ਇਹ ਵੰਡ ਉਹਨਾਂ ਥਾਂ ਜਾਂ ਟਿਕਾਣਿਆਂ ਦੇ ਆਧਾਰ ਉਤੇ ਹੈ, ਜਿਥੇ ਉਹ ਰਹਿੰਦੇ ਹਨ। ਅਕਾਸ਼ਾਂ ਦੇ ਦੇਵਤੇ ਹਨ: ਦਯੋਸ, ਵਰੁਣ, ਮਿਤਰ, ਆਦਿਤਯ, ਚੰਦਰਮਾ, ਸੂਰਯ, ਸਵਿਤ੍ਰੀ, ਪੂਸ਼ਨ, ਵਿਸ਼ਨੂ, ਆਸ਼ਵਿਨ ਅਤੇ ਊਸ਼ਾ ਹਨ। ਹਵਾ ਦੇ ਦੇਵਤੇ ਇੰਦ੍ਰ, ਵਾਯੂ, ਪਾਰਜਨਯ, ਰੁਦ੍ਰ, ਮਰੁਤ, ਮਾਤਰੀਸ਼ਨ ਤ੍ਰਿਤਾਪਤਯ, ਅਪਾਮ, ਨਪਾਤ, ਅਹਿਬੁਧਨੀਆ, ਅਜ, ਏਕਪਾਦ ਅਤੇ ਜਲ ਆਦਿ ਹਨ। ਧਰਤੀ ਦੇ ਦੇਵਤੇ ਸਰਸਵਤੀ, ਬ੍ਰਹਸਪਤ ਅਗਨੀ, ਸੋਮ, ਪ੍ਰਿਥਵੀ, ਸਾਗਰ ਅਤੇ ਨਦੀਆਂ ਆਦਿ ਹਨ।[37] ਅਕਾਸ਼ੀ ਦੇਵਤਿਆਂ ਵਿਚ 'ਮਿੱਤਰ' ਨੂੰ ਪ੍ਰਕਾਸ਼ ਦਾ ਦੇਵਤਾ ਕਿਹਾ ਜਾਂਦਾ ਹੈ।[38] ਵਰੁਣ ਕੁਦਰਤ ਦੇ ਨਿਯਮਾਂ ਦਾ ਦੇਵਤਾ ਹੈ, ਉਸ ਨੇ ਅਕਾਸ਼ ਅਤੇ ਧਰਤੀ ਸਥਾਪਿਤ ਕੀਤੇ ਹਨ ਤੇ ਉਹਨਾਂ ਵਿਚ ਸੂਰਜ ਨੂੰ ਚਮਕਾਇਆ ਹੈ। ਝਖੜ ਜਾਂ

---

36 ਸ਼ਾਂਤੀ ਨਾਥ ਗੁਪਤਾ, *ਭਾਰਤੀ ਦਰਸ਼ਨ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, 1974, ਪੰਨਾ 16.

37 ਹਰਬੰਸ ਸਿੰਘ ਅਤੇ ਐਲ. ਐਮ. ਜੋਸ਼ੀ, *ਸੰਸਾਰ ਦੇ ਧਰਮ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਸਕਰਣ-ਚੌਥਾ, 2016, ਪੰਨਾ 18.

38 हरेन्द्र प्रसाद सिन्हा, *भारतीय दर्शन की रुपरेखा,* मोतीलाल बनारसीदास, दिल्ली, 2012, पृष्ठ 39.

ਹਵਾ ਉਸ ਦਾ ਸਵਾਸ ਹੈ, ਉਸ ਦੇ ਹੁਕਮ ਅਨੁਸਾਰ ਚੰਦ ਚਮਕਦਾ ਹੈ ਅਤੇ ਤਾਰੇ ਬਾਕਾਇਦਾ ਤੌਰ ਤੇ ਹਰਕਤ ਕਰਦੇ ਹਨ।[39] 'ਸਵਿਤਾ' ਰਾਤਰੀ ਕਾਲ ਦੇ ਸੂਰਜ ਦੀ ਅਵਸਥਾ ਹੈ।[40] ਵੈਦਿਕ ਰਿਸ਼ੀ ਇਹਨਾਂ ਪ੍ਰਕਿਰਤਿਕ ਵਸਤਾਂ ਵਿਚ ਅਲੌਕਿਕ ਸ਼ਕਤੀ ਸਮਝ ਕੇ ਇਸ ਦੀ ਪੂਜਾ ਕਰਦੇ ਸਨ। ਉਹਨਾਂ ਦੀ ਕਲਪਨਾ ਦੇ ਆਧਾਰ ਤੇ ਕਾਲੇ ਲਿਸ਼ਕਦੇ ਬਦਲ, ਭਾਰੀ ਮੀਂਹ, ਲਿਸ਼ਕਦੀ ਬਿਜਲੀ ਇੰਦਰ ਦੇਵਤਿਆਂ ਨਾਲ ਸੰਬੰਧਿਤ ਹੈ। ਸੂਰਜ ਦਿਨ ਸਮੇਂ ਚਾਨਣ ਦੇਣ ਵਾਲਾ ਵੱਡਾ ਦੇਵਤਾ ਹੈ, ਊਸ਼ਾ ਸੂਰਜ ਉਗਣ ਤੋਂ ਪਹਿਲਾਂ ਅਕਾਸ਼ ਵਿਚ ਫੈਲਣ ਵਾਲੀ ਲਾਲੀ ਹੈ। ਰਿਗਵੇਦ ਵਿਚ ਅਗਨੀ ਨਾਲ ਸੰਬੰਧਿਤ ਲਗਪਗ 200 ਦੇ ਤਕਰੀਬਨ ਸੂਕਤ ਮਿਲਦੇ ਹਨ। ਵੇਦਾਂ ਵਿਚ ਵਰਣਿਤ ਨਦੀਆਂ, ਸਾਗਰ, ਸੂਰਜ, ਚੰਦਰਮਾ, ਹਵਾ, ਪਾਣੀ ਆਦਿ ਸਭ ਆਸਥਾ ਦੇ ਸਰੋਤ ਮੰਨੇ ਜਾਂਦੇ ਹਨ।[41] ਹਿੰਦੂ ਧਰਮ ਵਿਚ ਇੰਦਰ ਦੇਵ ਨੂੰ ਜਲ ਅਤੇ ਬਲ ਪ੍ਰਦਾਨ ਕਰਨ ਵਾਲਾ ਦੇਵ ਮੰਨਿਆ ਗਿਆ ਹੈ। ਹਿੰਦੂ ਧਰਮ ਵਿਚ ਗੰਗਾ ਦੇ ਪਾਣੀ ਨੂੰ ਅੰਮ੍ਰਿਤ ਕਿਹਾ ਗਿਆ ਹੈ। ਹਿੰਦੂ ਮਾਨਤਾਵਾਂ ਵਿਚ ਕੁਦਰਤ ਹਮੇਸ਼ਾ ਪੂਜਣਯੋਗ ਰਹੀ ਹੈ। ਜੀਵ-ਜੰਤੂ, ਬਨਸਪਤੀ, ਪਹਾੜ, ਪਵਣ ਆਦਿ ਸਭ ਹਿੰਦੂ ਧਰਮ ਵਿਚ ਆਸਥਾ ਦੇ ਸ੍ਰੋਤ ਹਨ।

**ਸ੍ਰਿਸ਼ਟੀ ਰਚਨਾ**: ਵੈਦਿਕ ਰਿਸ਼ੀਆਂ ਅਨੁਸਾਰ ਆਰੰਭ ਵਿਚ ਕੇਵਲ ਬ੍ਰਹਮ ਦੀ ਹੀ ਸੱਤਾ ਸੀ। ਜਿਹੜਾ ਆਪਣੀ ਪ੍ਰਾਣ ਸ਼ਕਤੀ ਨਾਲ ਬਿਨਾਂ ਹਵਾ ਦੇ ਸਾਹ ਲੈ ਰਿਹਾ ਸੀ। ਉਸ ਬ੍ਰਹਮ ਦੇ ਘੋਰ ਤਪ ਦੇ ਪਰਿਣਾਮ ਸਰੂਪ ਹੀ ਇਸ ਜਗਤ ਦੀ ਉਤਪਤੀ ਅਤੇ ਵਿਕਾਸ ਹੋਇਆ ਹੈ। ਉਸ ਬ੍ਰਹਮ ਤੋਂ ਹੀ ਪ੍ਰਿਥਵੀ ਤੇ ਅਕਾਸ਼ ਆਦਿ ਲੋਕ ਪੈਦਾ ਹੋਏ ਅਤੇ ਉਸੇ ਤੋਂ ਹੀ ਸਾਰੇ ਸਜੀਵ ਪ੍ਰਾਣੀ ਤੇ ਪਦਾਰਥ ਉਤਪੰਨ ਹੋਏ। ਰਿਗਵੇਦ ਦੇ ਦਸਵੇਂ ਮੰਡਲ ਦੇ 121 ਵੇਂ ਮੰਤਰ ਅਨੁਸਾਰ ਇਹ ਅਨਾਦੀ ਹੈ। ਅਰੰਭ ਵਿਚ ਜਲ ਹੀ ਜਲ ਸੀ, ਜਿਸ ਵਿਚ ਇਕ ਹਿਰਣਯ ਗਰਭ (cosmic egg) ਪੈਦਾ ਹੋਇਆ, ਜਿਸ

---

[39] ਹਰਬੰਸ ਸਿੰਘ ਅਤੇ ਐਲ. ਐਮ. ਜੋਸ਼ੀ, *ਸੰਸਾਰ ਦੇ ਧਰਮ,* ਪੰਨਾ 20.

[40] हरेन्द्र प्रसाद सिन्हा, *भारतीय दर्शन की रुपरेखा*, पृष्ठ 40.

[41] चम्पा कुमारी, 'भारत चिंतन में पर्यावरण-संरक्षण', *पर्यावरण-विमर्श,* संपा. आई. एन. सिंह और बृजेश सिंह, भावना प्रकाशन, दिल्ली, 2012, पृष्ठ 44.

ਤੋਂ ਸਾਰੀ ਸ੍ਰਿਸ਼ਟੀ ਦਾ ਉਦੇ ਹੋਇਆ।[42] ਰਿਗਵੇਦ ਦੇ ਦਸਵੇਂ ਮੰਡਲ ਦੇ 129 ਵੇਂ ਮੰਤਰ ਦਾ ਸਮੁਚਾ ਸੰਬੰਧ ਸ੍ਰਿਸ਼ਟੀ ਰਚਨਾ ਨਾਲ ਹੀ ਹੈ।[43]

ਵੈਦਿਕ ਧਰਮ ਅਨੁਸਾਰ ਪਹਿਲਾਂ ਮੂਲ ਸ਼ਕਤੀ ਬ੍ਰਹਮਾ ਸੀ, ਜਿਸ ਤੋਂ ਅਕਾਸ਼ ਬਣਿਆ ਅਤੇ ਫਿਰ ਅਕਾਸ਼ ਤੋਂ ਵਾਯੂ, ਵਾਯੂ ਤੋਂ ਅਗਨੀ, ਅਗਨੀ ਤੋਂ ਜਲ, ਜਲ ਤੋਂ ਪ੍ਰਿਥਵੀ, ਪ੍ਰਿਥਵੀ ਤੋਂ ਬਨਸਪਤੀ, ਬਨਸਪਤੀ ਤੋਂ ਅੰਨ ਆਦਿ ਖਾਦ ਪਦਾਰਥ ਅਤੇ ਫਿਰ ਇਸ ਤੋਂ ਅੰਨ (ਚੇਤਨ) ਪੁਰਸ਼ ਹੋਂਦ ਵਿਚ ਆਇਆ। ਭਗਤ ਸਿੰਘ ਵੇਦੀ ਵੇਦਾਂ ਵਿਚੋਂ ਸ੍ਰਿਸ਼ਟੀ ਸੰਬੰਧੀ ਵਿਚਾਰਾਂ ਦਾ ਨਿਸ਼ਕਰਸ਼ ਇਸ ਤਰ੍ਹਾਂ ਕਢਦੇ ਹਨ[44]:

1. ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੇਵਲ ਬ੍ਰਹਮਾ ਦੀ ਹੀ ਸੱਤਾ ਸੀ।
2. ਇਹ ਵਿਰਾਟ ਬ੍ਰਹਿਮੰਡ ਬ੍ਰਹਮ ਤੋਂ ਉਤਪੰਨ ਹੋਇਆ ਅਤੇ ਉਹ ਇਸ ਵਿਚ ਵਿਆਪਤ ਹੈ।
3. ਵੈਦਿਕ ਯੁਗ ਦੇ ਇੰਦਰ, ਅਰੁਣ, ਵਰੁਣ, ਮਿੱਤਰ, ਅਦਿਤਯ, ਅਗਨੀ, ਵਾਯੂ ਤੇ ਊਸ਼ਾ ਆਦਿ ਦੇਵੀ-ਦੇਵਤਾ, ਦਯੂ ਲੋਕ, ਅੰਤਰਿਕਸ਼ ਅਤੇ ਪ੍ਰਿਥਵੀ-ਲੋਕ ਵਿਚ ਵਾਸ ਕਰਦੇ ਹਨ।

**ਬਨਸਪਤੀ**: ਬਨਸਪਤੀ ਦੀ ਪੂਜਾ ਕਰਨੀ ਅਤੇ ਉਸ ਤੋਂ ਵਰਦਾਨ ਮੰਗਣਾ ਵੀ ਹਿੰਦੂ ਧਰਮ ਗ੍ਰੰਥਾਂ ਵਿਚ ਦਰਜ ਹੈ। ਅਥਰਵਵੇਦ ਵਿਚ ਦਰਖ਼ਤਾਂ ਨੂੰ ਸਾਰੇ ਸੁੱਖਾਂ ਦਾ ਸਾਧਨ ਕਿਹਾ ਗਿਆ ਹੈ। ਦਰਖ਼ਤਾਂ ਦੇ ਪਰਉਪਕਾਰ ਕਰਨ ਕਰ ਕੇ ਹੀ ਵੈਦਿਕ ਧਰਮ ਵਿਚ ਇਹਨਾਂ ਨੂੰ ਕੱਟਣਾ ਮਾੜਾ ਮੰਨਿਆ ਗਿਆ ਹੈ। ਵੇਦਾਂ ਜਾਂ ਪੁਰਾਣਾਂ ਅਨੁਸਾਰ ਦਸ ਗੁਣਵਾਨ ਪੁੱਤਰਾਂ ਦੇ ਜਿੰਨਾ ਜਸ ਇਕ ਦਰਖ਼ਤ ਦੇ ਲਗਾਉਣ ਨਾਲ ਪ੍ਰਾਪਤ ਹੁੰਦਾ ਹੈ। ਪਦਮ ਪੁਰਾਣ ਅਨੁਸਾਰ ਜਿਹੜਾ ਵਿਅਕਤੀ ਨਦੀ ਦੇ ਤਟ ਉਤੇ ਦਰਖ਼ਤ ਲਗਾਉਂਦਾ ਹੈ, ਉਹ ਉਤਨੇ ਸਾਲ ਤੱਕ ਸਵਰਗ ਦਾ ਸੁਖ ਭੋਗਦਾ ਰਹਿੰਦਾ ਹੈ, ਜਿਤਨੇ ਸਾਲ ਉਹ ਦਰਖ਼ਤ ਨਦੀ ਦੇ ਤੱਟ ਉਤੇ ਖੜ੍ਹਾ ਰਹਿੰਦਾ ਹੈ।[45] ਹਿੰਦੂ ਧਰਮ ਵਿਚ ਘਰ ਦੇ

---

42 *ऋग्वेद का सुबोध संहिता भाष्य,* 10.121.

43 ਉਹੀ, 10.129.

44 ਭਗਤ ਸਿੰਘ ਵੇਦੀ, *ਬ੍ਰਹਮੰਡੀ ਚੇਤਨਾ ਦੇ ਪਰਿਪੇਖ ਵਿਚ ਗੁਰਬਾਣੀ ਅਧਿਐਨ,* ਪੰਨਾ 133.

45 प्रयत्न, 'पर्यावरण और भारतीय संस्कृति', *पर्यावरण-विमर्श,* संपा. आई.एन.सिंह और बृजेश सिंह, पृष्ठ 30.

ਅੱਗੇ ਨਿੰਮ ਅਤੇ ਚੌਰਾਹੇ ਉਤੇ ਪਿਪਲ ਦੇ ਦਰਖ਼ਤ ਲਗਾਉਣ ਦਾ ਆਦੇਸ਼ ਹੈ। ਪਿਪਲ, ਵਟ, ਆਂਵਲਾ, ਅੰਬ, ਨਿੰਮ, ਕੇਲਾ, ਤੁਲਸੀ ਆਦਿ ਦਰਖ਼ਤਾਂ ਦੀ ਹਿੰਦੂ ਧਰਮ ਵਿਚ ਪੂਜਾ ਕੀਤੀ ਜਾਂਦੀ ਹੈ। ਹਿੰਦੂ ਧਰਮ ਅਨੁਸਾਰ ਜ਼ਿੰਦਗੀ ਦਾ ਅੱਧਾ ਹਿਸਾ (ਬ੍ਰਹਮਚਾਰੀ ਅਤੇ ਸੰਨਿਆਸੀ ਜੀਵਨ) ਜੰਗਲਾਂ ਵਿਚ ਬਿਤਾਉਣ ਦਾ ਆਦੇਸ਼ ਹੈ। ਵੇਦਾਂ ਅਤੇ ਆਰਣਯਕ ਗ੍ਰੰਥਾਂ ਦੀ ਰਚਨਾ ਜੰਗਲਾਂ ਵਿਚ ਹੋਈ ਮੰਨੀ ਜਾਂਦੀ ਹੈ। ਡਾ. ਜਯ ਸ੍ਰੀ ਸ਼ੁਕਲ ਨੇ ਹਿੰਦੂ ਧਰਮ ਵਿਚ ਦੇਵੀ ਦੇਵਤਿਆਂ ਨਾਲ ਸੰਬੰਧਿਤ ਦਰਖ਼ਤਾਂ ਦਾ ਵੇਰਵਾ ਇਸ ਤਰ੍ਹਾਂ ਦਿਤਾ ਹੈ:[46]

| **ਦੇਵੀ / ਦੇਵਤੇ** | **ਸੰਬੰਧਿਤ ਦਰਖ਼ਤ** |
|---|---|
| ਬ੍ਰਹਮਾ, ਵਿਸ਼ਨੂੰ ਅਤੇ ਕੁਬੇਰ | ਵਟ |
| ਲੱਛਮੀ ਅਤੇ ਵਿਸ਼ਨੂੰ | ਤੁਲਸੀ |
| ਚੰਦਰਮਾ | ਸੋਮ |
| ਸ਼ਿਵ | ਬੇਲ |
| ਇੰਦਰ | ਅਸ਼ੋਕ |
| ਲੱਛਮੀ ਕਦੰਬ ,ਕ੍ਰਿਸ਼ਨ | ਅੰਬ |
| ਸੀਤਲਾ, ਮਨਸਾ | ਨਿੰਮ |
| ਬ੍ਰਹਮਾ ਅਤੇ ਗੰਧਰਵ | ਪਲਾਸ |
| ਵਿਸ਼ਨੂੰ ਅਤੇ ਕ੍ਰਿਸ਼ਨ | ਪਿਪਲ |
| ਪੂਜਾ ਪਾਠ ਲਈ | ਮਹੂਆ |
| ਪੂਜਾ ਪਾਠ ਲਈ | ਸੇਮਲ |
| ਵਿਸ਼ਨੂੰ ਅਤੇ ਰੁਦਰ | ਗੁਲ੍ਹਰ |
| ਕ੍ਰਿਸ਼ਨ | ਤਮਾਲ |

**ਜੀਵ-ਜੰਤੂ:** ਹਿੰਦੂ ਧਰਮ ਅਨੁਸਾਰ ਪਸ਼ੂ-ਪੰਛੀ ਜਿਹਨਾਂ ਵਿਚ ਗਾਂ, ਕੁੱਤੇ, ਚਿੜੀਆਂ, ਕਾਂਵਾਂ ਨੂੰ ਭੋਜਨ

46 जयश्री शुकल, 'प्रदुशण: धर्म संस्कृति एवं नैतिकता का परिप्रेक्ष्य', *पर्यावरण-विमर्श*, संपा. आई.एन.सिंह और बृजेश सिंह, पृष्ठ 67-68.

ਖਵਾਉਣਾ ਵੀ ਪੁੰਨ ਦਾ ਕੰਮ ਹੈ।[47] ਹਿੰਦੂ ਦੇਵੀ-ਦੇਵਤਿਆਂ ਦੇ ਨਾਂ ਪਸ਼ੂ-ਪੰਛੀਆਂ ਨਾਲ ਵੀ ਜੋੜੇ ਜਾਂਦੇ ਹਨ। ਡਾ. ਜਯ ਸ੍ਰੀ ਸ਼ੁਕਲ ਨੇ ਹਿੰਦੂ ਧਰਮ ਵਿਚ ਦੇਵੀ ਦੇਵਤਿਆਂ ਨਾਲ ਸੰਬੰਧਿਤ ਜੀਵਾਂ ਦਾ ਵੇਰਵਾ ਇਸ ਤਰ੍ਹਾਂ ਦਿਤਾ ਹੈ[48]:

| **ਦੇਵੀ / ਦੇਵਤੇ** | **ਸੰਬੰਧਿਤ ਪਸ਼ੂ** |
|---|---|
| ਦੁਰਗਾ | ਸ਼ੇਰ |
| ਬ੍ਰਹਮਾ | ਕਲ-ਹੰਸ |
| ਇੰਦਰ, ਗਣੇਸ਼ | ਹਾਥੀ |
| ਸ਼ਿਵ | ਨੰਦੀ |
| ਗਣੇਸ਼ | ਚੂਹਾ |
| ਸਰਸਵਤੀ | ਹੰਸ |
| ਵਿਸ਼ਨੂੰ | ਗਰੁੜ |
| ਰਾਮ | ਬਾਂਦਰ |
| ਸੂਰਜ | ਘੋੜਾ |
| ਕਾਰਤਿਕ | ਮੋਰ |
| ਲੱਛਮੀ | ਉੱਲੂ |
| ਸ਼ਨੀ | ਗਿਦ |
| ਕਤਾ ਯਾਨੀ | ਚੀਤਾ |
| ਭੈਰੋ | ਕੁੱਤਾ |
| ਵਾਯੂ | ਹਿਰਨ |
| ਸੀਤਲਾ | ਗਧਾ |

ਵੇਦਾਂ ਵਿਚ ਬਹੁਤ ਸਾਰੀਆਂ ਪ੍ਰਾਰਥਨਾਵਾਂ ਪ੍ਰਕਿਰਤਿਕ ਦੇਵਤਿਆਂ ਨੂੰ ਸੰਬੋਧਿਤ ਕੀਤੀਆਂ ਗਈਆਂ ਹਨ। ਡਾ. ਸ਼ਾਂਤੀ ਨਾਥ ਗੁਪਤਾ ਅਨੁਸਾਰ "ਰਿਗਵੇਦ ਨੂੰ ਉਸ ਸਮੇਂ ਦੀ ਉਪਜ ਮੰਨਿਆ ਜਾਂਦਾ ਹੈ ਜਦੋਂ ਆਰੀਆ ਲੋਕ ਭਾਰਤ ਦੇ ਵਿਸ਼ਾਲ ਅਤੇ ਹਰੇ-ਭਰੇ ਮੈਦਾਨਾਂ ਦੀ ਪ੍ਰਕਿਰਤਿਕ ਸੁੰਦਰਤਾ

47 प्रयव, 'पर्यावरण और भारतीय संस्कृति', *पर्यावरण-विमर्श,* संपा. आई.एन.सिंह और बृजेश सिंह, पृष्ठ 39-40.

48 जय श्री शुकल, 'प्रदूशण: धर्मा, सम्कृति एवं नैतिकता का परिप्रेक्ष्य', वही, पृष्ठ 68.

ਤੋਂ ਪ੍ਰਭਾਵਿਤ ਹੋ ਕੇ ਪ੍ਰਕਿਰਤੀ ਦੀਆਂ ਅਨੇਕ ਸ਼ਕਤੀਆਂ ਦਾ ਗੁਣ-ਗਾਣ ਕਰਨ ਲਗੇ। ਜਿਹਨਾਂ ਦੀ ਉਸਤਤ ਉਹਨਾਂ ਨੇ ਰਿਚਾਵਾਂ ਰਾਹੀਂ ਕੀਤੀ। ਉਹਨਾਂ ਪ੍ਰਕਿਰਤੀ ਦੀਆਂ ਸ਼ਕਤੀਆਂ ਦੀ ਉਪਾਸਨਾ ਜਾਂ ਉਹਨਾਂ ਲਈ ਯਗ ਕੀਤੇ ਤਾਂ ਕਿ ਉਹ ਉਹਨਾਂ ਨੂੰ ਪ੍ਰਸੰਨ ਕਰ ਸਕਣ।"[49]

ਹਿੰਦੂ ਧਰਮ ਵਿਚ ਕੁਦਰਤੀ ਚੁਗਿਰਦਾ ਹਮੇਸ਼ਾ ਸ਼ਰਧਾ ਦਾ ਪਾਤਰ ਰਿਹਾ ਹੈ। ਜਿਸ ਦਾ ਪ੍ਰਭਾਵ ਹਿੰਦੂ ਧਰਮ ਦੇ ਸਮਾਜਿਕ ਜੀਵਨ ਵਿਚ ਨਿਭਾਏ ਜਾਂਦੇ ਰੀਤੀ ਰਿਵਾਜਾਂ ਤੋਂ ਭਲੀ-ਭਾਂਤ ਸਪਸ਼ਟ ਹੁੰਦਾ ਹੈ।

**(ਅ) ਜੈਨ ਧਰਮ:** 'ਜੈਨ' ਸ਼ਬਦ ਦਾ ਨਿਕਾਸ ਪ੍ਰਾਕ੍ਰਿਤ ਭਾਸ਼ਾ ਦੇ 'ਜਿਨ' ਸ਼ਬਦ ਤੋਂ ਮੰਨਿਆ ਜਾਂਦਾ ਹੈ। ਜਿਨ ਦਾ ਮੁੱਢਲਾ ਅਰਥ 'ਜੇਤੂ' ਹੈ, ਅਰਥਾਤ ਜਿਸ ਨੇ ਆਪਣੀਆਂ ਇੰਦਰੀਆਂ ਉਤੇ ਕਾਬੂ ਪਾ ਕੇ ਪੁਰਾਣੇ ਮੰਦੇ ਕਰਮ ਨਾਸ਼ ਕਰ ਲਏ ਹੋਣ।[50] ਜੈਨ ਧਰਮ ਦਾ ਅਰੰਭ ਰਿਸ਼ਭਦੇਵ ਤੋਂ ਹੁੰਦਾ ਹੈ, ਇਹਨਾਂ ਤੋਂ ਅੱਗੇ ਜੈਨ ਧਰਮ ਦੇ ਤੇਈ ਤੀਰਥੰਕਰ ਹੋਏ, ਚੌਵੀਵੇਂ ਤੀਰਥੰਕਰ ਭਗਵਾਨ ਮਹਾਂਵੀਰ ਜੀ ਹਨ। ਜਿਹਨਾਂ ਦਾ ਜਨਮ 599 ਈ. ਨੂੰ ਵੈਸ਼ਾਲੀ ਦੇ ਕੋਲ ਕੁੰਡ ਨਾਮੀ ਪਿੰਡ ਵਿਚ ਹੋਇਆ ਅਤੇ ਉਹਨਾਂ ਨੇ ਰਿਜੂਬਾਲਕਾ ਨਦੀ ਕੰਢੇ ਸਾਲ੍ਹ ਦੇ ਦਰਖ਼ਤ ਹੇਠਾਂ ਗਿਆਨ ਪ੍ਰਾਪਤ ਕੀਤਾ। ਉਹਨਾਂ ਨੇ ਆਪਣਾ ਪਹਿਲਾ ਉਪਦੇਸ਼ ਪਾਵਾ ਪੁਰੀ ਵਿਖੇ ਮਹਾ ਸੈਨ ਦੇ ਬਗੀਚੇ ਵਿਚ ਦਿੱਤਾ ਸੀ।

ਭਗਵਾਨ ਮਹਾਂਵੀਰ ਮਗਰੋਂ ਜੈਨ ਧਰਮ ਦੋ ਫ਼ਿਰਕਿਆਂ ਦਿਗੰਬਰ ਅਤੇ ਸ਼ਵੇਤਾਂਬਰ ਵਿਚ ਵੰਡਿਆ ਗਿਆ ਸੀ। ਸ਼ਵੇਤਾਂਬਰ ਫ਼ਿਰਕੇ ਵਾਲੇ ਚਿੱਟੇ ਕੱਪੜੇ ਪਹਿਨਦੇ ਹਨ, ਜਦੋਂ ਕਿ ਦਿਗੰਬਰ ਫ਼ਿਰਕੇ ਦੇ ਸਾਧੂ ਨੰਗੇ ਰਹਿੰਦੇ ਹਨ। ਦਿਗੰਬਰ ਫ਼ਿਰਕੇ ਵਾਲੇ ਅਕਾਸ਼ ਨੂੰ ਹੀ ਆਪਣਾ ਵਸਤਰ ਮੰਨਦੇ ਹਨ 'ਦਿਗ' ਦਾ ਅਰਥ ਅੰਬਰ ਜਿਸ ਨੂੰ 'ਵਸਤਰ' ਮੰਨਿਆ ਹੈ। ਭਾਵ ਦਿਗੰਬਰ ਉਹ ਹੁੰਦਾ ਹੈ, ਜਿਸ ਨੇ 'ਅਕਾਸ਼ ਦਾ ਵਸਤਰ' ਪਹਿਨਿਆ ਹੋਏ।[51] ਜੈਨ ਧਰਮ ਦੇ ਧਰਮ ਗ੍ਰੰਥਾਂ ਨੂੰ 'ਆਗਮ' ਦੇ

---

[49] ਸ਼ਾਂਤੀ ਨਾਥ ਗੁਪਤਾ, *ਭਾਰਤੀ ਦਰਸ਼ਨ*, ਪੰਨਾ 15.

[50] ਨਵਰਤਨ ਕਪੂਰ, 'ਜੈਨ ਧਰਮ ਦੇ ਸੰਪ੍ਰਦਾਇ ਅਤੇ ਉਪ ਸੰਪ੍ਰਦਾਇ', *ਨਾਨਕ ਪ੍ਰਕਾਸ਼ ਪਤ੍ਰਿਕਾ*, ਸੰਪਾ. ਸਰਬਜਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2005, ਪੰਨਾ 15.

[51] ਹਰਪਾਲ ਸਿੰਘ ਪੰਨੂ, *ਭਾਰਤ ਦੇ ਪੁਰਾਤਨ ਧਰਮ: ਇਕ ਸਰਵੇਖਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 111.

ਨਾਂ ਨਾਲ ਜਾਣਿਆ ਜਾਂਦਾ ਹੈ। ਜਿਹਨਾਂ ਦੀ ਗਿਣਤੀ 45 ਮੰਨੀ ਜਾਂਦੀ ਹੈ, ਜਿਸ ਵਿਚ 11 ਅੰਗ, 12 ਉਪਾਂਗ, 10 ਪ੍ਰਕੀਰਣਕ, 6 ਛੰਦ ਸੂਤ੍ਰ, 4 ਮੂਲ ਅਤੇ 2 ਹੋਰ ਹਨ।[52]

ਜੈਨ ਧਰਮ ਪਰਮਾਤਮਾ ਵਿਚ ਅਵਿਸ਼ਵਾਸ ਰਖਦਾ ਹੈ। ਇਹ ਧਰਮ ਸੰਸਾਰ ਨੂੰ ਜੀਵ ਅਤੇ ਭੌਤਿਕ ਜੜ੍ਹ ਤੱਤਾਂ ਨਾਲ ਭਰਪੂਰ ਮੰਨਦਾ ਹੈ। ਜੜ੍ਹ ਤੱਤਾਂ ਲਈ 'ਪੁਦਗਲ' ਸ਼ਬਦ ਵਰਤਿਆ ਜਾਂਦਾ ਹੈ। ਜੈਨ ਧਰਮ ਅਨੁਸਾਰ ਜਿਹਨਾਂ ਨੂੰ ਭੂਤ (matter) ਕਿਹਾ ਜਾਂਦਾ ਹੈ ਜੈਨ ਧਰਮ ਉਸ ਨੂੰ ਪੁਦਗਲ ਕਹਿੰਦਾ ਹੈ।[53]

**ਸ੍ਰਿਸ਼ਟੀ ਰਚਨਾ:** ਜੈਨ ਧਰਮ ਸ੍ਰਿਸ਼ਟੀ ਨੂੰ ਅਨਾਦੀ ਮੰਨਦਾ ਹੈ ਭਾਵ ਜੈਨ ਧਰਮ ਵਿਚ ਸ੍ਰਿਸ਼ਟੀ ਦਾ ਅਰੰਭ ਅਤੇ ਅੰਤ ਨਹੀਂ ਮੰਨਿਆ ਗਿਆ। ਇਹ ਪਰਿਵਰਤਨਸ਼ੀਲ ਅਤੇ ਅਨਾਦੀ ਹੋਣ ਕਾਰਨ ਕਿਸੇ ਦੀ ਰਚਨਾ ਨਹੀਂ ਮੰਨੀ ਗਈ। ਜੈਨ ਧਰਮ ਅਨੁਸਾਰ ਛੇ ਤੱਤ: ਜੀਵ, ਪੁਦਗਲ, ਧਰਮ, ਅਧਰਮ, ਅਸਮਾਨ ਅਤੇ ਕਾਲ ਅਨਾਦੀ ਹਨ। ਪੁਦਗਲ ਅਜਿਹਾ ਤੱਤ ਹੈ, ਜਿਸ ਨੂੰ ਅਸੀਂ ਵੇਖ ਸਕਦੇ ਹਾਂ, ਜਿਸ ਦਾ ਅਨੁਭਵ ਸਾਨੂੰ ਸਪਰਸ਼, ਵਾਸ਼ਨਾ ਅਤੇ ਸੁਣਨ ਨਾਲ ਹੁੰਦਾ ਹੈ। ਇਹ ਸ਼ਕਲ ਵਿਚ ਹੋਣ ਕਾਰਨ ਮੂਰਤ ਦ੍ਰਵ ਹੈ, ਬਾਕੀ ਸਭ ਨੂੰ ਅਮੂਰਤ ਦ੍ਰਵ ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਦਾ ਆਕਾਰ ਨਹੀਂ ਹੁੰਦਾ। ਜੈਨ ਧਰਮ ਅਨੁਸਾਰ ਜੀਵ ਅਤੇ ਪੁਦਗਲ ਅਜਿਹੇ ਮੁੱਖ ਦ੍ਰਵ ਹਨ ਜਿਹਨਾਂ ਦੇ ਮੇਲ ਤੋਂ ਦ੍ਰਿਸ਼ਟਮਾਨ ਜਗਤ ਬਣਿਆ ਹੈ। ਅਕਾਸ਼ ਉਹ ਥਾਂ ਹੈ ਜਿਸ ਵਿਚ ਸ੍ਰਿਸ਼ਟੀ ਠਹਿਰੀ ਹੋਈ ਹੈ।

**ਬਨਸਪਤੀ:** ਜੈਨ ਧਰਮ ਵਿਚ ਚੌਵੀ ਤੀਰਥੰਕਰਾਂ ਦੇ ਨਾਂ ਨਾਲ ਚੌਵੀ ਦਰਖ਼ਤ ਜੁੜੇ ਹੋਏ ਹਨ। ਜਿਹਨਾਂ ਹੇਠ ਇਹਨਾਂ ਤੀਰਥੰਕਰਾਂ ਨੂੰ ਗਿਆਨ ਦੀ ਪ੍ਰਾਪਤੀ ਹੋਈ ਸੀ। ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

---

52 ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰਨਾ 23.

53 हरेन्द्र प्रसाद सिन्हा, *भारतीय दर्शन की रुपरेखा*, पृष्ठ 153.

| **ਤੀਰਥੰਕਰ** | **ਸੰਬੰਧਿਤ ਦਰਖ਼ਤ** |
|---|---|
| ਰਿਸ਼ਭ ਨਾਥ | ਵਿਰੁਟ |
| ਅਜੀਤ ਨਾਥ | ਚਿਤਵਨ |
| ਸੰਭਵ ਨਾਥ | ਸਾਲ |
| ਅਭਿਨੰਦਨ | ਚੀਲ |
| ਸੁਮਿਤ ਨਾਥ | ਪਿਊਂਗ |
| ਪਦਮ ਨਾਥ | ਪਿਊਂਗ |
| ਸੁਪਾਕਸ਼ਵ ਨਾਥ | ਸੀਰਸ |
| ਚੰਦਪ੍ਰਭ ਨਾਥ | ਨਾਜ |
| ਪੁਸ਼ਪਦੰਤ ਨਾਥ | ਬਹੇੜਾ |
| ਸ਼ੀਤਲ ਨਾਥ | ਬੇਲ ਦਾ ਦਰਖ਼ਤ |
| ਸ਼ਿਰਿਆਸ ਨਾਥ | ਤੇਂਦੂ |
| ਵਾਯੂ ਪੁਜਯ | ਕਦੰਬ |
| ਵਿਮਲ ਨਾਥ | ਜਾਮਣ |
| ਅਨੰਤ ਨਾਥ | ਪਿਪਲ |
| ਧਰਮ ਨਾਥ | ਕੇਥਾ |
| ਸ਼ਾਂਤੀ ਨਾਥ | ਤੁਣ |
| ਕੁੰਥੂ ਨਾਥ | ਤਿਲਕ |
| ਅਰਹ ਨਾਥ | ਅੰਬ |
| ਮਲਿਲ ਨਾਥ | ਅਸ਼ੋਕ |
| ਮੁਨੀ ਸੁਵਤਰਨਾਥ | ਚੰਪਾ |
| ਨਮੀ ਨਾਥ | ਮੋਲ ਸ੍ਰੀ |
| ਨੇਮੀ ਨਾਥ | ਬਾਂਸ |
| ਪਾਰਸ਼ਵ ਨਾਥ | ਦਿਆਰ |
| ਭਗਵਾਨ ਮਹਾਂਵੀਰ | ਸਾਲ |

ਦਰਖ਼ਤਾਂ ਦੁਆਰਾ ਮਨੁੱਖ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹੋਣ ਕਾਰਨ ਜੈਨ ਆਗਮਿਕ ਪਰੰਪਰਾ ਵਿਚ ਇਹਨਾਂ ਨੂੰ 'ਕਲਪ ਬ੍ਰਿਛ' ਵੀ ਕਿਹਾ ਜਾਂਦਾ ਹੈ।[54] ਭਗਵਾਨ ਮਹਾਂਵੀਰ ਨੇ ਆਪਣੇ ਸਾਧੂ ਪੁਣੇ ਦੀ ਅਰੰਭਤਾ ਕੁੰਡ ਗ੍ਰਾਮ ਨਗਰ ਦੇ ਬਾਹਰ 'ਗਿਆਤ ਖੰਡ' ਨਾਂ ਦੇ ਬਾਗ਼ ਵਿਚ 'ਅਸ਼ੋਕ ਦਰਖ਼ਤ' ਥੱਲੇ ਪੰਜ ਮੁਸਟੀ ਲੋਚ ਭਾਵ (ਪੰਜ ਵਾਰ ਵਿਚ ਸਾਰੇ ਵਾਲ ਪੁਟਣ) ਨਾਲ ਕੀਤੀ ਸੀ।[55]

**ਜੀਵ-ਜੰਤੂ:** ਜੈਨ ਧਰਮ ਵਿਚ 24 ਤੀਰਥੰਕਰਾਂ ਦਾ ਕੋਈ ਨਾ ਕੋਈ ਚਿੰਨ੍ਹ ਜ਼ਰੂਰ ਹੈ। ਜਿਹਨਾਂ ਵਿਚ ਥਲ ਚਰ ਜੀਵ ਜਿਹਨਾਂ ਵਿਚ ਹਾਥੀ, ਘੋੜਾ, ਬਾਂਦਰ, ਗੈਂਡਾ, ਮੱਝ, ਸੂਰ, ਸੇਹੀ, ਹਿਰਨ, ਬੱਕਰਾ, ਸੱਪ ਅਤੇ ਸ਼ੇਰ ਹਨ। ਬੈਲ ਜੋ ਕਿ ਉਤਪਾਦਨ ਦਾ ਅਤੇ ਸੂਰ ਸਫ਼ਾਈ ਦਾ ਸਾਧਨ ਹੈ ਜਿਹੜਾ ਕਿ ਮਲ ਨੂੰ ਸਾਫ਼ ਕਰਦਾ ਹੈ। ਜਲ ਚਰ ਜੀਵਾਂ ਵਿਚ ਕੱਛੂ ਅਤੇ ਮਛ ਪਾਣੀ ਨੂੰ ਸਾਫ਼ ਰਖਦੇ ਹਨ। ਜੈਨ ਧਰਮ ਦੇ 24 ਤੀਰਥੰਕਰਾਂ ਨਾਲ ਸੰਬੰਧਿਤ 24 ਚਿੰਨ੍ਹ ਇਸ ਪ੍ਰਕਾਰ ਹਨ[56]:

| **ਤੀਰਥੰਕਰ** | **ਸੰਬੰਧਿਤ ਚਿੰਨ੍ਹ** |
|---|---|
| ਰਿਸ਼ਭ ਨਾਥ | ਬਲਦ |
| ਅਜੀਤ ਨਾਥ | ਹਾਥੀ |
| ਸੰਭਵ ਨਾਥ | ਘੋੜਾ |
| ਅਭਿਨੰਦਨ | ਬਾਂਦਰ |
| ਸੁਮਿਤ ਨਾਥ | ਕਰੌਂਚ |
| ਪਦਮ ਨਾਥ | ਕਮਲ |
| ਸੁਪਾਕਸ਼ਵ ਨਾਥ | ਮਹਾਸਤਿਕ |
| ਚੰਦਪ੍ਰਭ ਨਾਥ | ਚੰਦਰਮਾ |
| ਪੁਸ਼ਪਦੰਤ ਨਾਥ | ਮਤਸਯ |

[54] भागचन्द्र जैन भासकर, *जैन संस्कृति कोश*, सन्मति प्राच्य शौध संस्थान, नागपुर, 2002, पृष्ठ 56.

[55] ਰਵਿੰਦਰ ਕੁਮਾਰ ਜੈਨ ਅਤੇ ਪੁਰਸ਼ੋਤਮ ਦਾਸ ਜੈਨ, *ਭਗਵਾਨ ਮਹਾਂਵੀਰ,* 25ਵੀਂ ਮਹਾਂਵੀਰ ਨਿਰਵਾਣ ਸ਼ਤਾਬਦੀ ਸੰਯੋਜਿਕਾ ਸਮਿਤੀ, ਪੰਜਾਬ, 1983, ਪੰਨਾ 36.

[56] ਉਹੀ, ਪੰਨਾ 12.

| ਤੀਰਥੰਕਰ | ਸੰਬੰਧਿਤ ਚਿੰਨ੍ਹ |
|---|---|
| ਸ਼ੀਤਲ ਨਾਥ | ਸ੍ਰੀਵਤਸ |
| ਸ਼ਿਰਿਆਸ ਨਾਥ | ਗੈਂਡਾ |
| ਵਾਯੂ ਪੁਜਯ | ਮੱਝ |
| ਵਿਮਲ ਨਾਥ | ਸੂਰ |
| ਅਨੰਤ ਨਾਥ | ਸਿਕਾਰ ਪੰਛੀ |
| ਧਰਮ ਨਾਥ | ਬਜੋਰ |
| ਸ਼ਾਂਤੀ ਨਾਥ | ਮਿਰਗ |
| ਕੁੰਥੂ ਨਾਥ | ਬਕਰਾ |
| ਅਰਹ ਨਾਥ | ਨੰਦਾਵਰਤ ਸਵਾਸਤਿਕ |
| ਮਲਿਲ ਨਾਥ | ਘੜਾ |
| ਮੁਨੀ ਸੁਵਤਰਨਾਥ | ਕੱਛੂ |
| ਨਮੀ ਨਾਥ | ਨੀਲ ਕਮਲ |
| ਨੇਮੀ ਨਾਥ | ਸੰਖ |
| ਪਾਰਸ਼ਵ ਨਾਥ | ਸੱਪ |
| ਭਗਵਾਨ ਮਹਾਂਵੀਰ | ਸ਼ੇਰ |

ਜੈਨ ਧਰਮ ਅਨੁਸਾਰ ਜੀਵ ਚੇਤਨ ਤੱਤ ਹੈ, ਪੰਜ ਪ੍ਰਕਾਰੀ ਇੰਦਰੀਆਂ ਦੇ ਆਧਾਰ ’ਤੇ ਜੀਵ ਵੀ ਪੰਜ ਤਰ੍ਹਾਂ ਦੇ ਹਨ। ਵਿਕੇਂਦਰੀ ਜੀਵ ਭਾਵ ਇਕ ਇੰਦਰੀ (ਸਪਰਸ਼) ਵਾਲੇ ਜੀਵ ਹਨ। ਇਸ ਵਿਚ ਧਰਤੀ, ਪਾਣੀ, ਅੱਗ, ਹਵਾ ਆਉਂਦੇ ਹਨ। ਬੇਂਦਰੀ ਜੀਵ ਦੋ ਇੰਦਰੀ (ਸਪਰਸ਼ ਤੇ ਰਸਨਾ) ਵਾਲੇ ਜੀਵ ਹਨ। ਇਸ ਵਰਗ ਵਿਚ ਜੋਕਾਂ, ਗੰਡੋਏ ਆਦਿ ਆਉਂਦੇ ਹਨ। ਤ੍ਰੀਏਂਦਰੀ ਜੀਵ ਤਿੰਨ ਇੰਦਰੀਆਂ (ਸਪਰਸ਼, ਰਸਨਾ ਅਤੇ ਸੁੰਘਣ) ਧਾਰਨ ਕਰਨ ਵਾਲੇ ਹਨ, ਜਿਹਨਾਂ ਵਿਚ ਜੂੰਆਂ, ਪਿੱਸੂ, ਖਟਮਲ ਆਦਿ ਸ਼ਾਮਿਲ ਹਨ। ਚਾਰ ਇੰਦਰੀ ਜੀਵਾਂ ਵਿਚ ਚਾਰ ਇੰਦਰੀਆਂ (ਸਪਰਸ਼, ਰਸਨਾ, ਸੁੰਘਣ ਅਤੇ ਦ੍ਰਿਸ਼ਟੀ) ਹਨ। ਇਸ ਵਿਚ ਮੱਛਰ, ਬਿੱਛੂ, ਤਿੱਤਲੀ ਆਦਿ ਆਉਂਦੇ ਹਨ। ਅਖੀਰਲਾ ਵਰਗ ਪੰਜ

ਇੰਦਰੀ ਵਾਲੇ ਜੀਵਾਂ ਦਾ ਹੈ। ਜਿਹਨਾਂ ਵਿਚ ਪੰਜ ਇੰਦਰੀਆਂ (ਸਪਰਸ਼, ਰਸਨਾ, ਸੁੰਘਣ, ਦ੍ਰਿਸ਼ਟੀ ਅਤੇ ਸ੍ਰਵਣ ਸ਼ਕਤੀ) ਹਨ। ਇਸ ਸ਼੍ਰੇਣੀ ਵਿਚ (1) ਜਲਚਰ ਵਿਚ ਮੱਛੀ (2) ਸਥਲਚਰ ਵਿਚ ਗਾਂ, ਮੱਝ, ਘੋੜੇ, ਮਨੁੱਖ ਆਦਿ (3) ਖੇਚਰ ਵਿਚ ਪੰਛੀ (4) ਉਰਿਸਰਪ ਵਿਚ ਰੀਂਗਣ ਵਾਲੇ ਜਿਵੇਂ ਸੱਪ (5) ਭੁਜਿਪਰਿਸਰਪ ਭਾਵ ਬਾਂਹਵਾਂ ਦੇ ਸਹਾਰੇ ਚਲਣ ਵਾਲੇ ਜੀਵ ਜਿਵੇਂ ਚੂਹੇ, ਨਿਉਲੇ ਆਦਿ ਜੀਵ ਆ ਜਾਂਦੇ ਹਨ।[57]

ਜੈਨ ਅਚਾਰੀਆਂ ਨੇ ਪ੍ਰਕਿਰਤੀ ਦੇ ਹਰ ਅੰਗ ਵਿਚ ਜੀਵ (ਆਤਮਾ) ਸਮਝ ਕੇ ਇਸ ਨੂੰ ਸੁਰੱਖਿਅਤ ਰਖਣ ਦਾ ਬੇਹਦ ਜਤਨ ਕੀਤਾ ਹੈ। ਅਹਿੰਸਾ ਮਹਾਵੀਰ ਜੀ ਦਾ ਪ੍ਰਮੁੱਖ ਸਿਧਾਂਤ ਹੈ। ਜਿਸ ਕਾਰਨ ਜੈਨ ਧਰਮ ਦੀ ਦਿੱਤੀ ਅਹਿੰਸਕ ਦ੍ਰਿਸ਼ਟੀ ਨੇ ਪ੍ਰਿਥਵੀ, ਜਲ, ਅਗਨੀ ਵਾਯੂ ਅਤੇ ਬਨਸਪਤੀ, ਸਮੁੱਚੇ ਜੀਵ-ਜੰਤੂਆਂ ਨੂੰ ਅਹਿੰਸਾ ਦੇ ਵਚਨ ਅਨੁਸਾਰ ਬਚਾਉਣ ਦਾ ਜਤਨ ਕੀਤਾ ਹੈ।[58]

**(ੲ) ਬੁੱਧ ਧਰਮ:** ਬੁੱਧ ਧਰਮ ਦੇ ਸੰਸਥਾਪਕ ਮਹਾਤਮਾ ਬੁੱਧ ਦਾ ਜਨਮ 560 ਈ: ਪੂ. ਵਿਚ ਕਪਿਲਵਸਤੂ ਨੇੜੇ ਲੁਬਿੰਨੀ ਨਾਂ ਦੇ ਵਣ ਵਿਚ ਹੋਇਆ। ਮਹਾਤਮਾ ਬੁੱਧ ਨੇ ਆਪ ਕੋਈ ਪੁਸਤਕ ਜਾਂ ਗ੍ਰੰਥ ਨਹੀਂ ਲਿਖਿਆ, ਉਹਨਾਂ ਦੇ ਮੌਖਿਕ ਉਪਦੇਸ਼ਾਂ ਤੋਂ ਹੀ ਬੋਧੀ ਧਰਮ ਗ੍ਰੰਥਾਂ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਮਹਾਤਮਾ ਬੁੱਧ ਦੇ ਨਿਰਵਾਣ ਮਗਰੋਂ ਉਹਨਾਂ ਦੇ ਚੇਲਿਆਂ ਨੇ ਉਪਦੇਸ਼ਾਂ ਦਾ ਸੰਕਲਨ ਤਿੰਨ ਭਾਗਾਂ ਸੁਤਪਿਟਕ, ਵਿਨਯਪਿਟਕ ਅਤੇ ਅਭਿਧੰਮਪਿਟਕ ਦੇ ਰੂਪ ਵਿਚ ਕੀਤਾ, ਜਿਹਨਾਂ ਨੂੰ 'ਤ੍ਰਿਪਿਟਕ' ਕਿਹਾ ਜਾਂਦਾ ਹੈ।

ਮਹਾਤਮਾ ਬੁੱਧ ਦੇ ਜਨਮ, ਗਿਆਨ, ਪਹਿਲਾ ਉਪਦੇਸ਼ ਅਤੇ ਨਿਰਵਾਣ ਜੀਵਨ ਦੀਆਂ ਚਾਰ ਮੁੱਖ ਘਟਨਾਵਾਂ ਵਿਚ ਕੁਦਰਤੀ ਚੁਗਿਰਦਾ ਭਾਈਵਾਲ ਰਿਹਾ ਹੈ।[59]

---

57 ਹਰਪਾਲ ਸਿੰਘ ਪੰਨੂ, *ਭਾਰਤ ਦੇ ਪੁਰਾਤਨ ਧਰਮ: ਇਕ ਸਰਵੇਖਣ*, ਪੰਨੇ 119-120.

58 भागचन्द्र जैन भास्कर, *जैन धर्म और पर्यावरण,* न्यू भारती बुक कारपोरेशन, दिल्ली, मितीहीन, पृष्ठ 14.

59 "His birth, enlightenment, the first sermon and his nirvana, all these four major events, are closely associated with natural surroundings, and all illustrative of his great admiration for nature."
S.P. Dubey, 'Buddihst Ecology', *Ecological Perspectives in Buddhism*, Ed. K.C. Pandey, Readworthy, New Delhi, 2007, p. 25.

**ਸ੍ਰਿਸ਼ਟੀ ਰਚਨਾ:** ਬੁੱਧ ਧਰਮ ਵਿਚ ਸ੍ਰਿਸ਼ਟੀ ਦੀ ਰਚਨਾ ਸੰਬੰਧੀ ਕਿਸੇ ਰਚੇਤਾ ਜਾਂ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਕੀਤਾ ਗਿਆ। ਸ੍ਰਿਸ਼ਟੀ ਦੀ ਇਸ ਸਮੁੱਚੀ ਹੋਂਦ ਦਾ ਤਿੰਨ ਪ੍ਰਕਾਰ ਦੇ ਤੱਤਾਂ ਸਕੰਧ, ਆਇਤਨ, ਧਾਤੂ ਵਿਚ ਵਰਗੀਕਰਨ ਕੀਤਾ ਗਿਆ ਹੈ। ਰਾਹੁਲ ਸੰਕ੍ਰਿਤਾਇਨ ਅਨੁਸਾਰ ਜਿਸ ਕਿਸੇ ਵੀ ਵਸਤੂ ਦਾ ਅਸਤਿਤਵ ਹੈ ਉਹ ਪੰਜ ਸਕੰਧਾਂ ਰੂਪ, ਵੇਦਨਾ, ਸੰਗਿਆ, ਸੰਸਕਾਰ ਅਤੇ ਵਿਗਿਆਨ ਤੋਂ ਮਿਲ ਕੇ ਬਣੀ ਹੈ। ਰੂਪ ਦਾ ਅਰਥ ਭੌਤਿਕ ਵਸਤਾਂ ਹਨ, ਜਿਹਨਾਂ ਵਿਚ ਪ੍ਰਿਥਵੀ, ਜਲ, ਅਗਨੀ ਅਤੇ ਹਵਾ ਨੂੰ ਮੰਨਿਆ ਹੈ। ਇਹਨਾਂ ਨੂੰ ਚਾਰ ਮਹਾਂ ਭੂਤ ਕਿਹਾ ਗਿਆ ਹੈ।[60] ਬੁੱਧ ਧਰਮ ਵਿਚ ਇਹਨਾਂ ਪੰਜਾਂ ਉਪਾਦਨ ਸਕੰਧਾਂ ਨੂੰ ਦੁੱਖ ਰੂਪ ਮੰਨਿਆ ਹੈ। ਬੁੱਧ ਧਰਮ ਵਿਚ ਪ੍ਰਿਥਵੀ ਨੂੰ ਜਲ ਉਪਰ, ਜਲ ਨੂੰ ਵਾਯੂ ਉਪਰ ਅਤੇ ਵਾਯੂ ਨੂੰ ਅਕਾਸ਼ ਉਪਰ ਨਿਰਭਰ ਮੰਨਿਆ ਗਿਆ ਹੈ।

ਮਹਾਤਮਾ ਬੁੱਧ ਅਨੁਸਾਰ ਜਗਤ ਵਿਚ ਕੋਈ ਵੀ ਵਸਤ ਅਜਿਹੀ ਨਹੀਂ ਜਿਸ ਨੂੰ ਸਤ ਮੰਨਿਆ ਜਾ ਸਕਦਾ ਹੈ। ਹਰ ਵਸਤ ਜਿਹੜੀ ਇਕ ਪਲ ਹੁੰਦੀ ਉਹ ਦੂਜੇ ਪਲ ਉਹ ਨਾ ਰਹਿ ਕੇ ਹੋਰ ਹੁੰਦੀ ਹੈ। ਕੋਈ ਵੀ ਮਨੁੱਖ, ਦੇਵੀ-ਦੇਵਤਾ, ਚੇਤਨ ਜਾਂ ਜੜ੍ਹ ਕੁਝ ਵੀ ਅਜਿਹਾ ਨਹੀਂ ਹੈ ਜੋ ਸਥਾਈ ਹੋਵੇ ਤੇ ਤਬਦੀਲੀ ਰਹਿਤ ਹੋਵੇ। ਸਾਰਾ ਸੰਸਾਰ ਇਕ ਪ੍ਰਵਾਹ ਜਾਂ ਧਾਰਾ ਵਾਂਗ ਹੈ। ਸਾਰੇ ਪ੍ਰਾਣੀ, ਕਾਰਜ, ਵਸਤੂਆਂ, ਘਟਨਾਵਾਂ, ਪਦਾਰਥ ਆਦਿਕ ਕਾਰਨ ਕਾਰਜ ਦੀ ਕੜੀ ਵਿਚ ਬਝੇ ਹੋਏ ਹਨ। ਬੁੱਧ ਨੇ ਕਿਹਾ ਹੈ- ਯੰ ਭੂਤ ਤੰ ਨਿਰੋਧਧਮੰ (ਜੋ ਪੈਦਾ ਹੋਇਆ ਹੈ ਨਾਸ ਹੋਵੇਗਾ)[61]

**ਬਨਸਪਤੀ:** ਮਹਾਤਮਾ ਬੁੱਧ ਨੇ ਪਿਤਾ ਦੇ ਸਾਕਯਵੰਸ਼ੀ ਰਾਜਾ ਹੋਣ ਤੇ ਵੀ ਰਾਜ ਗ੍ਰਹਿ ਨੂੰ ਛਡ ਕੇ ਕੁਦਰਤ ਦੀ ਗੋਦੀ ਵਿਚ ਜੀਵਨ ਬਿਤਾਉਣ ਨੂੰ ਤਰਜੀਹ ਦਿੱਤੀ। ਉਹਨਾਂ ਦਾ ਜਨਮ ਲੁੰਬਿਨੀ ਵਣ ਵਿਚ ਮਾਂ ਮਹਾਂ ਮਾਇਆ ਵਲੋਂ ਦਰਖ਼ਤ ਦੀ ਟਾਹਣੀ ਦਾ ਸਹਾਰਾ ਲੈਣ ਨਾਲ ਹੋਇਆ ਸੀ। ਡਾ. ਹਰਪਾਲ ਸਿੰਘ ਪੰਨੂ ਅਨੁਸਾਰ, "ਸ਼ਾਇਦ ਕੁਦਰਤ ਨੂੰ ਅਜਿਹਾ ਮਨਜ਼ੂਰ ਸੀ ਕਿ ਜਿਸ ਬਾਲਕ ਨੇ

---

60 राहुल सांकृत्यान, *दर्शन दिग्दर्शन,* किताब महल, इलाहाबाद, 2013, पृष्ठ 389.

61 ਐਲ.ਐਮ.ਜੋਸ਼ੀ ਅਤੇ ਸ਼ਾਰਦਾ ਗਾਂਧੀ (ਸੰਪਾ. ਅਤੇ ਅਨੁ.), *ਧੱਮਪਦ,* ਪੰਜਾਬੀ ਯੂਨੀਵਰਸਟੀ, ਪਟਿਆਲਾ, 1969, ਪੰਨਾ 17.

ਸ਼ਾਹੀ ਮਹਿਲਾਂ ਦੀ ਥਾਂ ਬਣਵਾਸੀ ਜੀਵਨ ਨੂੰ ਚੁਣਨਾ ਸੀ, ਉਸ ਦਾ ਜਨਮ ਵੀ ਜੰਗਲ ਵਿਚ ਹੋਵੇ।"[62] ਮਹਾਤਮਾ ਬੁੱਧ ਦਾ ਬਨਸਪਤੀ ਨਾਲ ਹਮੇਸ਼ਾ ਲਗਾਓ ਰਿਹਾ ਹੈ। ਮਹਾਤਮਾ ਬੁੱਧ ਨੂੰ 'ਉਰੂਵੇਲਾ' ਜੰਗਲ ਵਿਚ ਨਿਰੰਜਨਾ ਨਦੀ ਦੇ ਤੱਟ ਤੇ 'ਪਿਪਲ' ਦੇ ਦਰਖ਼ਤ ਹੇਠ ਗਿਆਨ ਪ੍ਰਾਪਤੀ ਹੋਈ ਸੀ। ਬੁੱਧ ਧਰਮ ਵਿਚ ਇਸ ਦਰਖ਼ਤ ਨੂੰ 'ਬੋਧੀ ਬ੍ਰਿਛ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਰੂਵੇਲਾ 'ਇਕ ਸੁਹਾਵਣੀ ਥਾਂ ਤੇ ਸੁੰਦਰ ਜੰਗਲ' ਸੀ ਜੋ ਚੇਤਨਤਾ ਨੂੰ ਸ਼ਾਂਤੀ ਅਤੇ ਮਨ ਨੂੰ ਪ੍ਰੇਰਨਾ ਦਿੰਦਾ ਸੀ। ਭਾਰਤ ਵਿਚ ਇਹ ਆਮ ਧਾਰਨਾ ਸੀ ਕਿ ਸ਼ਾਂਤ ਅਤੇ ਸੁੰਦਰ ਪ੍ਰਕਿਰਤਿਕ ਨਜ਼ਾਰਿਆਂ ਵਾਲੀ ਧਰਤੀ ਵਿਚ ਪਵਿਤਰ ਜੀਵਨ ਬੜੀ ਆਸਾਨੀ ਨਾਲ ਬਸਰ ਕੀਤਾ ਜਾ ਸਕਦਾ ਹੈ ਕਿਉਂ ਜੋ ਉਥੇ ਟਿਕਾਅ, ਸ਼ਾਂਤੀ ਅਤੇ ਪ੍ਰੇਰਨਾ ਮਿਲਦੀ ਹੈ।[63]

ਮਹਾਤਮਾ ਬੁੱਧ ਨੇ ਗਿਆਨ ਪ੍ਰਾਪਤੀ ਤੋਂ ਬਾਅਦ ਸੱਤ ਹਫ਼ਤਿਆਂ ਤੱਕ ਵੱਖ-ਵੱਖ ਦਰਖ਼ਤਾਂ ਥਲੇ ਧਿਆਨ ਲਗਾਇਆ ਸੀ। ਜਿਹਨਾਂ ਵਿਚ ਇਕ ਹਫ਼ਤਾ ਬੋਧੀ ਬ੍ਰਿਛ ਦੇ ਨੀਚੇ 'ਪ੍ਰਤੀਤ-ਸਮੁਤਪਾਦਕਾ' ਦਾ ਅਨੁਲੋਮ ਤੇ ਵਿਲੋਮ ਰੂਪ ਵਿਚ ਧਿਆਨ ਕੀਤਾ ਸੀ।[64] ਉਹਨਾਂ ਨੇ ਆਪਣੇ ਪੰਜ ਬਣਵਾਸੀ ਚੇਲਿਆਂ ਨੂੰ 'ਅਜਾਪਾਲ'[65] ਦਰਖ਼ਤ ਦੇ ਥੱਲੇ ਪਹਿਲਾ ਉਪਦੇਸ਼ ਦਿੱਤਾ ਸੀ। ਮਗਰੋਂ ਮਹਾਤਮਾ ਬੁੱਧ ਇਕ ਹਫ਼ਤੇ ਤੱਕ 'ਮੁਚਲਿੰਦ'[66] ਦਰਖ਼ਤ ਅਤੇ ਇਕ ਮਹੀਨੇ ਤੱਕ 'ਰਾਜਾਇਤਨ'[67] ਦਰਖ਼ਤ ਦੇ ਨੀਚੇ ਧਿਆਨ ਕਰਦੇ ਰਹੇ ਹਨ। ਗਿਆਨ ਪ੍ਰਾਪਤ ਕਰਨ ਮਗਰੋਂ ਮਹਾਤਮਾ ਬੁੱਧ ਨੇ ਆਪਣਾ ਬਹੁਤਾ ਸਮਾਂ ਘਰਾਂ ਤੋਂ ਬਾਹਰ ਜੰਗਲਾਂ ਵਿਚ ਦਰਖ਼ਤਾਂ ਦੀ ਛਾਂ ਹੇਠ ਬਿਤਾਇਆ ਸੀ। ਮਹਾਤਮਾ ਬੁੱਧ ਨੇ ਮਹਾਂ ਪਰਿਨਿਰਵਾਣ ਵੀ ਦੋ 'ਸਾਲ' ਦੇ ਦਰਖ਼ਤਾਂ ਥਲੇ ਕੁਸ਼ੀਨਗਰ ਵਿਚ ਪ੍ਰਾਪਤ ਕੀਤਾ ਸੀ। ਮਹਾਤਮਾ ਬੁੱਧ ਨੇ ਦਰਖ਼ਤਾਂ ਦੀ ਮਹਾਨਤਾ ਨੂੰ ਦਸਦਿਆਂ ਆਪਣੇ ਚੇਲਿਆਂ ਨੂੰ ਉਪਦੇਸ਼

---

62 ਹਰਪਾਲ ਸਿੰਘ ਪੰਨੂ, *ਭਾਰਤ ਦੇ ਪੁਰਾਤਨ ਧਰਮ: ਇਕ ਸਰਵੇਖਣ*, ਪੰਨਾ 141.

63 *ਰਾਧਾ ਕ੍ਰਿਸ਼ਨਨ ਵਿਚਾਰ ਦਰਪਣ*, ਭਾਸ਼ਾ ਵਿਭਾਗ, ਪੰਜਾਬ, 1989, ਪੰਨਾ 309.

64 राहुल सांकृत्यायन (अनु.), *विनय पिटक*, गोतम बुक सेन्टर, दिल्ली, द्वितीय संस्करण, 2010, पृष्ठ 71.

65 ਉਹੀ, ਪੰਨਾ 72.

66 ਉਹੀ, ਪੰਨਾ 73.

67 ਉਹੀ, ਪੰਨਾ 73.

ਵਿਚ ਕਿਹਾ ਕਿ ਦਰਖ਼ਤ ਸਾਨੂੰ ਸੁਖ ਦੇਣ ਵਾਲੀ ਛਾਂ ਦਿੰਦੇ ਹਨ, ਤੁਸੀਂ ਆਪਹੁਦਰਾਪਣ ਕਰਨ ਵਾਲੇ ਜ਼ਾਲਮ ਬਣ ਕੇ ਇਸ ਦੀਆਂ ਟਾਹਣੀਆਂ ਨਾ ਕਟੋ।[68] ਮਹਾਤਮਾ ਬੁੱਧ ਨੇ ਬੋਧੀ ਭਿਖਸ਼ੂਆਂ ਨੂੰ ਪਾਣੀ ਅਤੇ ਹਰੇ ਘਾਹ ਨੂੰ ਗੰਦਾ ਨਾ ਕਰਨ ਦੇ ਉਪਦੇਸ਼ ਵੀ ਦਿੱਤੇ ਹਨ। ਬੁੱਧ ਧਰਮ ਅਨੁਸਾਰ ਨਿੰਮ, ਕੁਟਜ, ਪਟੋਲ, ਤੁਲਸੀ, ਕਪਾਹ, ਪਿਪਲ, ਬਹੇੜਾ, ਆਂਵਲਾ ਆਦਿ ਦਰਖ਼ਤਾਂ ਅਤੇ ਇਹਨਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਦਰਖ਼ਤਾਂ ਦੀਆਂ ਜੜ੍ਹਾਂ, ਫੁਲ, ਪੱਤੇ ਆਦਿ ਤੋਂ ਔਸ਼ਧੀ ਤਿਆਰ ਕੀਤੀ ਜਾਂਦੀ ਹੈ।[69]

ਮਹਾਤਮਾ ਬੁੱਧ ਅਤੇ ਭਿਕਸ਼ੂ ਮੰਡਲੀ ਲਈ ਮਗਧ ਦੇ ਰਾਜੇ ਬਿੰਬੀਸਰ ਦੁਆਰਾ ਰਾਜ ਗ੍ਰਹਿ ਵਿਖੇ ਬਾਂਸ ਦੇ ਦਰਖ਼ਤਾਂ ਦੀਆਂ ਝਾੜੀਆਂ ਹੇਠ ਬੋਧੀ ਮਠ ਬਣਾਏ ਗਏ ਸਨ ਜਿਹਨਾਂ ਨੂੰ 'ਵੇਣੂਵਨਾ' (Veluvana)[70] ਕਿਹਾ ਜਾਂਦਾ ਹੈ। ਮਹਾਤਮਾ ਬੁੱਧ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਬੋਧੀ ਭਿਕਸ਼ੂਆਂ ਦਾ ਦਰਖ਼ਤਾਂ ਦੀਆਂ ਜੜਾਂ ਨਾਲ ਆਸਣ ਲਗਾ ਕੇ ਬੈਠਣ ਨੂੰ 'ਰੁਖਾਮੂਲਸਨਾਸਨਾ' (Rukkhamula-senasana) ਕਿਹਾ ਜਾਂਦਾ ਹੈ।

**ਜੀਵ-ਜੰਤੂ:** ਮਹਾਤਮਾ ਬੁੱਧ ਆਪਣੇ ਭਿਖਸ਼ੂਆਂ ਨੂੰ ਜੀਵਾਂ ਨਾਲ ਵੀ ਦੋਸਤਾਨਾ ਅਤੇ ਦਿਆਲਤਾ ਪੂਰਨ ਸੰਬੰਧ ਰਖਣ ਦੀ ਪ੍ਰੇਰਨਾ ਦਿੰਦੇ ਹਨ। ਬੁੱਧ ਧਰਮ ਵਿਚ ਕਿਸੇ ਖ਼ਾਸ ਹਾਲਾਤ ਨੂੰ ਛਡ ਕੇ ਬਾਕੀ ਸਮੇਂ ਮਾਸ ਖਾਣ ਦੀ ਮਨਾਹੀ ਹੈ। ਭਿਖਸ਼ੂਆਂ ਨੂੰ ਆਦਮੀ, ਹਾਥੀ, ਘੋੜਾ, ਕੁੱਤਾ, ਸੱਪ, ਸ਼ੇਰ, ਬਾਘ, ਚੀਤਾ, ਰਿੱਛ ਅਤੇ ਲਕੜਬਗਾ ਆਦਿ ਜਾਨਵਰਾਂ ਦਾ ਮਾਸ ਖਾਣ ਦੀ ਪੱਕੀ ਮਨਾਹੀ ਹੈ।[71] ਮਹਾਤਮਾ ਬੁੱਧ ਨੇ ਚਮੜੇ ਤੋਂ ਬਣੀ ਜੁੱਤੀ ਪਹਿਨਣ ਤੋਂ ਵੀ ਵਰਜਿਆ ਹੈ ਤਾਂ ਕਿ ਕਿਤੇ ਚਮੜੇ ਲਈ ਇਹਨਾਂ ਜਾਨਵਰਾਂ ਨੂੰ ਨਾ ਮਾਰਿਆ ਜਾਵੇ। ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਤਹਿਤ ਰਾਜਾ ਅਸ਼ੋਕ ਨੇ ਆਪਣੇ ਰਾਜ ਵਿਚ ਬਲੀ ਪ੍ਰਥਾ ਬੰਦ ਕਰਵਾ ਕੇ ਪਸ਼ੂ ਪੰਛੀਆਂ ਦੀ ਸੰਭਾਲ ਲਈ ਅਨੇਕ

---

68 ਉਹੀ, ਪੰਨਾ 59.

69 द्वारिकादासशास्त्री (संपा. और अनु.), *विनय पिटक के महावग्गपालि*, बोद्धभारती, वाराणसी, 1998, पृष्ठ 49.

70 ਉਹੀ, ਪੰਨਾ 59.

71 ਉਹੀ, ਪੰਨਾ 50.

ਹਸਪਤਾਲ ਖੋਲੇ, ਅਨੇਕ ਖੂਹ ਲਗਵਾਏ ਅਤੇ ਪਾਣੀ ਦੇ ਹੌਜ਼ ਬਣਵਾਏ ਹੋਏ ਸਨ।

**2. ਪੱਛਮੀ ਧਰਮ:**

**(ੳ) ਯਹੂਦੀ ਧਰਮ ਅਤੇ ਇਸਾਈ ਧਰਮ:** ਸਾਮੀ ਧਰਮਾਂ ਦੀ ਪਿਠ-ਭੂਮੀ ਇਕ ਹੋਣ ਕਾਰਨ ਮੁੱਢਲੇ ਗ੍ਰੰਥਾਂ ਵਿਚ ਉਤਰ ਧਰਮਾਂ ਦੀ ਆਸਥਾ ਵੇਖੀ ਜਾ ਸਕਦੀ ਹੈ। ਯਹੂਦੀ ਧਰਮ ਅਤੇ ਇਸਾਈ ਧਰਮ ਦਾ ਆਧਾਰ ਬਾਈਬਲ ਹੈ, ਜਿਸ ਦੀਆਂ 66 ਪੁਸਤਕਾਂ ਹਨ। ਇਸ ਨੂੰ ਦੋ ਭਾਗਾਂ ਪੁਰਾਣਾ ਅਹਿਦਨਾਮਾ ਅਤੇ ਨਵਾਂ ਅਹਿਦਨਾਮਾ ਵਿਚ ਵੰਡਿਆ ਹੋਇਆ ਹੈ। ਪੁਰਾਣਾ ਅਹਿਦਨਾਮਾ (39 ਪੁਸਤਕਾਂ) ਯਹੂਦੀ ਧਰਮ ਨਾਲ ਅਤੇ ਨਵਾਂ ਅਹਿਦਨਾਮਾ (27 ਪੁਸਤਕਾਂ) ਇਸਾਈ ਧਰਮ ਨਾਲ ਸੰਬੰਧਿਤ ਹੈ।

**ਸ੍ਰਿਸ਼ਟੀ ਰਚਨਾ**: ਯਹੋਵਾ ਹੀ ਕੁਦਰਤ ਦਾ ਰਚਨਹਾਰ ਹੈ। ਪਰਮੇਸ਼ਰ ਨੇ ਪ੍ਰਿਥਵੀ ਨੂੰ ਆਪਣੀ ਸ਼ਕਤੀ ਸਮਰਥਾ ਨਾਲ ਬਣਾਇਆ ਹੈ। ਉਸ ਨੇ ਜਗਤ ਨੂੰ ਆਪਣੀ ਬੁੱਧੀ ਦੁਆਰਾ ਸਥਿਰ ਕੀਤਾ ਅਤੇ ਅਕਾਸ਼ ਨੂੰ ਆਪਣੀ ਕਲਾ ਸ਼ਕਤੀ ਨਾਲ ਤਾਣਿਆ ਹੋਇਆ ਹੈ। ਯਹੋਵਾ ਅਨੁਸਾਰ 'ਮੈਂ ਹੀ ਧਰਤੀ ਨੂੰ ਬਣਾਇਆ ਅਤੇ ਉਸ ਉਪਰ ਮਨੁਖਾਂ ਦੀ ਸਿਰਜਣਾ ਕੀਤੀ ਹੈ ਮੈਂ ਹੀ ਆਪਣੇ ਹੱਥਾਂ ਨਾਲ ਅਕਾਸ਼ ਨੂੰ ਤਾਣਿਆ ਹੈ'।[72]

ਸ੍ਰਿਸ਼ਟੀ ਦੀ ਰਚਨਾ ਸੰਬੰਧੀ ਜ਼ਿਕਰ ਬਾਈਬਲ ਦੀ 'ਉਤਪਤੀ' ਨਾਮੀ ਪੁਸਤਕ ਵਿਚ ਆਉਂਦਾ ਹੈ। ਜਿਸ ਅਨੁਸਾਰ ਆਰੰਭ ਵਿਚ ਕੇਵਲ ਪਰਮਾਤਮਾ ਹੀ ਸੀ ਜਿਸ ਨੇ ਆਪਣੀ ਸ਼ਕਤੀ ਨਾਲ ਧਰਤੀ, ਅਕਾਸ਼, ਅੰਤਰਿਕਸ਼, ਜਗਤ ਦੇ ਭੌਤਿਕ ਤੱਤ, ਬਨਸਪਤੀ, ਪਸ਼ੂ-ਪੰਛੀ ਅਤੇ ਮਨੁੱਖ ਜਿਹੇ ਬੌਧਿਕ ਪ੍ਰਾਣੀਆਂ ਦੀ ਰਚਨਾ ਕੀਤੀ, ਸਮੇਂ ਨੂੰ ਵੀ ਪਰਮਾਤਮਾ ਨੇ ਹੀ ਬਣਾਇਆ। ਅਰੰਭ ਵਿਚ ਹਨੇਰੇ ਦੀ ਸਥਿਤੀ ਭਾਵ ਸੁੰਨ ਦੀ ਅਵਸਥਾ ਸੀ, ਜਿਸ ਵਿਚ ਕੇਵਲ ਪਰਮਾਤਮਾ ਦੀ ਹੀ ਹੋਂਦ ਸੀ। ਪਰਮਾਤਮਾ ਨੇ ਛੇ ਦਿਨਾਂ ਵਿਚ ਸ੍ਰਿਸ਼ਟੀ ਰਚਨਾ ਕੀਤੀ[73]:

---

72 ਪਵਿੱਤਰ ਬਾਈਬਲ ਪੁਰਾਣਾ ਨੇਮ, ਯਸ਼ਾਯਾਹ 45/12.

73 ਉਹੀ, ਉਤਪਤੀ 1-2.

1. ਅਰੰਭ ਵਿਚ ਧਰਤੀ ਬੇਡੋਲ ਅਤੇ ਸੁੰਞੀ ਖੜੀ ਸੀ ਉਸ ਦੀ ਤਹਿ ਉਪਰ ਘੁੱਪ ਹਨੇਰ ਸੀ। ਚਾਰੇ ਪਾਸੇ ਪਾਣੀ ਹੀ ਪਾਣੀ ਤੇ ਹਨੇਰ ਪਸਰਿਆ ਹੋਇਆ ਸੀ। ਪਰਮੇਸ਼ਰ ਦੀ ਆਤਮਾ ਪਾਣੀ ਉਪਰ ਤੈਰ ਰਹੀ ਸੀ। ਉਸ ਨੇ ਕਿਹਾ ਚਾਨਣ ਹੋ ਜਾਵੇ ਜੋ ਉਸ ਨੂੰ ਚੰਗਾ ਲੱਗਿਆ। ਫਿਰ ਉਸ ਨੇ ਪ੍ਰਕਾਸ਼ ਅਤੇ ਹਨੇਰੇ ਨੂੰ ਅਲਗ ਕੀਤਾ, ਪ੍ਰਕਾਸ਼ ਨੂੰ ਦਿਨ ਅਤੇ ਹਨੇਰੇ ਨੂੰ ਰਾਤ ਕਿਹਾ।
2. ਦੂਜੇ ਦਿਨ ਪਾਣੀਆਂ ਦੀ ਵੰਡ ਕੀਤੀ। ਇਸ ਉਦੇਸ਼ ਦੀ ਪੂਰਤੀ ਲਈ ਉਸ ਨੇ ਉਪਰ ਅਤੇ ਹੇਠਲੇ ਪਾਣੀ ਵਿਚਕਾਰ ਅੰਬਰ ਬਣਾਇਆ।
3. ਤੀਜੇ ਦਿਨ ਅਕਾਸ਼ ਦੇ ਨੀਚੇ ਵਾਲੇ ਪਾਣੀ ਨੂੰ ਇਕੱਠਾ ਕੀਤਾ ਤੇ ਸੁਕੀ ਧਰਤੀ ਬਣਾਈ। ਇਕੱਠੇ ਕੀਤੇ ਪਾਣੀ ਨੂੰ ਸਮੁੰਦਰ ਦਾ ਨਾਂ ਦਿੱਤਾ ਅਤੇ ਧਰਤੀ ਉਪਰ ਘਾਹ, ਬ੍ਰਿਛ, ਫਲ, ਫੁੱਲ ਵਾਲੀ ਬਨਸਪਤੀ ਪੈਦਾ ਕੀਤੀ।
4. ਚੌਥੇ ਦਿਨ ਪਰਮੇਸ਼ਰ ਨੇ ਅਕਾਸ਼ ਵਿਚ ਪ੍ਰਕਾਸ਼ ਪੈਦਾ ਕਰ ਕੇ ਵੰਡਿਆ ਅਤੇ ਅੰਬਰ ਵਿਚ ਚੰਦ ਅਤੇ ਸੂਰਜ ਦੋ ਜੋਤਾਂ ਬਣਾਈਆਂ ਅਤੇ ਕਿਹਾ ਕਿ ਚੰਦ ਰਾਤ ਉਤੇ ਅਤੇ ਸੂਰਜ ਦਿਨ ਉਤੇ ਰਾਜ ਕਰੇ। ਇਸ ਤੋਂ ਇਲਾਵਾ ਤਾਰੇ ਵੀ ਬਣਾਏ।
5. ਪੰਜਵੇਂ ਦਿਨ ਪਰਮੇਸ਼ਰ ਨੇ ਆਖਿਆ ਪਾਣੀ ਢੇਰ ਸਾਰੇ ਜੀਵਾਂ ਨਾਲ ਭਰ ਜਾਵੇ ਅਤੇ ਅਕਾਸ਼ ਵਿਚ ਪੰਛੀ ਉਡਣ। ਇਸ ਤਰ੍ਹਾਂ ਪਾਣੀ ਜੀਵਾਂ ਨਾਲ ਭਰ ਗਿਆ ਅਤੇ ਅਕਾਸ਼ ਵਿਚ ਪੰਛੀ ਉਡਣ ਲਗੇ। ਫਿਰ ਉਸ ਨੇ ਧਰਤੀ ਉਤੇ ਚਲਣ ਵਾਲੇ ਵੱਡੇ-ਵੱਡੇ ਜੀਵ ਪੈਦਾ ਕੀਤੇ ਅਤੇ ਉਹਨਾਂ ਨੂੰ ਸਮੁੰਦਰ ਅਤੇ ਧਰਤੀ ਉਤੇ ਵਧਣ-ਫੁਲਣ ਦੀ ਅਸੀਸ ਦਿੱਤੀ।
6. ਛੇਵੇਂ ਦਿਨ ਪਰਮੇਸ਼ਰ ਨੇ ਆਪਣੇ ਸਰੂਪ ਵਾਲੇ ਆਦਮੀ ਨੂੰ ਪੈਦਾ ਕੀਤਾ। ਮਨੁੱਖ ਨੂੰ ਐਸਾ ਬਣਾਇਆ ਜਿਹੜਾ ਸਮੁੰਦਰ ਦੀਆਂ ਮੱਛੀਆਂ ਅਤੇ ਧਰਤੀ ਉਤੇ ਵਸਣ ਵਾਲੇ ਹਰ ਤਰ੍ਹਾਂ ਦੇ ਜੀਵਾਂ ਉਤੇ ਰਾਜ ਕਰ ਸਕੇ। ਨਰ ਅਤੇ ਨਾਰੀ ਦੋਨਾਂ ਨੂੰ ਪੈਦਾ ਕਰ ਕੇ ਪਰਮੇਸ਼ਰ ਨੇ ਵਰ ਦਿੱਤਾ ਕਿ ਜਾਓ ਵਧੋ ਫੁਲੋ ਤੇ ਸਾਰੀ ਧਰਤੀ ਨੂੰ ਭਰ ਦਿਉ ਅਤੇ ਸਮੁੰਦਰ, ਧਰਤੀ ਤੇ ਦੋਨਾਂ

ਉਤੇ ਵਸਣ ਵਾਲੇ ਸਭ ਜੀਵਾਂ ਅਤੇ ਅਕਾਸ਼ ਵਿਚ ਉਡਣ ਵਾਲੇ ਜੀਵਾਂ ਉਤੇ ਰਾਜ ਕਰੋ। ਫਿਰ ਪਰਮੇਸ਼ਰ ਨੇ ਕਿਹਾ ਵੇਖੋ ਮੈਂ ਤੁਹਾਨੂੰ ਹਰ ਬੀਜ ਵਾਲਾ ਸਾਗ ਪੱਤਾ ਜਿਹੜਾ ਵੀ ਧਰਤੀ ਉਪਰ ਹੈ ਅਤੇ ਹਰ ਬ੍ਰਿਛ ਵਿਚ ਉਸ ਦਾ ਬੀਜ ਅਥਵਾ ਫੁੱਲ ਹੈ, ਤੁਹਾਡੇ ਖਾਣ ਵਾਸਤੇ ਦੇ ਦਿੱਤਾ ਹੈ। ਧਰਤੀ ਤੇ ਸਮੁੰਦਰ ਵਿਚ ਵਸਦੇ ਹਰ ਜਾਨਵਰ ਨੂੰ ਉਹਨਾਂ ਦੇ ਜਿਉਂਦੇ ਰਹਿਣ ਲਈ ਭੋਜਨ ਦਿੱਤਾ ਗਿਆ।

ਇਸ ਤਰ੍ਹਾਂ ਪਰਮਾਤਮਾ ਨੇ ਛੇ ਦਿਨਾਂ ਵਿਚ ਸ੍ਰਿਸ਼ਟੀ ਪੈਦਾ ਕੀਤੀ। ਸੱਤਵੇਂ ਦਿਨ ਉਸ ਨੇ ਇਸ ਕਾਰਜ ਨੂੰ ਪੂਰਾ ਕਰਨ ਤੋਂ ਬਾਅਦ ਆਰਾਮ ਕੀਤਾ। ਸ੍ਰਿਸ਼ਟੀ ਰਚਨਾ ਸੰਬੰਧੀ ਯਹੂਦੀ ਅਤੇ ਇਸਾਈ ਧਰਮ ਵਿਚ ਕੇਵਲ ਇੰਨਾ ਫ਼ਰਕ ਹੈ ਕਿ ਯਹੂਦੀ ਧਰਮ ਵਿਚ ਰਚਨਾ ਮਗਰੋਂ ਸਨਿਚਰਵਾਰ ਨੂੰ ਸੱਤਵਾਂ ਆਰਾਮ ਦਾ ਦਿਨ ਮੰਨਿਆ ਹੈ ਜਦੋਂ ਕਿ ਇਸਾਈ ਧਰਮ ਵਿਚ ਐਤਵਾਰ ਨੂੰ ਸੱਤਵਾਂ ਆਰਾਮ ਦਾ ਦਿਨ ਮੰਨਿਆ ਗਿਆ ਹੈ।

ਨਵੇਂ ਨੇਮ (New Testament) ਦੀ ਪੋਥੀ ਯੂਹੰਨਾ ਰਸੂਲ ਦੀ ਇੰਜੀਲ ਵਿਚ ਸ੍ਰਿਸ਼ਟੀ ਬਾਬਤ ਇਸ ਤਰ੍ਹਾਂ ਦਰਜ ਹੈ ਕਿ ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਉਹ ਸ਼ਬਦ ਪਰਮੇਸ਼ਰ ਦੇ ਨਾਲ ਸੀ, ਜੋ ਪਰਮੇਸ਼ਰ ਸੀ, ਉਹ ਸ਼ਬਦ ਸੀ। ਉਹ ਸ਼ੁਰੂ ਤੋਂ ਹੀ ਪਰਮੇਸ਼ਰ ਦੇ ਨਾਲ ਸੀ। ਸਭ ਚੀਜ਼ਾਂ ਦੀ ਰਚਨਾ ਪਰਮੇਸ਼ਰ ਨੇ ਉਸ ਦੇ ਰਾਹੀਂ ਕੀਤੀ। ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਉਸ ਦੇ ਬਿਨਾ ਨਹੀਂ ਰਚੀ ਗਈ। ਉਸ ਵਿਚ ਜੀਵਨ ਸੀ ਅਤੇ ਇਹ ਜੀਵਨ ਮਨੁੱਖਤਾ ਦਾ ਚਾਨਣ ਸੀ।[74]

**ਬਨਸਪਤੀ**: ਬਾਈਬਲ ਵਿਚ ਉਤਪਤੀ ਦੀ ਪੋਥੀ ਵਿਚ 'ਅਦਨ ਦੇ ਬਾਗ਼ ਨੂੰ' ਮਨੁੱਖ ਦਾ ਪਹਿਲਾ ਰਹਿਣ ਬਸੇਰਾ ਦਸਿਆ ਗਿਆ ਹੈ। ਮੂਸਾ ਨੂੰ ਬਲਦੀ ਝਾੜੀ ਵਿਚੋਂ ਯਹੋਵਾ ਨੇ ਦਰਸ਼ਨ ਕੀਤੇ। ਬਾਈਬਲ ਵਿਚ ਯਸਾਯਾਹ ਦੀ ਪੋਥੀ ਦੇ ਪੰਜਵੇਂ ਭਾਗ ਵਿਚ ਅੰਗੂਰੀ ਦੇ ਬਾਗ਼ ਦਾ ਵੀ ਜ਼ਿਕਰ ਆਇਆ ਹੈ। ਬਾਈਬਲ ਅਨੁਸਾਰ ਧਰਮੀ ਮਨੁੱਖ ਨਦੀ ਉਤੇ ਖੜੇ ਦਰਖ਼ਤ ਵਾਂਗ ਹੈ, ਜਿਹੜਾ ਫਲ ਦਿੰਦਾ ਹੈ ਤੇ ਜਿਸ ਦੇ ਪੱਤੇ ਕਦੇ ਨਹੀਂ ਕੁਮਲਾਉਂਦੇ।[75] ਇਸਾਈ ਧਰਮ ਵਿਚ ਜੈਤੂਨ ਦੇ ਦਰਖ਼ਤ

---

74 ਬਾਈਬਲ ਨਵਾਂ ਨੇਮ, ਯੂਹੰਨਾ ਦੀ ਇੰਜ਼ੀਲ 1.

75 ਬਾਈਬਲ ਪੁਰਾਣਾ ਨੇਮ, ਜਬੂਰਾਂ ਦੀ ਪੋਥੀ 1.

ਦੀ ਬਹੁਤ ਮਾਨਤਾ ਹੈ।

**ਜੀਵ-ਜੰਤੂ**: ਬਾਈਬਲ ਅਨੁਸਾਰ ਸਭ ਕੁਝ ਪਰਮਾਤਮਾ ਨੇ ਪੈਦਾ ਕੀਤਾ ਹੈ। ਬਾਈਬਲ ਵਿਚ ਰੱਬ ਨੂੰ ਇਜੜ ਪ੍ਰਤੀ ਪਿਆਰ ਅਤੇ ਸੁਰੱਖਿਆ ਦੇ ਭਾਵ ਰਖਣ ਵਾਲੇ ਗਡਰੀਏ ਦੇ ਰੂਪ ਵਿਚ ਚਿਤਰਿਆ ਹੈ। ਉਹ ਚਰਵਾਹੇ ਦੀ ਨਿਆਈਂ ਆਪਣੇ ਝੁੰਡ ਨੂੰ ਚਿਰਾਏਗਾ, ਉਹ ਭੇਡਾਂ ਦੇ ਬੱਚਿਆਂ ਨੂੰ ਆਪਣੀਆਂ ਬਾਂਹਾਂ ਵਿਚ ਲਈ ਫਿਰੇਗਾ ਅਤੇ ਦੁੱਧ ਪਿਲਾਣ ਵਾਲੀਆਂ (ਭੇਡਾਂ) ਨੂੰ ਹੋਲੀ-ਹੋਲੀ ਲੈ ਕੇ ਚਲੇਗਾ।[76] ਬਾਈਬਲ ਵਿਚ ਪਾਲਤੂ ਪਸ਼ੂਆਂ, ਜਗਾਲ਼ੀ ਕਰਨ ਵਾਲੇ ਅਤੇ ਵਰਤੋਂ ਵਿਚ ਆਉਣ ਵਾਲੇ ਪਸ਼ੂਆਂ ਸੰਬੰਧੀ ਆਦੇਸ਼ ਦਰਜ ਹਨ। ਜਿਹਨਾਂ ਵਿਚ ਘੋੜਾ, ਊਂਠ, ਖਚਰ ਆਦਿ ਪਸ਼ੂ ਜੋ ਖੇਤੀਬਾੜੀ, ਆਵਾਜਾਈ ਆਦਿ ਕਾਰਜਾਂ ਲਈ ਵਰਤੇ ਜਾਂਦੇ ਹਨ ਅਤੇ ਗਾਂ, ਬੱਕਰੀ, ਭੇਡ ਦੁੱਧ ਅਤੇ ਮਾਸ ਲਈ ਵਰਤੀਆਂ ਜਾਂਦੀਆਂ ਹਨ।[77]

**(ਅ) ਇਸਲਾਮ:** ਇਸਲਾਮ ਧਰਮ ਦਾ ਅਰੰਭ ਹਜ਼ਰਤ ਮੁਹੰਮਦ ਸਾਹਿਬ ਤੋਂ ਹੁੰਦਾ ਹੈ। ਉਹਨਾਂ ਨੇ ਹਿਰਾ ਨਾਂ ਦੀ ਗੁਫਾ ਵਿਚ ਇਲਹਾਮ ਪ੍ਰਾਪਤ ਕੀਤਾ। ਇਸਲਾਮ ਦੀ ਧਾਰਮਿਕ ਪੁਸਤਕ 'ਕੁਰਆਨ ਮਜੀਦ' ਹੈ। 'ਕੁਰਆਨ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ 'ਪੜ੍ਹਨਾ' ਜਾਂ 'ਉਚਾਰਨ ਕਰਨਾ' ਹੈ। ਇਸਲਾਮ ਧਰਮ ਅਨੁਸਾਰ 'ਕੁਰਆਨ' ਅਲਹ ਵਲੋਂ ਉਚਾਰੀਆਂ ਗਈਆਂ ਉਹ ਆਇਤਾਂ ਹਨ ਜਿਹੜੀਆਂ ਹਜ਼ਰਤ ਮੁਹੰਮਦ ਸਾਹਿਬ ਨੂੰ ਪਰਮਾਤਮਾ ਵਲੋਂ ਆਪ ਸੁਣਾਈਆਂ ਗਈਆਂ ਸਨ। ਅਗੋਂ ਹਜ਼ਰਤ ਸਾਹਿਬ ਨੇ ਇਹ ਆਇਤਾਂ ਆਪਣੇ ਨਿਕਟਵਰਤੀਆਂ ਨੂੰ ਸੁਣਾਈਆਂ, ਜਿਹਨਾਂ ਨੇ ਇਹਨਾਂ ਨੂੰ ਲਿਖਤੀ ਰੂਪ ਦੇ ਦਿੱਤਾ ਸੀ।

**ਸ੍ਰਿਸ਼ਟੀ ਰਚਨਾ**: ਕੁਰਆਨ ਮਜੀਦ ਅਨੁਸਾਰ ਅੱਲਾ ਹੀ ਧਰਤੀ ਅਤੇ ਅਸਮਾਨ ਦੋਹਾਂ ਦਾ ਕਰਤਾ ਹੈ। ਅੱਲਾ ਖਾਲਕ ਹੈ ਜੋ ਖਲਕਤ ਨੂੰ ਪੈਦਾ ਕਰ ਕੇ ਉਸ ਦੀ ਸੰਭਾਲ ਕਰ ਰਿਹਾ ਹੈ। ਕੁਰਆਨ ਮਜੀਦ ਅਨੁਸਾਰ ਸ੍ਰਿਸ਼ਟੀ ਉਤਪਤੀ ਤੋਂ ਪੂਰਵਲੀ ਅਵਸਥਾ ਕੇਵਲ ਸੁੰਨ ਜਾਂ ਹਨੇਰ ਮਈ ਸੀ। ਸੰਸਾਰ ਰਚਨਾ ਦੀ ਇੱਛਾ (ਰਜ਼ਾ) ਹੋਣ ਤੇ ਅੱਲਾ ਨੇ 'ਕੁੰਨ' ਕਿਹਾ ਤੇ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ

---

76 ਉਹੀ, ਯਸਾਯਾਹ 40/11.

77 ਉਹੀ, ਜਬੂਰਾਂ ਦੀ ਪੋਥੀ 1.

ਗਈ। ਸੰਸਾਰ ਅੱਲਾ ਦੀ ਇੱਛਾ ਦਾ ਹੀ ਪ੍ਰਗਟਾਵਾ ਹੈ।

ਕੁਰਆਨ ਮਜੀਦ ਵਿਚ ਸ੍ਰਿਸ਼ਟੀ ਰਚਨਾ ਬਾਰੇ ਜੋ ਵਿਚਾਰ ਆਏ ਹਨ, ਉਹ ਯਹੂਦੀ ਤੇ ਈਸਾਈ ਧਰਮ ਦੀ ਸਾਮੀ ਪਰੰਪਰਾ ਅਨੁਸਾਰ ਹੀ ਹਨ ਅਤੇ ਪੁਰਾਣੇ ਨੇਮ ਦੀ 'ਉਤਪਤੀ ਦੀ ਪੋਥੀ' ਦੇ ਬਹੁਤ ਨੇੜੇ ਹਨ। ਸੂਰਤ ਅਲ-ਆਰਾਫ਼ ਅਨੁਸਾਰ ਅਸਲ ਵਿਚ ਤੁਹਾਡਾ ਰੱਬ ਅੱਲਾਹ ਹੀ ਹੈ, ਜਿਸ ਨੇ ਆਕਾਸ਼ਾਂ ਅਤੇ ਧਰਤੀ ਨੂੰ ਛੇ ਦਿਨਾਂ ਵਿਚ ਸਾਜਿਆ ਫੇਰ ਆਪਣੇ ਰਾਜ ਸਿੰਘਾਸਣ ਤੇ ਬਿਰਾਜਮਾਨ ਹੋਇਆ। ਜੋ ਰਾਤ ਨੂੰ ਦਿਨ ਤੇ ਕੱਜ ਦਿੰਦਾ ਹੈ ਅਤੇ ਫੇਰ ਦਿਨ, ਰਾਤ ਦੇ ਪਿਛੇ ਨਸਿਆ ਚਲਿਆ ਆਉਂਦਾ ਹੈ। ਜਿਸ ਨੇ ਸੂਰਜ, ਚੰਨ ਤੇ ਤਾਰੇ ਹੋਂਦ ਵਿਚ ਲਿਆਂਦੇ ਅਤੇ ਸਾਰੇ ਉਸ ਦੇ ਆਦੇਸ਼ ਅਧੀਨ ਹਨ। ਖ਼ਬਰਦਾਰ ਰਹੋ! ਇਹ ਉਸੇ ਦੀ ਸ੍ਰਿਸ਼ਟੀ ਹੈ ਤੇ ਉਸੇ ਦਾ ਆਦੇਸ਼ ਹੈ।[78]

ਕੁਰਆਨ ਮਜੀਦ ਅਨੁਸਾਰ ਅੱਲਾ ਨੇ ਹਰ ਚੀਜ਼ ਨੂੰ ਪਾਣੀ ਤੋਂ ਪੈਦਾ ਕੀਤਾ ਹੈ।[79] ਉਹਨਾਂ ਨੇ ਆਪਣੇ ਅਨੁਆਈਆਂ ਨੂੰ ਨਮਾਜ਼ ਲਈ ਹੱਥ ਮੂੰਹ ਧੋਂਦੇ ਸਮੇਂ ਇਹ ਹਦਾਇਤ ਦਿਤੀ ਕਿ ਭਾਵੇਂ ਤੁਸੀਂ ਵਹਿੰਦੀ ਨਦੀ ਦੇ ਕਿਨਾਰੇ ਪਰ ਬੈਠੇ ਹੋਵੋ ਤਦ ਵੀ ਅਧਿਕ ਪਾਣੀ ਨਹੀਂ ਵਰਤਣਾ, ਨਾ ਹੀ ਪਾਣੀ ਗੰਦਾ ਕਰਨਾ।[80] ਕੁਰਆਨ ਮਜੀਦ ਵਿਚ ਲਿਖਿਆ ਗਿਆ ਹੈ ਕਿ ਕਦੇ ਇਹ ਸੋਚਿਆ ਹੈ ਕਿ ਜੇ ਤੁਹਾਡੇ ਖੂਹ ਦਾ ਪਾਣੀ ਧਰਤੀ ਵਿਚ ਉਤਰ ਜਾਵੇ ਤਾਂ ਕੌਣ ਹੈ ਜਿਹੜਾ ਇਸ ਪਾਣੀ ਦੇ ਵਗਦਿਆਂ ਸੋਮਿਆਂ ਨੂੰ ਤੁਹਾਡੇ ਲਈ ਕੱਢ ਕੇ ਦੇਵੇਗਾ।[81] ਰੱਬ ਨੇ ਸ੍ਰਿਸ਼ਟੀ ਨੂੰ ਸਿਰਜਿਆ ਹੈ ਅਤੇ ਉਹੋ ਹੀ ਇਸ ਦਾ ਹਾਕਮ ਹੈ। ਉਸੇ ਨੇ ਆਪਣੀ ਸ੍ਰਿਸ਼ਟੀ ਨੂੰ ਦੂਜਿਆਂ ਦੇ ਹਵਾਲੇ ਨਹੀਂ ਕਰ ਦਿਤਾ ਅਤੇ ਨਾ ਹੀ ਉਸ ਨੇ ਸ੍ਰਿਸ਼ਟੀ ਵਿਚੋਂ ਕਿਸੇ ਨੂੰ ਇਹ ਹੱਕ ਦਿੱਤਾ ਹੈ ਕਿ ਉਹ ਆਪ ਮੁਹਾਰਾ ਹੋ ਕੇ ਜੋ ਚਾਹੇ ਕਰੇ।

ਅੱਲਾ ਨੇ ਰਚਨਾ ਕਰ ਕੇ ਹਰ ਜੀਵ ਨੂੰ ਧਰਤੀ ਵਿਚ ਯੋਗ ਥਾਂ ਦਿੱਤੀ ਅਤੇ ਲੋੜੀਂਦੀਆਂ ਵਸਤਾਂ ਪ੍ਰਦਾਨ ਕਰਨ ਤੋਂ ਇਲਾਵਾ ਸ੍ਰਿਸ਼ਟੀ ਦਾ ਸੰਘਾਰ ਵੀ ਉਸੇ ਦੇ ਹੱਥ ਵਿਚ ਹੈ। ਇਸ ਧਰਤੀ-ਅਕਾਸ਼ ਨੂੰ ਸਾਜਣ ਦਾ ਕੋਈ ਮਨੋਰਥ ਹੈ, ਭਾਵ ਇਸ ਧਰਤੀ ਆਕਾਸ਼ ਦੀ ਸਾਜਣਾ ਐਵੇਂ ਖੇਡ

---

[78] ਕੁਰਆਨ ਮਜੀਦ, ਸੂਰਤ/ਆਇਤ-7/54-55.

[79] ਉਹੀ, ਸੂਰਤ/ਆਇਤ-21/30.

[80] फहरत हुसैन, *इस्लाम: दयालुतापूर्ण ईश्वरीय धर्म,* मर्कजी मक्तबा इस्लामी पब्लिशर्स, नई दिल्ली, 2015, पृष्ठ 51.

[81] ਕੁਰਆਨ ਮਜੀਦ, ਸੂਰਤ/ਆਇਤ-67/30.

ਨਹੀਂ।[82]

**ਬਨਸਪਤੀ:** ਇਸਲਾਮ ਧਰਮ ਅਨੁਸਾਰ ਅੰਗੂਰਾਂ, ਅਨਾਰਾਂ, ਜੈਤੂਨ, ਖਜੂਰਾਂ ਅਤੇ ਹੋਰ ਫਲਾਂ ਨਾਲ ਲੱਦੇ ਸੰਘਣੇ ਤੇ ਹਰੇ ਭਰੇ ਬਾਗਾਂ ਨੂੰ ਸਵਰਗ ਦੇ ਨਜ਼ਾਰਿਆਂ ਵਿਚ ਖ਼ਾਸ ਥਾਂ ਦਿੱਤੀ ਗਈ ਹੈ। ਡਾ. ਫਰਹਤ ਹੁਸੈਨ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਨੇ ਬਨਸਪਤੀ ਸੰਬੰਧੀ ਕਿਹਾ ਹੈ ਕਿ ਅਗਰ ਕਿਸੇ ਦੇ ਸਾਹਮਣੇ ਪਰਲੋ ਹੋਵੇ ਤੇ ਉਸ ਦੇ ਹੱਥ ਵਿਚ ਖਜੂਰ ਦਾ ਦਰਖ਼ਤ ਬੋਣ ਲਈ ਹੋਵੇ ਤੇ ਉਸ ਵਿਚ ਬੋਣ ਦੀ ਹਾਲੇ ਸ਼ਕਤੀ ਹੋਵੇ ਤਾਂ ਉਸ ਨੂੰ ਲਗਾ ਦੇਣਾ ਚਾਹੀਦਾ ਹੈ।[83] ਹਜ਼ਰਤ ਮੁਹੰਮਦ ਸਾਹਿਬ ਨੇ ਇਕ ਹਦੀਸ ਵਿਚ ਕਿਹਾ ਹੈ ਕਿ ਜੋ ਕਿਸੀ ਬੰਜਰ ਜ਼ਮੀਨ ਨੂੰ ਹਰੀ ਭਰੀ ਬਣਾਵੇਗਾ, ਉਸ ਨੂੰ ਉਸ ਦਾ ਬਦਲਾ ਪ੍ਰਤਿ ਦਿਨ ਮਿਲਦਾ ਰਹੇਗਾ। ਜੋ ਕੁਝ ਉਸ ਜ਼ਮੀਨ (ਦਰਖ਼ਤਾਂ ਆਦਿ ਦੀ ਪੈਦਾਵਾਰ) ਵਿਚੋਂ (ਇਨਸਾਨ ਜਾਂ ਜਾਨਵਰ, ਮਵੇਸ਼ੀ ਜਾਂ ਚਿੜੀਆਂ ਦੇ ਜਰੀਏ) ਖਾਵੇਗਾ, ਉਸ ਦੇ ਲਈ ਇਕ ਸਦਕੇ (ਦਾਨ) ਦਾ ਪੁੰਨ ਮਿਲੇਗਾ।[84]

**ਜੀਵ-ਜੰਤੂ**: ਕੁਰਆਨ ਮਜੀਦ ਅਨੁਸਾਰ ਸਾਰੇ ਜੀਵ ਅੱਲਾ ਨੇ ਇਕ ਪਾਣੀ ਤੋਂ ਪੈਦਾ ਕੀਤੇ ਹਨ ਭਾਵੇਂ ਕਿ ਉਹਨਾਂ ਵਿਚ ਕੋਈ ਧਰਤੀ ਉਤੇ ਰੀਂਗ ਕੇ ਚਲਦਾ ਹੈ ਤੇ ਕੋਈ ਦੋ ਲੱਤਾਂ ਦੇ ਭਾਰ ਜਾਂ ਚਾਰ ਲੱਤਾਂ ਉਪਰ ਚਲਦਾ ਹੈ।[85] ਹਜ਼ਰਤ ਮੁਹੰਮਦ ਪਸ਼ੂ-ਪੰਛੀ ਸਭ ਦਾ ਖਿਆਲ ਰਖਦੇ ਸਨ। ਡਾ. ਫਰਹਤ ਹੁਸੈਨ ਅਨੁਸਾਰ ਉਹਨਾਂ ਨੇ ਪਸ਼ੂਆਂ ਦੇ ਸੰਬੰਧ ਵਿਚ ਕਈ ਨਿਰਦੇਸ਼ ਵੀ ਜਾਰੀ ਕੀਤੇ ਹੋਏ ਸਨ, ਕਿ ਜਾਨਵਰ ਉਤੇ ਬਹੁਤਾ ਭਾਰ ਨਾ ਲੱਦਿਆ ਜਾਵੇ, ਜਾਨਵਰ ਦੀ ਥਕਾਨ ਦਾ ਧਿਆਨ ਰਖਿਆ ਜਾਵੇ, ਉਸ ਦੇ ਚਾਰੇ ਵਿਚ ਪਾਣੀ ਦਾ ਉਚਿਤ ਪ੍ਰਬੰਧ ਹੋਵੇ, ਖੇਲ ਤਮਾਸ਼ੇ ਲਈ ਜਾਨਵਰ ਨਾ ਮਾਰੇ ਜਾਣ, ਜੰਗਲੀ ਜਾਨਵਰਾਂ ਦਾ ਬਿਨਾ ਵਜ੍ਹਾ ਸ਼ਿਕਾਰ ਨਾ ਕੀਤਾ ਜਾਵੇ, ਪਿਆਸੇ ਜੀਵਾਂ ਨੂੰ ਪਾਣੀ ਪਿਲਾਇਆ ਜਾਵੇ।[86] ਹਜ਼ਰਤ ਮੁਹੰਮਦ ਨੇ ਇਕ ਹਦੀਸ ਵਿਚ ਲਿਖਿਆ ਹੈ ਕਿ ਜਿਹੜਾ ਵਿਅਕਤੀ ਇਕ

---

82 ਉਹੀ, ਸੂਰਤ/ਆਇਤ-14/32.

83 फहरत हुसैन, *इस्लामः दयालुतापूर्ण ईश्वरीय धर्म*, पृष्ठ 50.

84 नाजदीन सआदत, *पुँजीवादी साम्राज्य और पर्यावरण संकट*, अनु. मुहमद एलियास हुसैन, मर्कजी मक्तबा इस्लामी पब्लिशर्स, नई दिल्ली, 2011, पृष्ठ 34.

85 ਕੁਰਆਨ ਮਜੀਦ, ਸੂਰਤ/ਆਇਤ-24/45.

86 फहरत हुसैन, *इस्लामः दयालुतापूर्ण ईश्वरीय धर्म*, पृष्ठ 50.

ਗੋਰਿਯਾ ਨੂੰ ਅਕਾਰਨ ਮਾਰੇਗਾ ਤਾਂ ਆਖਰਤ ਵਾਲੇ ਦਿਨ ਉਹ ਅੱਲਾ ਅੱਗੇ ਫ਼ਰਿਆਦ ਕਰੇਗੀ।[87] ਪਸ਼ੂ ਪੰਛੀਆਂ ਸਭਨਾਂ ਦੀ ਸੰਭਾਲ ਅੱਲਾ ਆਪ ਕਰਦਾ ਹੈ। ਕੁਰਆਨ ਮਜੀਦ ਵਿਚ ਕੁਦਰਤ ਦੀਆਂ ਇਹਨਾਂ ਨਿਆਮਤਾਂ ਨੂੰ ਅੰਧਾਧੁੰਦ ਵਰਤ ਕੇ ਅੱਲਾ ਦਾ ਸ਼ੁਕਰਾਨਾ ਨਾ ਕਰਨ ਵਾਲੇ ਅਕ੍ਰਿਤਘਣਾਂ ਨੂੰ ਫਿਟਕਾਰ ਵੀ ਪਾਈ ਗਈ ਹੈ ਅਤੇ ਮਨੁੱਖ ਨੂੰ ਧਰਤੀ ਉਤੇ ਵਿਗਾੜ ਨਾ ਪਾਉਣ ਦਾ ਆਦੇਸ਼ ਵੀ ਦਿੱਤਾ ਗਿਆ ਹੈ।

ਇਸਲਾਮ ਧਰਮ ਦੇ ਧਰਮ ਗ੍ਰੰਥ ਕੁਰਆਨ ਮਜੀਦ ਅਨੁਸਾਰ ਇਹ ਸਭ ਜੀਵ ਦੇ ਦੁਆਲੇ ਵਿਚਲੀਆਂ ਵਸਤਾਂ ਪਰਮਾਤਮਾ ਨੇ ਸਾਜੀਆਂ ਹਨ। "ਅਸਾਂ ਧਰਤੀ ਨੂੰ ਪਸਾਰਿਆ, ਉਸ ਵਿਚ ਪਹਾੜ ਜਮਾ ਦਿੱਤੇ, ਉਸ ਵਿਚ ਹਰੇਕ ਪ੍ਰਕਾਰ ਦੀ ਬਨਸਪਤੀ ਠੀਕ-ਠੀਕ ਗਿਣੀ-ਮਿਣੀ ਮਾਤਰਾ ਵਿਚ ਉਪਜਾਈ ਅਤੇ ਉਸ ਵਿਚ ਤੁਹਾਡੇ ਲਈ ਵੀ ਤੇ ਸ੍ਰਿਸ਼ਟੀ ਦੇ ਉਹਨਾਂ ਅਨੇਕਾਂ ਪ੍ਰਾਣੀਆਂ ਲਈ ਵੀ ਜਿਹਨਾਂ ਦੇ ਦਾਤਾ ਤੁਸੀਂ ਨਹੀਂ ਹੋ, ਨਿਰਬਾਹ ਦੇ ਸਾਧਨ ਪੈਦਾ ਕੀਤੇ। ਕੋਈ ਚੀਜ਼ ਅਜਿਹੀ ਨਹੀਂ ਜਿਸ ਦੇ ਭੰਡਾਰੇ ਸਾਡੇ ਕੋਲ ਨਾ ਹੋਣ ਅਤੇ ਜਿਹੜੀ ਚੀਜ਼ ਅਸੀਂ ਉਤਾਰਦੇ ਹਾਂ ਇਕ ਨਿਸ਼ਚਿਤ ਮਾਤਰਾ ਵਿਚ ਉਤਾਰਦੇ ਹਾਂ। ਬੋਝਲ ਹਵਾਵਾਂ ਅਸੀਂ ਹੀ ਭੇਜਦੇ ਹਾਂ ਫਿਰ ਅਕਾਸ਼ੋਂ ਪਾਣੀ ਵਰ੍ਹਾਉਂਦੇ ਹਾਂ ਅਤੇ ਉਸ ਪਾਣੀ ਨਾਲ ਤੁਹਾਡੀ ਪਿਆਸ ਬੁਝਾਉਂਦੇ ਹਾਂ। ਦੌਲਤ ਦੇ ਭੰਡਾਰੀ ਤੁਸੀਂ ਨਹੀਂ ਹੋ। ਜ਼ਿੰਦਗੀ ਤੇ ਮੌਤ ਅਸੀਂ ਹੀ ਦਿੰਦੇ ਹਾਂ......ਅਸੀਂ ਮਨੁੱਖ ਨੂੰ ਸੜੀ-ਗਲੀ ਮਿੱਟੀ ਦੇ ਸੁੱਕੇ ਹੋਏ ਗਾਰੇ ਤੋਂ ਸਾਜਿਆ।"[88] ਇਸਲਾਮ ਧਰਮ ਅੱਲਾ ਦੁਆਰਾ ਸ੍ਰਿਸ਼ਟੀ ਰਚਨਾ ਦੀ ਗਵਾਹੀ ਭਰਦਾ ਹੈ। ਸ੍ਰਿਸ਼ਟੀ ਵਿਚਲੀ ਹਰ ਚੀਜ਼ ਅੱਲਾ ਦੀ ਹੋਣ ਕਾਰਨ ਉਸ ਦਾ ਸਤਿਕਾਰ ਕਰਨ ਦਾ ਉਪਦੇਸ਼ ਵੀ ਦਿੰਦਾ ਹੈ।

ਉਪਰੋਕਤ ਦੇ ਸਾਰ ਰੂਪ ਵਜੋਂ ਕਿਹਾ ਜਾ ਸਕਦਾ ਹੈ ਕਿ ਚੁਗਿਰਦਾ ਆਲ਼ੇ-ਦੁਆਲ਼ੇ ਪਸਰੀਆਂ ਜੈਵਿਕ ਅਤੇ ਅਜੈਵਿਕ ਵਸਤਾਂ ਦਾ ਸਮੂਹ ਹੈ। ਜਿਸ ਨੂੰ ਅਲੱਗ-ਅਲੱਗ ਤਰੀਕਿਆਂ ਜਾਂ ਢੰਗਾਂ ਰਾਹੀਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਚੁਗਿਰਦੇ ਸੰਬੰਧੀ ਗਿਆਨ ਪ੍ਰਾਪਤ ਕਰਨ ਨੂੰ 'ਚੁਗਿਰਦਾ ਬੋਧ' ਕਿਹਾ ਜਾਂਦਾ ਹੈ। ਚੁਗਿਰਦੇ ਅਤੇ ਧਰਮ ਦਾ ਅਨਿੱਖੜਵਾਂ ਸੰਬੰਧ ਹੈ। ਵੱਖ-ਵੱਖ

---

[87] फहरत हुसैन, *इस्लाम: दयालुतापूर्ण ईश्वरीय धर्म,* पृष्ठ 50.

[88] ਕੁਰਆਨ ਮਜੀਦ, ਸੂਰਤ/ਆਇਤ-15/19-26.

ਧਰਮਾਂ ਨੇ ਚੁਗਿਰਦੇ ਦੀ ਮਹੱਤਤਾ ਉਪਰ ਚਾਨਣਾ ਪਾਇਆ ਹੈ, ਜਿਸ ਦੀ ਗਵਾਹੀ ਧਰਮ ਗ੍ਰੰਥ ਭਰਦੇ ਹਨ। ਧਰਮ ਗ੍ਰੰਥਾਂ ਵਿਚੋਂ ਚੁਗਿਰਦੇ ਵਿਚਲੇ ਹਵਾ, ਪਾਣੀ, ਧਰਤੀ, ਅਕਾਸ਼, ਜੀਵ-ਜੰਤੂ, ਬਨਸਪਤੀ ਆਦਿ ਸੰਬੰਧੀ ਭਰਪੂਰ ਗਿਆਨ ਪ੍ਰਾਪਤ ਹੁੰਦਾ ਹੈ। ਧਰਮ ਗ੍ਰੰਥਾਂ ਵਿਚ ਦਿੱਤਾ ਗਿਆ ਸ੍ਰਿਸ਼ਟੀ ਰਚਨਾ ਸੰਬੰਧੀ ਗਿਆਨ ਚੁਗਿਰਦੇ ਦੀ ਸਿਰਜਣ ਕਿਰਿਆ ਵਿਚ ਪਰਮਾਤਮਾ ਦੀ ਹਿੱਸੇਦਾਰੀ ਬਿਆਨ ਕਰਦਾ ਹੈ। ਪੂਰਬੀ ਧਰਮਾਂ ਵਿਚੋਂ ਹਿੰਦੂ ਧਰਮ ਵਿਚ ਕੁਦਰਤੀ ਸਰੋਤਾਂ ਨੂੰ ਦੇਵੀ-ਦੇਵਤਾ ਮੰਨ ਕੇ ਪੂਜਿਆ ਜਾਂਦਾ ਹੈ। ਬੁੱਧ ਧਰਮ ਵਿਚ ਮਹਾਤਮਾ ਬੁੱਧ ਦੇ ਜਨਮ ਤੋਂ ਲੈ ਕੇ ਨਿਰਵਾਣ ਪ੍ਰਾਪਤੀ ਤੱਕ ਬਨਸਪਤੀ ਦੀ ਅਹਿਮ ਭੂਮਿਕਾ ਰਹੀ ਹੈ। ਜੈਨ ਧਰਮ ਦੇ ਸਾਰੇ ਤੀਰਥੰਕਰਾਂ ਨੂੰ ਦਰਖ਼ਤਾਂ ਥੱਲੇ ਗਿਆਨ ਪ੍ਰਾਪਤੀ ਹੋਈ ਸੀ ਅਤੇ ਇਹਨਾਂ ਤੀਰਥੰਕਰਾਂ ਦੇ ਚਿੰਨ੍ਹਾਂ ਦਾ ਸੰਬੰਧ ਵੀ ਜੀਵ-ਜੰਤੂ ਜਾਂ ਬਨਸਪਤੀ ਨਾਲ ਹੀ ਰਿਹਾ ਹੈ। ਪੱਛਮੀ ਧਰਮਾਂ ਦੇ ਧਰਮ ਗ੍ਰੰਥਾਂ ਅਨੁਸਾਰ ਪਰਮਾਤਮਾ ਨੇ ਮਨੁੱਖ ਦੀ ਸੁਵਿਧਾ ਲਈ ਸ੍ਰਿਸ਼ਟੀ ਪੈਦਾ ਕੀਤੀ ਹੈ। ਜਿਸ ਦੀ ਸੰਭਾਲ ਕਰਨਾ ਮਨੁੱਖ ਦਾ ਨੈਤਿਕ ਫ਼ਰਜ਼ ਹੈ। ਸਾਰੇ ਧਰਮਾਂ ਦੀਆਂ ਬਹੁਤੀਆਂ ਰੀਤਾਂ ਕੁਦਰਤ ਰਾਹੀਂ ਹੀ ਨੇਪਰੇ ਚੜ੍ਹਦੀਆਂ ਹਨ। ਸਾਰੇ ਧਰਮ ਪਰਮਾਤਮਾ ਦੁਆਰਾ ਸਾਜੀ ਇਸ ਸ੍ਰਿਸ਼ਟੀ ਰਾਹੀਂ ਅਧਿਆਤਮਕ ਰੰਗ ਮਾਣਨ ਦੇ ਨਾਲ-ਨਾਲ ਇਸ ਨੂੰ ਸੰਭਾਲਣ ਲਈ ਵੀ ਜਾਗਰੂਕ ਕਰਦੇ ਹਨ ਕਿਉਂਕਿ ਇਹ ਸਭ ਪਸਾਰਾ ਉਸੇ ਦੀ ਦੇਣ ਹੈ। ਕੁਦਰਤ ਪਰਮਾਤਮਾ ਦਾ ਸਰਗੁਣ ਸਰੂਪ ਹੋਣ ਕਾਰਨ ਉਸ ਨੂੰ ਪ੍ਰੇਮ ਕਰਨ ਦਾ ਜ਼ਰੀਆ ਵੀ ਹੈ।

## ਅਧਿਆਇ – ਦੂਜਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੁਗਿਰਦਾ ਬੋਧ: ਸਿਧਾਂਤਕ ਪਰਿਪੇਖ

ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੇ ਵਿਸ਼ਵ ਦਾ ਸਰਬ ਸਾਂਝਾ ਧਰਮ ਗ੍ਰੰਥ ਹੈ। ਸਿਖ ਧਰਮ ਵਿਚ ਇਸ ਗ੍ਰੰਥ ਨੂੰ ਗੁਰੂ ਦੀ ਮਾਨਤਾ ਦਿੱਤੀ ਗਈ ਹੈ। ਇਹ ਗ੍ਰੰਥ ਕੇਵਲ ਅਧਿਆਤਮਕ ਗ੍ਰੰਥ ਹੀ ਨਹੀਂ ਸਗੋਂ ਹਰ ਪ੍ਰਕਾਰ ਦੇ ਗਿਆਨ ਦਾ ਅਥਾਹ ਸੋਮਾ ਹੈ। "ਇਥੇ ਬ੍ਰਹਮ ਗਿਆਨ ਤਾਂ ਹੈ ਹੀ ਪਰ ਇਥੇ ਖਗੋਲ ਵਿੱਦਿਆ ਵਲ ਸੰਕੇਤ ਹਨ, ਜੋਤਸ਼ ਹੈ, ਯੋਗ ਹੈ, ਵਿਗਿਆਨ ਹੈ, ਭੂ ਗਰਭ ਗਿਆਨ ਹੈ। ਸੂਰਜ ਚੰਦ ਦੇ ਸੰਕੇਤ ਹਨ। ਇਹਨਾਂ ਵਿਚ ਅਰਥ ਵਿੱਦਿਆ, ਰਾਜ ਵਿੱਦਿਆ ਆਦਿ ਬਾਰੇ ਵੀ ਸੰਕੇਤ ਹਨ।"[1] ਚੁਗਿਰਦੇ ਵਿਚਲੇ ਪੰਜ ਤੱਤਾਂ, ਬਨਸਪਤੀ, ਜੀਵ-ਜੰਤੂ, ਦਿਨ-ਰਾਤ, ਚੰਦ-ਸੂਰਜ, ਤਟਾਂ, ਮੇਘਾਂ, ਦੀਪਾਂ-ਲੋਆਂ, ਖੰਡਾਂ-ਵਰਭੰਡਾਂ, ਰੁੱਤਾਂ-ਥਿਤਾਂ ਆਦਿ ਨੂੰ ਨਿਵੇਕਲੇ ਰੂਪ ਵਿਚ ਉਜਾਗਰ ਕਰਨ ਵਾਲੀਆ ਅਨੇਕ ਤੁਕਾਂ ਗੁਰਬਾਣੀ ਅੰਦਰ ਮੌਜੂਦ ਹਨ। ਦ੍ਰਿਸ਼ਟਾਂਤ ਵਜੋਂ ਜਪੁਜੀ ਸਾਹਿਬ ਵਿਚ ਅਧਿਆਤਮਕ ਵਿਕਾਸ ਦੇ ਪੰਜ ਪੜਾਅ ਦੱਸੇ ਗਏ ਹਨ। ਜਿਹਨਾਂ ਨੂੰ ਪੰਜ ਖੰਡ (ਧਰਮ ਖੰਡ, ਗਿਆਨ ਖੰਡ, ਕਰਮ ਖੰਡ, ਸਰਮ ਖੰਡ ਅਤੇ ਸਚ ਖੰਡ) ਕਿਹਾ ਗਿਆ ਹੈ। ਇਹਨਾਂ ਖੰਡਾਂ ਵਿਚ ਅਰੰਭਲੇ ਧਰਮ ਖੰਡ ਵਿਚ ਚੁਗਿਰਦੇ ਵਿਚਲੀਆਂ ਵਸਤਾਂ ਰਾਤਾਂ, ਰੁੱਤਾਂ, ਥਿਤਾਂ, ਵਾਰ, ਪਵਣ, ਪਾਣੀ, ਅਗਨੀ, ਪਤਾਲ ਆਦਿ ਦਾ ਵਰਣਨ ਕੀਤਾ ਗਿਆ ਹੈ, ਜੋ ਇਕ ਮਰਿਆਦਾ ਵਿਚ ਚਲਦੀਆਂ ਹਨ। ਗਿਆਨ ਖੰਡ ਰਾਹੀਂ ਪਤਾ ਲਗਦਾ ਹੈ ਕਿ ਆਪਣੇ ਧਰਮ ਦੀ ਪਾਲਣਾ ਕਰਨ ਵਾਲੀਆਂ ਇਹਨਾਂ ਵਸਤਾਂ ਦੇ ਰੂਪ ਅਤੇ ਗਿਣਤੀ-ਮਿਣਤੀ ਅਣਗਿਣਤ ਹੈ।[2] ਇਸ ਤਰ੍ਹਾਂ ਗੁਰਬਾਣੀ ਵਿਚ ਚੁਗਿਰਦੇ ਵਿਚਲੇ ਵਿਭਿੰਨ ਅੰਗਾਂ, ਤੱਤਾਂ ਅਤੇ ਪਸਾਰਾਂ ਦਾ ਵਿਸਤਰਿਤ ਵਰਣਨ ਮਿਲਦਾ ਹੈ। ਜਿਹੜੇ ਕਿ

---

[1] ਤਾਰਨ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963, ਪੰਨਾ 32.

[2] ਕੇਤੇ ਪਵਣੁ ਪਾਣੀ ਵੈਸੰਤਰ...
... ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7.

ਕੁਦਰਤ ਦੀ ਵਿਸ਼ਾਲਤਾ ਨੂੰ ਪ੍ਰਗਟਾਉਣ ਦੇ ਨਾਲ-ਨਾਲ ਕੁਦਰਤ ਵਿਚ ਕਾਦਰ ਦੀ ਹੋਂਦ ਨੂੰ ਵੀ ਬਿਆਨਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਚੁਗਿਰਦਾ' ਸ਼ਬਦ ਨਾਲ ਸੰਬੰਧਿਤ ਤਿੰਨ ਮੁੱਖ ਸ਼ਬਦ ਕੁਦਰਤ, ਮਾਇਆ ਅਤੇ ਪ੍ਰਕਿਰਤੀ ਆਏ ਹਨ ਪਰ ਤਿੰਨਾਂ ਵਿਚੋਂ ਵਧੇਰੇ ਤੌਰ ਤੇ 'ਕੁਦਰਤ' ਸ਼ਬਦ ਵਰਤਿਆ ਗਿਆ ਹੈ। ਭਾਵੇਂ ਕਿ ਕੁਦਰਤ, ਪ੍ਰਕਿਰਤੀ ਅਤੇ ਮਾਇਆ ਤਿੰਨਾਂ ਸ਼ਬਦਾਂ ਦੇ ਕਈ ਵਾਰ ਰਲਵੇਂ-ਮਿਲਵੇਂ ਅਰਥ ਕਰ ਦਿਤੇ ਜਾਂਦੇ ਹਨ, ਪਰ ਇਹਨਾਂ ਸ਼ਬਦਾਂ ਨੂੰ ਅਨੁਭਵੀ ਤੌਰ ਤੇ ਵਖਰਾਇਆ ਜਾ ਸਕਦਾ ਹੈ।

ਕੁਦਰਤ ਅਰਬੀ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ 'ਕਾਦਰ ਦੀ ਸਾਜਣਾ'[3] ਜਾਂ 'ਸ਼ਕਤੀ'[4] ਵਜੋਂ ਕੀਤਾ ਜਾਂਦਾ ਹੈ। *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਇਸ ਦੇ ਅਰਥ ਤਾਕਤ, ਕਰਤਾਰ ਦੀ ਰਚਨਾ ਸ਼ਕਤੀ, ਮਾਇਆ ਆਦਿ ਕੀਤੇ ਗਏ ਹਨ।[5] ਚੁਗਿਰਦੇ ਵਿਚਲੀ ਦਿਸਦੀ ਅਤੇ ਅਣਦਿਸਦੀ ਹਰ ਚੀਜ਼ ਕੁਦਰਤ ਦਾ ਹਿੱਸਾ ਹੈ। ਹਰਪਾਲ ਸਿੰਘ ਪੰਨੂ ਅਨੁਸਾਰ "ਕੁਦਰਤ ਵਸਤਾਂ ਦੇ ਆਕਾਰ ਵਿਚ ਆ ਜਾਣ ਨੂੰ ਕਿਹਾ ਹੈ ਯਾਨੀ ਜੋ ਕੁਝ ਵੀ ਰੂਪ (Form) ਵਿਚ ਆ ਗਿਆ ਕੁਦਰਤ ਹੈ।"[6] ਗੁਰਬਾਣੀ ਅਨੁਸਾਰ ਸੁਣਨਾ, ਖਾਣਾ, ਪੀਣਾ, ਬੋਲਣਾ, ਵੇਦਾਂ-ਪੁਰਾਣਾਂ ਵਿਚਲਾ ਗਿਆਨ, ਪਤਾਲ-ਅਕਾਸ਼, ਜਾਤਾਂ, ਜਿਨਸਾਂ, ਨੇਕੀਆਂ-ਬਦੀਆਂ, ਪਉਣ-ਪਾਣੀ, ਅਗਨੀ, ਧਰਤੀ ਆਦਿ ਸਭ ਕੁਝ ਕੁਦਰਤ ਦੇ ਕਲਾਵੇ ਵਿਚ ਆ ਜਾਂਦਾ ਹੈ।[7]

ਕੁਦਰਤ ਦਾ ਪਸਾਰਾ ਵੱਡਾ ਹੋਣ ਕਾਰਨ ਇਹ ਵਿਸ਼ਾਲ ਅਰਥਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਰਖਦੀ ਹੈ। ਡਾ. ਸ਼ੇਰ ਸਿੰਘ ਲਿਖਦੇ ਹਨ "ਕੁਦਰਤ ਗਿਆਨ ਹੈ ਤੇ ਗਿਆਨ ਕੁਦਰਤ

---

[3] ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463.

[4] ਕੁਦਰਤਿ ਕਵਨ ਹਮਾਰੀ।। ਉਹੀ, ਪੰਨਾ 508.

[5] ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਲਾਹੌਰ ਬੁੱਕਸ, ਲੁਧਿਆਣਾ, ਸੰਸਕਰਣ-ਪੰਜਵਾਂ, 2017, ਪੰਨਾ 296.

[6] ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ-ਸਿਧਾਂਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 14.

[7] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 464.

ਅਰਥਾਤ ਮਨੁੱਖ ਦਾ ਸਾਰਾ ਗਿਆਨ ਕੁਦਰਤ ਸੰਬੰਧੀ ਹੈ ਤੇ ਕੁਦਰਤ ਗਿਆਨ ਦਾ ਭੰਡਾਰ ਹੈ।"[8] ਦਾਰਸ਼ਨਿਕ ਖੇਤਰ ਵਿਚ ਕੁਦਰਤ ਨੂੰ ਬਹੁ ਦਿਸ਼ਾਵੀ ਮੰਨਿਆ ਹੈ, ਹਰ ਪ੍ਰਸੰਗ ਵਿਚ ਇਸ ਦੇ ਅਰਥ ਵੱਖਰੇ-ਵੱਖਰੇ ਕੀਤੇ ਜਾਂਦੇ ਹਨ।

ਭਾਰਤੀ ਦਰਸ਼ਨ ਵਿਚ ਕੁਦਰਤ ਲਈ 'ਪ੍ਰਕਿਰਤੀ' ਸ਼ਬਦ ਪ੍ਰਚਲਿਤ ਹੈ। ਪ੍ਰਕਿਰਤੀ ਸੰਸਕ੍ਰਿਤ ਸੰਗਿਆ ਹੈ, ਜਿਸ ਦੇ ਅਰਥ ਸੁਭਾਅ, ਮਿਜ਼ਾਜ, ਤਾਸੀਰ ਜਾਂ ਪੰਜ ਤੱਤਾਂ ਦੇ ਅਸਰ ਤੋਂ ਪੈਦਾ ਹੋਏ ਗੁਣ ਆਦਿ ਹਨ।[9] ਪ੍ਰਕਿਰਤੀ ਸ਼ਬਦ ਅਰਬੀ ਮੂਲਿਕ ਸ਼ਬਦ 'ਕੁਦਰਤ' ਤੋਂ ਭਿੰਨ ਹੈ। ਡਾ. ਵਜ਼ੀਰ ਸਿੰਘ ਵੀ ਕੁਦਰਤ ਅਤੇ ਪ੍ਰਕਿਰਤੀ ਸ਼ਬਦ ਨੂੰ ਸਮ-ਅਰਥੀ ਨਹੀਂ ਮੰਨਦੇ । ਇਹਨਾਂ ਸ਼ਬਦਾਂ ਦੀ ਅਰਥ ਭਿੰਨਤਾ ਨੂੰ ਦਰਸਾਉਂਦੇ ਹੋਏ ਲਿਖਦੇ ਹਨ ਕਿ "ਕੁਦਰਤ ਕਾਦਰ ਦੀ ਸਿਰਜਣਾ ਹੈ, ਜਦ ਕਿ ਸਾਂਖ ਦਰਸ਼ਨ ਵਿਚਲੀ ਪ੍ਰਕਿਰਤੀ ਕਾਦਰ ਦੀ ਰਚਨਾ ਨਾ ਹੋ ਕੇ ਅਨਾਦੀ ਅਤੇ ਨਿੱਤ ਹੈ। ਜਿਸ ਵਿਚ ਕਾਦਰ ਅੰਤਿਮ ਸੱਤਾ ਨਾ ਹੋਣ ਕਰ ਕੇ ਦ੍ਵੈਤ ਆ ਜਾਂਦੀ ਹੈ। ਸਾਂਖ ਵਿਚ 'ਪੁਰਸ਼' ਤੇ 'ਪ੍ਰਕਿਰਤੀ' ਦੋਵੇਂ ਅੰਤਿਮ ਸੱਤਾ ਹਨ। ਪੁਰਸ਼ ਨਿਰੋਲ ਚੇਤਨਾ ਹੈ, ਪ੍ਰਕਿਰਤੀ ਅਚੇਤ ਦ੍ਰਵ ਹੈ। ਦੋਵੇਂ ਸੁਤੰਤਰ ਹੋਂਦਾਂ ਹਨ। ਜਿਹਨਾਂ ਦੀ ਪਰਸਪਰ ਕ੍ਰਿਆ ਪਦਾਰਥਕ ਜਗਤ ਦੀ ਰਚਨਾ ਕਰਦੀ ਹੈ। ਪੁਰਸ਼ 'ਕਰਤਾ' ਨਹੀਂ, ਨਾ ਹੀ ਜਗਤ ਦਾ ਰਚਨਹਾਰ, ਪ੍ਰਭੂ ਜਾਂ ਸੁਆਮੀ ਹੈ। ਕੇਵਲ ਉਸ ਦੀ ਨੇੜਤਾ ਅਤੇ ਦ੍ਰਿਸ਼ਟਤਾ ਮੂਲ-ਪ੍ਰਕਿਰਤੀ ਨੂੰ ਆਪਣੇ ਤ੍ਰੈ-ਗੁਣੀ ਸੁਭਾਅ ਦੇ ਅਨੁਕੂਲ ਰਚਨਾਤਮਿਕ ਕ੍ਰਿਆ ਕਰਨ ਲਈ ਪ੍ਰੇਰਦੀ ਹੈ।"[10]

ਬਾਣੀ ਵਿਚ ਪ੍ਰਕਿਰਤੀ ਸ਼ਬਦ ਨਾਲੋਂ ਕੁਦਰਤ ਸ਼ਬਦ ਦਾ ਵਰਣਨ ਵਧੇਰੇ ਮਿਲਦਾ ਹੈ। ਗੁਰਬਾਣੀ ਵਿਚ ਕੇਵਲ ਇਕ ਥਾਂ ਉਤੇ ਭਗਤ ਜੈ ਦੇਵ ਜੀ 'ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ'[11] ਤੁਕ ਵਿਚ ਪ੍ਰਕਿਰਤੀ ਸ਼ਬਦ ਵਰਤਦੇ ਹਨ। ਕਪੂਰ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ 'ਪ੍ਰਕਿਰਤੀ' ਸ਼ਬਦ ਦੀ ਵਰਤੋਂ ਨਹੀਂ ਕੀਤੀ, ਕਿਉਂਕਿ ਇਸ ਸ਼ਬਦ ਵਿਚ ਆਪਣੇ ਅਧਿਕਾਰ

---

8 ਸ਼ੇਰ ਸਿੰਘ, *ਸਾਹਿਤ ਸਮਾਲੋਚਨਾ*, ਅਤਰ ਸਿੰਘ ਕਪੂਰ, ਦਿੱਲੀ, 1952, ਪੰਨਾ 224.

9 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 690.

10 ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ-ਸਿਧਾਂਤ,* ਪੰਨਾ vii.

11 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 526.

ਤਹਿਤ ਅਤੇ ਨਿਰੰਕੁਸ਼ ਹੋਂਦ ਦੀ ਭਾਵਨਾ ਛੁਪੀ ਹੁੰਦੀ ਹੈ ਪਰ 'ਕੁਦਰਤ' ਸ਼ਬਦ ਤੋਂ ਇਹ ਕਾਦਰ ਦੀ ਸਿਰਜੀ ਹੋਈ ਪ੍ਰਤੀਤ ਹੁੰਦੀ ਹੈ, ਜਿਸ ਵਿਚ ਉਹ ਵਸੇਬਾ ਵੀ ਕਰਦਾ ਹੈ।[12]

ਪ੍ਰਕਿਰਤੀ ਰਾਹੀਂ ਆਮ ਤੌਰ ਉਤੇ ਬਨਸਪਤੀ, ਜੀਵ ਜੰਤੂ ਜਾਂ ਦ੍ਰਿਸ਼ਟੀ ਗੋਚਰ ਪਸਾਰੇ ਦਾ ਵਰਣਨ ਕੀਤਾ ਮਿਲਦਾ ਹੈ। ਗੁਰਦੇਵ ਸਿੰਘ ਅਨੁਸਾਰ "ਦੇਵ ਜੂਨ, ਤ੍ਰਿਗਦ ਜੂਨ ਤੇ ਮਨੁੱਖ ਜੂਨ ਦੇ ਸਮੂਹ ਨੂੰ ਭੌਤਿਕ ਸ੍ਰਿਸ਼ਟੀ ਆਖਦੇ ਹਨ। ਸਾਰਾ ਦ੍ਰਿਸ਼-ਜਗਤ ਜਿਸ ਦਾ ਗਿਆਨ ਅੱਖਾਂ ਦੁਆਰਾ ਹੁੰਦਾ ਹੈ ਦ੍ਰਿਸ਼ ਪ੍ਰਕਿਰਤੀ ਰੂਪ ਹੈ।"[13]

ਗੁਰਬਾਣੀ ਵਿਚ ਇਹਨਾਂ ਦੋਵਾਂ ਸ਼ਬਦਾਂ ਨਾਲ ਤੀਜਾ ਸ਼ਬਦ 'ਮਾਇਆ' ਆਇਆ ਹੈ। ਇਸ ਸ਼ਬਦ ਦਾ ਅਧਿਐਨ ਅਤੇ ਪ੍ਰਯੋਗ ਸਭ ਤੋਂ ਪਹਿਲਾਂ ਸ਼ੰਕਰਾਚਾਰੀਆ ਨੇ ਕੀਤਾ ਸੀ। "ਭਾਵੇਂ ਮਾਇਆ ਜਾਂ ਅਵਿੱਦਿਆ ਦੇ ਸ਼ਬਦਾਂ ਦਾ ਵੇਦਾਂ ਅਤੇ ਉਪਨਿਸ਼ਦਾਂ ਵਿਚ ਪ੍ਰਯੋਗ ਹੋਇਆ ਹੈ ਪਰ ਇਸ ਨੂੰ ਦਾਰਸ਼ਨਿਕ ਸਿਧਾਂਤ ਬਣਾ ਕੇ ਇਸ ਦੇ ਆਧਾਰ ਉਤੇ ਸਜਰੇ ਪ੍ਰਕਾਰ ਦੀਆਂ ਸਚਾਈਆਂ ਨੂੰ ਜੋੜਨਾ ਕੇਵਲ ਸ਼ੰਕਰ ਦਾ ਹੀ ਕੰਮ ਹੈ। ਇਸ ਲਈ ਮਾਇਆਵਾਦ ਦੀ ਖੋਜ ਦਾ ਸਿਹਰਾ ਸ਼ੰਕਰ ਨੂੰ ਹੀ ਜਾਂਦਾ ਹੈ।"[14]

ਮਾਇਆ ਸ਼ਬਦ 'ਅਵਿੱਦਿਆ' ਅਤੇ 'ਭਰਮ' ਲਈ ਵੀ ਵਰਤਿਆ ਜਾਂਦਾ ਹੈ। *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਮਾਇਆ ਦੇ ਅਰਥ ਮਾਂ, ਭਰਮ-ਭੁਲੇਖਾ, ਭਰਮ, ਦੰਭ, ਅਵਿੱਦਿਆ. ਲੱਛਮੀ, ਧਨ-ਸੰਪਦਾ, ਜਗਤ ਰਚਨਾ ਦਾ ਕਾਰਨ ਰੂਪ, ਈਸ਼ਵਰ ਦੀ ਸ਼ਕਤੀ, ਕ੍ਰਿਪਾ ਅਤੇ ਪ੍ਰਸਾਦਿ ਆਦਿ ਕੀਤੇ ਗਏ ਹਨ।[15]

---

12 "Guru Nanak employed the word *qudret* as the second term of the dualism, with purakh as the first term, Qudret is an Arabic Word, meaning "that under the power and authority of" its Master *Al-Qadir* as one of the attributes is distinguishable from another attribute of God *al Khalik……The "Nature" in Guru Nanak is created by and is utterly Dependent on the Creator, at every moment of its existence".*
Kapur singh, 'Guru Nanak's concept of nature', *Perspectives on Guru Nanak: Seminar papers*, Ed. Harbans Singh, Guru Gobind Singh Department of Religious Studies; Punjabi University, Patiala, 1975, pp. 52-53.

13 ਗੁਰਦੇਵ ਸਿੰਘ, *ਪੰਜਾਬੀ ਕਾਵਿ ਵਿਚ ਪ੍ਰਕਿਰਤੀ-ਚਿਤ੍ਰਣ*, ਭਾਸ਼ਾ ਵਿਭਾਗ, ਪਟਿਆਲਾ, 1971, ਪੰਨਾ 3.

14 ਸ਼ਾਤੀ ਨਾਥ ਗੁਪਤਾ, *ਭਾਰਤੀ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974, ਪੰਨਾ 219.

15 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 828.

ਮਾਇਆ ਸ਼ਬਦ ਸੰਸਕ੍ਰਿਤ ਸ਼ਬਦ 'ਮਾਯਾ' ਤੋਂ ਉਤਪੰਨ ਹੋਇਆ ਹੈ। ਇਹ ਸ਼ਬਦ ਸੰਸਕ੍ਰਿਤ ਦੇ ਦੋ ਸ਼ਬਦਾਂ ਮਾ+ਯਾ ਤੋਂ ਮਿਲ ਕੇ ਬਣਿਆ ਹੈ। ਇਸ ਸ਼ਬਦ ਵਿਚ 'ਮਾ' ਦੇ ਅਰਥ 'ਨਹੀਂ' ਅਤੇ 'ਯਾ' ਦੇ ਅਰਥ 'ਜਿਹੜੀ' ਹਨ ਭਾਵ ਜਿਹੜੀ ਨਹੀਂ ਹੈ।[16] ਪ੍ਰਕਿਰਤੀ ਸ਼ਬਦ ਵਾਂਗ 'ਮਾਇਆ' ਸ਼ਬਦ ਵੀ 'ਕੁਦਰਤ' ਸ਼ਬਦ ਦੇ ਅਰਥ ਨਹੀਂ ਸਮੋ ਸਕਦਾ। "ਕੁਦਰਤ ਸ਼ਬਦ ਦਾ ਪਿਛੋਕੜ ਸਾਮੀ (ਸੈਮਿਟਿਕਿ) ਹੋਣ ਕਰ ਕੇ ਇਸ ਦੇ ਅਰਥਾਂ ਵਿਚ ਵੀ ਭਿੰਨਤਾ ਹੈ। 'ਮਾਇਆ' ਆਰੀਅਨ ਲੋਕਾਂ ਦੀ ਵੈਦਿਕ ਪਰੰਪਰਾ ਵਿਚੋਂ ਉਪਜਿਆ ਸੰਕਲਪਾਤਮਿਕ ਸ਼ਬਦ ਹੈ। 'ਕੁਦਰਤ' ਸ਼ਬਦ ਉਸ ਸਭਿਅਤਾ ਦੀ ਉਪਜ ਹੈ, ਜਿਸ ਸਭਿਅਤਾ ਦਾ ਸੰਸਕ੍ਰਿਤਕ ਤੌਰ ਤੇ ਹਿੰਦੂ ਧਰਮ, ਹਿੰਦੂ ਦਰਸ਼ਨ ਅਤੇ ਹਿੰਦੁਸਤਾਨੀ ਸਭਿਅਤਾ ਨਾਲ ਨੇੜੇ ਦਾ ਵਾਸਤਾ ਨਹੀਂ। ਜਿਹਨਾਂ ਅਰਥਾਂ ਵਿਚ ਮਾਇਆ ਸ਼ਬਦ ਦਾ ਪ੍ਰਯੋਗ ਹੁੰਦਾ ਹੈ ਉਹਨਾਂ ਦੀ ਥਾਂ ਕੁਦਰਤ ਸ਼ਬਦ ਇਕ ਬਦਲ (substitute) ਵਜੋਂ ਨਹੀਂ ਆ ਸਕਦਾ। ਕੁਦਰਤ ਵਿਚ ਭਰਮ ਭੁਲੇਖੇ ਦਾ ਕੋਈ ਅਜਿਹਾ ਝਲਕਾਰਾ ਨਹੀਂ ਜਿਹੜਾ ਝੂਠ ਹੋਵੇ। ਇਵੇਂ ਹੀ ਸਾਂਖ ਦੀ ਪੁਰਸ਼ ਪ੍ਰਕਿਰਤੀ ਦੀ ਧਾਰਨਾ ਵੀ 'ਕੁਦਰਤ' ਸ਼ਬਦ ਦੇ ਸੰਕਲਪ ਦੀ ਵਿਆਖਿਆ ਕਰਨ ਵਿਚ ਸਫਲ ਨਹੀਂ ਹੋ ਸਕਦੀ।"[17]

ਗੁਰਬਾਣੀ ਵਿਚ ਮਾਇਆ ਸ਼ਬਦ ਕਈ ਅਰਥਾਂ ਵਿਚ ਵਰਤਿਆ ਗਿਆ ਹੈ, ਜਿਵੇਂ ਪਰਮਾਤਮਾ ਤੋਂ ਦੂਰ ਕਰਨ ਵਾਲੀ ਸ਼ਕਤੀ,[18] ਜਗਤ ਮਾਤਾ,[19] ਭਰਮਜਾਲ,[20] ਧਨ ਦੌਲਤ,[21] ਵਿਸ਼ੇ ਵਿਕਾਰ[22] ਆਦਿ। ਗੁਰਬਾਣੀ ਅਨੁਸਾਰ ਮਾਇਆ ਅਤੇ ਕੁਦਰਤ ਵਿਚ ਸਮਰੂਪਤਾ ਵੀ ਹੈ ਕਿ ਇਹ

---

16 "The World as māyā is described as illusion, because there is something present which is seen but wrongly seen. It is not delusion, in which nothing at all would be present. The term mithyā (q.v.) meaning "false" is also much used for describing the manifest. It is positively false, because the creative or projecting power (Vikshepa) builds upon the defects brought about by the veiling power ( āvarana)"
Ernest Wood, *Vedanta Dictionary,* Peter Owen, London, 1964, pp. 114.

17 ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ-ਸਿਧਾਂਤ,* ਪੰਨਾ 13.

18 ਖਰੀ ਸਿਆਣੀ ਕੰਤ ਨ ਭਾਣੀ।।
ਮਾਇਆ ਲਾਗੀ ਭਰਮਿ ਭੁਲਾਣੀ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 750.

19 ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।। ਉਹੀ, ਪੰਨਾ 7.

20 ਬਾਬਾ ਮਾਇਆ ਭਰਮਿ ਭੁਲਾਇ ।। ਉਹੀ, ਪੰਨਾ 60.

21 ਮਾਇਆ ਸੰਚਿ ਰਾਜੇ ਅਹੰਕਾਰੀ।। ਉਹੀ, ਪੰਨਾ 1342 .

22 ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ।।
ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ।। ਉਹੀ, ਪੰਨਾ 359.

ਦੋਵੇਂ ਨਾ ਹੀ ਸਵੈ-ਨਿਰਭਰ ਅਤੇ ਨਾ ਹੀ ਆਦਿ ਰਹਿਤ ਹਨ। ਗੁਰਬਾਣੀ ਦਾ ਅਸਲ ਮਨੋਰਥ ਮਨੁੱਖ ਦੀ ਅੰਦਰੂਨੀ ਅਤੇ ਬਾਹਰੀ ਇਕਸੁਰਤਾ ਕਾਇਮ ਕਰ ਕੇ ਪਰਮਾਤਮਾ ਨਾਲ ਮਿਲਾਪ ਕਰਵਾਉਣਾ ਹੈ, ਇਸ ਮੰਤਵ ਲਈ ਕੁਦਰਤ ਸਹਾਈ ਹੁੰਦੀ ਹੈ।

ਪਰਮਾਤਮਾ ਦਾ ਵਿਸਥਾਰ ਅਤੇ ਸਾਕਾਰ ਰੂਪ ਦਸਣ ਵਾਲੇ ਇਸ ਜਗਤ, ਸੰਸਾਰ, ਕੁਦਰਤ ਨੂੰ ਗੁਰਮਤਿ ਦਰਸ਼ਨ ਵਿਚ ਹੋਰ ਸ਼ਬਦਾਂ ਜਿਵੇਂ: ਸੱਤਾ, ਸਿਰਠੀ, ਸਿਸਟ, ਖਲਕ, ਸੰਸਾਰ, ਬ੍ਰਹਿਮੰਡ, ਰਚਨਾ, ਜਗਤ, ਦੁਨੀਆ, ਆਕਾਰ, ਪਰਪੰਚ, ਖੇਡ, ਲੀਲਾ ਆਦਿ ਨਾਲ ਸੰਬੋਧਨ ਕੀਤਾ ਗਿਆ ਹੈ। ਇਸ ਪਦਾਰਥਕ ਹੋਂਦ ਨੂੰ ਭਾਵੇਂ ਕੁਝ ਵੀ ਕਹਿ ਲਵੋ, ਪਰ ਇਸ ਸਭ ਦਾ ਕਾਰਨ 'ਪਰਮਾਤਮਾ' ਹੈ। ਪਰਮਾਤਮਾ ਲਈ ਗੁਰਬਾਣੀ ਵਿਚ 'ਕਰਤਾ ਪੁਰਖ' ਸ਼ਬਦ ਵਰਤਿਆ ਗਿਆ ਹੈ। ਕਰਤਾ ਪੁਰਖ ਦੁਆਰਾ ਪੈਦਾ ਕੀਤੀ ਜਾਣ ਵਾਲੀ ਕ੍ਰਿਤ ਦੇ ਲਈ ਵਰਤੇ ਪਦਾਰਥ, ਯੰਤਰ, ਯੋਗਤਾ ਅਤੇ ਉਦੇਸ਼ ਬਾਰੇ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਭ ਕਰਤੇ ਦੇ ਹੱਥ ਹੈ।

ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 257)

ਗੁਰਬਾਣੀ ਵਿਚ ਇਸ ਸਮੁੱਚੇ ਪਸਾਰੇ ਨੂੰ ਮੁੱਖ ਤੌਰ ਉਤੇ ਸ੍ਰਿਸ਼ਟੀ ਵਜੋਂ ਲਿਆ ਗਿਆ ਹੈ। ਜਿਹੜਾ ਕਿ ਗੁਰਮਤਿ ਫ਼ਲਸਫ਼ੇ ਵਿਚ ਵਧੇਰੇ ਤੌਰ ਤੇ ਵਰਤਿਆ ਗਿਆ ਹੈ।

**ਰਚਨਾ ਸਿਧਾਂਤ** :

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਅਨਾਦਿ ਨਹੀਂ ਸਗੋਂ ਪਰਮਾਤਾਮਾ ਦੀ ਕ੍ਰਿਤ ਹੈ, ਇਸ ਨੂੰ 'ਹੋਆ ਆਕਾਰੁ'[23] ਆਖਿਆ ਗਿਆ ਹੈ। ਰਚਨਾ ਤੋਂ ਪਹਿਲਾਂ ਕੁਦਰਤ ਦੀ ਅਣਹੋਂਦ ਸਪਸ਼ਟ ਹੁੰਦੀ ਹੈ। ਬਾਣੀ ਵਿਚ ਕੇਵਲ ਪਰਮਾਤਮਾ ਨੂੰ 'ਆਦਿ ਸਚੁ' ਕਿਹਾ ਗਿਆ ਹੈ। ਪਰਮਾਤਮਾ ਨੇ ਆਪਣੇ ਆਪ ਦੀ ਸਾਜਨਾ ਤੋਂ ਬਾਅਦ ਦੂਜੇ ਨੰਬਰ ਤੇ ਸ੍ਰਿਸ਼ਟੀ ਪੈਦਾ ਕੀਤੀ ਹੈ।[24] ਹਰਪਾਲ ਸਿੰਘ ਪੰਨੂ ਲਿਖਦੇ ਹਨ ਕਿ "ਜੇਕਰ ਕੁਦਰਤ ਨੂੰ ਅਨਾਦੀ ਮੰਨ ਲਿਆ ਜਾਵੇ ਤਾਂ ਸਾਡਾ ਅਧਿਐਨ

---

[23] ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 4.

[24] ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।। ਉਹੀ, ਪੰਨਾ 463.

ਪਦਾਰਥਵਾਦੀ ਦਿਸ਼ਾ ਅਖ਼ਤਿਆਰ ਕਰ ਲਵੇਗਾ, ਕਿਉਂਕਿ ਕੁਦਰਤ ਨੂੰ ਇਸ ਪ੍ਰਕਾਰ ਸੈਭੰ ਮੰਨਿਆ ਤਾਂ ਕਾਦਰ ਦੀ ਕੋਈ ਮਹੱਤਾ ਨਹੀਂ ਰਹਿ ਜਾਂਦੀ।"[25] ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੇਵਲ ਇਕ ਪਰਮਾਤਮਾ ਸੀ। ਚੰਦ, ਸੂਰਜ, ਹਵਾ, ਪਾਣੀ, ਦੀਪ, ਮੰਡਲ ਆਦਿ ਕੁਝ ਵੀ ਨਹੀਂ ਸੀ। ਇਸ ਲਈ ਸ੍ਰਿਸ਼ਟੀ ਅਨਾਦਿ ਨਾ ਹੋ ਕੇ ਪਰਮਾਤਮਾ ਦੀ ਕ੍ਰਿਤ ਹੈ:

ਨਾ ਸੂਰ ਸਸਿ ਮੰਡਲੋ।। ਨ ਸਪਤ ਦੀਪ ਨਹ ਜਲੋ।।

ਅੰਨ ਪਉਣ ਥਿਰੁ ਨ ਕੁਈ।। ਏਕੁ ਤੁਈ ਏਕੁ ਤੁਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 144)

ਜਦੋਂ ਸ੍ਰਿਸ਼ਟੀ ਅਨਾਦੀ ਸਿੱਧ ਨਹੀਂ ਹੁੰਦੀ ਤਾਂ ਸਪਸ਼ਟ ਹੈ ਕਿ ਅਰੰਭਲੀ ਹਾਲਤ ਵਿਚ ਕੇਵਲ ਇਕ ਪਰਮਾਤਮਾ ਸੀ। ਪਰਮਾਤਮਾ ਦੇ ਆਪਣੇ ਆਪ ਨੂੰ ਸੂਖਮ ਤੋਂ ਸਥੂਲ ਰੂਪ ਵਿਚ ਪ੍ਰਗਟ ਕਰਨ ਤੋਂ ਪੂਰਵਲੀ ਅਵਸਥਾ ਨੂੰ ਸੁੰਨ ਦੀ ਅਵਸਥਾ ਕਿਹਾ ਜਾਂਦਾ ਹੈ। ਗੁਰਮਤਿ ਫ਼ਲਸਫ਼ੇ ਵਿਚ ਇਸ ਅਵਸਥਾ ਲਈ ਵੱਖ-ਵੱਖ ਸ਼ਬਦ ਜਿਵੇਂ: ਧੁਧੂੰਕਾਰਾ, ਗੁਬਾਰ, ਸੁੰਨ ਸਮਾਧਿ, ਵਿਸਮਾਦ, ਤਾੜੀ, ਗੁਪਤ, ਆਪੇ ਆਪਿ ਆਦਿ ਵਰਤੇ ਗਏ ਹਨ। ਇਹ ਧੁਧੂੰਕਾਰੇ ਦੀ ਅਵਸਥਾ ਅਣਗਿਣਤ ਜੁੱਗਾਂ ਤਕ ਵਰਤੀ ਸੀ। ਇਸ ਅਵਸਥਾ ਵਿਚ ਨਾ ਜੀਅ-ਜੰਤ ਸਨ, ਨਾ ਉਹਨਾਂ ਦੀ ਉਤਪਤੀ ਦਾ ਵਸੀਲਾ, ਖਾਣੀਆਂ, ਬਾਣੀਆਂ, ਪਉਣ-ਪਾਣੀ, ਧਰਤੀ, ਅਕਾਸ਼, ਖੰਡ, ਬ੍ਰਹਿਮੰਡ, ਪਤਾਲ, ਤਾਰੇ, ਸਾਗਰ, ਨਰਕ-ਸੁਰਗ, ਚੰਦ-ਸੂਰਜ, ਦਿਨ-ਰਾਤ ਆਦਿ ਤੋਂ ਇਲਾਵਾ ਪਰਾਭੌਤਿਕ ਸ਼ਕਤੀਆਂ ਬ੍ਰਹਮਾ, ਵਿਸ਼ਨੂੰ, ਮਹੇਸ਼, ਜਨਮ-ਮਰਨ, ਦੇਵੀ-ਦੇਵਤਾ ਆਦਿ ਕੁਝ ਵੀ ਨਹੀਂ ਸੀ:

ਅਰਬਦ ਨਰਬਦ ਧੁੰਧੂਕਾਰਾ ।। ਧਰਣਿ ਨ ਗਗਨਾ ਹੁਕਮੁ ਅਪਾਰਾ।।

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ।। ਸੁੰਨ ਸਮਾਧਿ ਲਗਾਇਦਾ।।

ਖਾਣੀ ਨ ਬਾਣੀ ਪਉਣ ਨ ਪਾਣੀ।। ਓਪਤਿ ਖਪਤਿ ਨ ਆਵਣ ਜਾਣੀ।।

ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ।।...

...ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1035-36)

---

[25] ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ-ਸਿਧਾਂਤ,* ਪੰਨਾ 2.

ਰਚਨਾ ਤੋਂ ਪਹਿਲਾਂ ਅਰੰਭ ਵਾਲੀ 'ਅਰਬਦ' ਦੀ ਅਵਸਥਾ ਦੇ ਅਰਥ ਵਿਦਵਾਨਾਂ ਨੇ ਦਸ ਕਰੋੜ ਸਾਲ ਕੀਤੇ ਹਨ[26] ਅਤੇ 'ਨਰਬਦ' ਉਸ ਤੋਂ ਵੀ ਪਹਿਲਾਂ ਦੀ, ਭਾਵ ਇਨਸਾਨ ਦੀ ਕਥਨ ਸ਼ਕਤੀ ਤੋਂ ਬਾਹਰ ਦੀ ਅਵਸਥਾ ਹੈ।[27] ਇਹ ਕਾਲ, ਗਤੀ, ਪਦਾਰਥ ਅਤੇ ਹਰਕਤ ਤੋਂ ਰਹਿਤ ਅਵਸਥਾ ਹੈ। ਧੰਧੂਕਾਰੇ ਦੀ ਅਵਸਥਾ ਨੂੰ ਵੀ ਪੂਰੇ ਹਨੇਰੇ ਦੀ ਅਵਸਥਾ ਨਹੀਂ ਕਿਹਾ ਜਾ ਸਕਦਾ ਸਗੋਂ ਇਹ ਅਜਿਹੀ ਅਵਸਥਾ ਹੈ, ਜਿਥੇ ਚਾਨਣ ਤਾਂ ਹੈ ਪਰ ਹਾਲੇ ਪ੍ਰਤੱਖ ਰੂਪ ਵਿਚ ਨਹੀਂ ਹੈ।

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਨੂੰ ਸਾਜਣ ਤੋਂ ਪਹਿਲਾਂ ਪਰਮਾਤਮਾ ਕਿੰਨੇ ਹੀ ਜੁੱਗ[28] ਇਸ ਅਵਸਥਾ ਵਿਚ ਰਿਹਾ, ਇਸ ਸਮੇਂ ਲਈ 'ਛਤੀ ਜੁਗ' ਸ਼ਬਦ ਵਰਤਿਆ ਗਿਆ ਹੈ।[29] ਸਮੇਂ ਦਾ ਅਨੁਭਵ ਮਨੁੱਖੀ ਪੱਧਰ ਦਾ ਸਮਝ ਕੇ ਡਾ. ਵਜ਼ੀਰ ਸਿੰਘ ਲਿਖਦੇ ਹਨ ਕਿ "ਗੁਰਬਾਣੀ ਵਿਚ ਛੱਤੀ ਜੁੱਗ ਦਾ ਸੰਕੇਤ ਵੀ ਸਮੇਂ ਦੀ ਅਨੰਤਤਾ ਦਾ ਭਾਵ ਪ੍ਰਗਟਾਉਣ ਲਈ ਵਰਤਿਆ ਗਿਆ ਹੈ।"[30] ਇਹ ਅਵਸਥਾ ਕਿੰਨੇ ਜੁੱਗ ਵਾਪਰੀ ਇਸ ਬਾਰੇ ਕੋਈ ਸੰਕੇਤ ਪ੍ਰਾਪਤ ਨਹੀਂ ਹੈ।

ਪਰਮਾਤਮਾ ਦੇ ਆਕਾਰ ਰਹਿਤ ਇਸ ਸਰੂਪ ਨੂੰ ਨਿਰਗੁਣ ਅਵਸਥਾ ਕਿਹਾ ਗਿਆ ਹੈ। ਨਿਰਗੁਣ ਪਰਮਾਤਮਾ ਦਾ ਉਹ ਰੂਪ ਹੈ, ਜਦੋਂ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਨਹੀਂ ਕੀਤੀ ਸੀ, ਕੇਵਲ ਉਹ ਆਪ ਹੀ ਆਪ ਸੀ, ਹੋਰ ਕੁਝ ਵੀ ਨਹੀਂ ਸੀ। ਉਸ ਸਮੇਂ ਕੇਵਲ ਉਹੀ ਪਰਮ-ਸਹਜ-ਸੁਨਯ ਸਥਿਤੀ ਵਿਚ ਵਿਆਪ ਰਿਹਾ ਸੀ। ਸ਼ੇਰ ਸਿੰਘ ਅਨੁਸਾਰ "ਅਫੁਰ ਨਿਰਗੁਣ ਜਦ ਸਫੁਰ ਹੋਇਆ ਤਾਂ ਸ੍ਰਿਸ਼ਟੀ ਰਚੀ ਗਈ, ਜਾਂ ਕਹੋ ਅਕਾਲ ਪੁਰਖ ਸਰਗੁਣ ਬਣ ਗਿਆ। ਉਹ ਬਾਣੀ ਜਾਂ ਹੁਕਮ ਜਿਹੜਾ ਪਹਿਲਾਂ ਕੰਨਾ ਦਾ ਵਿਸ਼ਾ ਨਹੀਂ ਸੀ, ਹੁਣ ਸੁਣੇ ਜਾਣ ਵਾਲਾ ਸ਼ਬਦ ਹੋ ਗਿਆ ਜਾਂ ਕਹੋ

---

26 ਹਰਭਜਨ ਸਿੰਘ ਅਤੇ ਹੋਰ (ਸੰਪਾ.), *ਗੁਰੂ ਗਿਰਾਰਥ ਕੋਸ਼ (ਜਿਲਦ-ਪਹਿਲੀ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 39.

27 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 591.

28 ਕੇਤੜਿਆ ਜੁਗ ਧੁਧੂੰਕਾਰੈ।। ਤਾੜੀ ਲਾਈ ਸਿਰਜਣਹਾਰੈ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1023.

29 ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ।। ਉਹੀ, ਪੰਨਾ 949.

30 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 29.

ਨਿਰਗੁਣ ਹੁਕਮੀ ਸਰਗੁਣ (ਬਾਣੀ) ਹੋ ਕੇ ਪਸਰ ਗਿਆ ਤੇ ਸ੍ਰਿਸ਼ਟੀ ਹੋਂਦ ਵਿਚ ਆਈ।"[31] ਇਸ ਅਵਸਥਾ ਵਿਚ ਪਰਮਾਤਮਾ ਕੀ ਕਰਦਾ ਸੀ, ਉਸ ਦਾ ਕੀ ਸਰੂਪ ਸੀ। ਇਸ ਅਵਸਥਾ ਬਾਰੇ ਸਾਇੰਸ ਜਾਂ ਧਰਮ ਗ੍ਰੰਥ ਕੁਝ ਕਹਿਣ ਤੋਂ ਅਸਮਰਥ ਹਨ।

ਗੁਰਬਾਣੀ ਵਿਚਲੀ ਇਹ ਸੁੰਨ ਦੀ ਅਵਸਥਾ ਬੁੱਧ ਧਰਮ ਵਿਚਲੇ 'ਸ਼ੂੰਨਯਵਾਦ' ਤੋਂ ਵੱਖਰੀ ਕਿਸਮ ਦੀ ਹੈ। ਇਹ ਅਣਹੋਂਦ ਦੀ ਲਖਾਇਕ ਨਹੀਂ, ਸਗੋਂ ਪਰਮਾਤਮਾ ਦੇ ਸੰਕਲਪਾਂ, ਵਿਕਲਪਾਂ ਤੋਂ ਰਹਿਤ 'ਸਮਾਧੀ' ਦੀ ਅਵਸਥਾ ਕਹੀ ਜਾ ਸਕਦੀ ਹੈ। ਭਾਈ ਵੀਰ ਸਿੰਘ ਸੁੰਨ ਦੇ ਅਰਥ ਕਰਦੇ ਲਿਖਦੇ ਹਨ ਕਿ "ਭਾਵੇਂ ਸੁੰਨ ਦਾ ਅਰਥ 'ਅਣਹੋਂਦ' ਹੈ । ਪਰ ਗੁਰੂ ਕਾ ਮਤਿ ੧ ਦਾ ਉਪਾਸ਼ਕ ਹੈ ਜੋ 'ਯਥਾਰਥ ਹਸਤੀ' ਹੈ। 'ਸੁੰਨ' ਜਾਂ 'ਅਣਹੋਂਦ' ਗੁਰਮਤਿ ਨਹੀਂ।"[32] ਇਸ ਸੁੰਨ ਦੀ ਅਵਸਥਾ ਵਿਚ ਕੇਵਲ ਪਰਮਾਤਮਾ ਆਪ ਸੀ। 'ਸਿਧ ਗੋਸਟਿ' ਬਾਣੀ ਤੋਂ ਸਪਸ਼ਟ ਹੁੰਦਾ ਹੈ ਕਿ ਜਦੋਂ ਸਿਧਾਂ ਨੇ ਗੁਰੂ ਸਾਹਿਬ ਨੂੰ ਆਦਿ ਬਾਰੇ ਪ੍ਰਸ਼ਨ ਪੁਛਿਆ ਕਿ ਸੁੰਨ ਦੀ ਅਵਸਥਾ ਵਿਚ ਪਰਮਾਤਮਾ ਕਿਥੇ ਰਹਿੰਦਾ ਸੀ। ਗੁਰੂ ਸਾਹਿਬ ਨੇ ਸਿਧਾਂ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਹੋਰ ਜਗਿਆਸੂਆਂ ਨੂੰ ਵੀ ਇਸ ਅਰੰਭਲੀ ਅਵਸਥਾ ਅਤੇ ਪਰਮਾਤਮਾ ਦੇ ਵਾਸ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਇਸ ਸਮੇਂ ਪਰਮਾਤਮਾ ਵਿਸਮਾਦ ਦੀ ਅਵਸਥਾ ਵਿਚ ਰਹਿ ਰਿਹਾ ਸੀ:

ਪ੍ਰਸ਼ਨ*:* - ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰਿ ਵਾਸੋ।।

ਉਤਰ: - ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ।।
ਸੁੰਨ ਨਿਰੰਤਰਿ ਵਾਸੁ ਲੀਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 940)

ਬਾਈਬਲ ਵਿਚ ਵੀ ਇਕ ਥਾਂ ਮਿਲਦਾ ਹੈ ਕਿ ਤਦੋਂ ਸ੍ਰਿਸ਼ਟੀ ਵਿਚ ਕੋਈ ਹੋਂਦ ਨਹੀਂ ਸੀ। ਚਾਰੇ ਪਾਸੇ ਸੁੰਨ, ਘੁੱਪ ਹਨੇਰਾ ਛਾਇਆ ਹੋਇਆ ਸੀ। ਦਾਊਦ ਨੇ ਰੱਬ ਨੂੰ ਪੁਛਿਆ, ਹੇ

---

31 ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 247.

32 ਵੀਰ ਸਿੰਘ (ਭਾਈ), *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ-ਪਹਿਲੀ),* ਸੰਪਾ. ਬਲਵੀਰ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ, 1981, ਪੰਨਾ 3.

ਸਿਰਜਣਹਾਰ, ਤੂੰ ਸ੍ਰਿਸ਼ਟੀ ਸਾਜਣ ਤੋਂ ਪਹਿਲਾਂ ਕਿਥੇ ਸੈਅ? ਰੱਬ ਨੇ ਉੱਤਰ ਦਿੱਤਾ ਕਿ ਉਹ ਗੁਪਤ ਸੀ। ਉਸ ਨੇ ਜਾਣਿਆ ਜਾਣ ਦੀ ਇੱਛਾ ਕੀਤੀ ਅਤੇ ਸਾਰੀ ਸ੍ਰਿਸ਼ਟੀ ਰਚ ਦਿੱਤੀ।[33] ਪਰਮਾਤਮਾ ਦੀ ਸਮਾਧੀ ਵਾਲੀ ਇਹ ਸੁੰਨ ਦੀ ਅਜਿਹੀ ਅਵਸਥਾ ਸੀ ਜਿਥੇ ਪਰਮਾਤਮਾ ਤੋਂ ਬਿਨਾਂ ਹੋਰ ਸਮਾਂ ਸਥਾਨ ਕੁਝ ਵੀ ਨਹੀਂ ਸੀ।

ਸ੍ਰਿਸ਼ਟੀ ਦੇ ਅਰੰਭ ਬਾਰੇ ਸੋਚਣ ਸਮੇਂ ਅਸਚਰਜਤਾ ਪੈਦਾ ਹੁੰਦੀ ਹੈ। ਸ੍ਰਿਸ਼ਟੀ ਨੂੰ ਉਹ ਕਿਤਾਬ ਮੰਨਿਆ ਗਿਆ ਹੈ, ਜਿਸ ਦਾ ਅਰੰਭਲਾ ਅਤੇ ਅੰਤਲਾ ਪੰਨਾ ਗੁੰਮ ਹੈ ਭਾਵ ਸ੍ਰਿਸ਼ਟੀ ਦੇ ਆਦਿ ਅੰਤ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਸ੍ਰਿਸ਼ਟੀ ਰਚਨਾ ਕਦੋਂ ਹੋਈ, ਇਸ ਬਾਰੇ ਧਰਮ-ਸ਼ਾਸਤਰ ਅਤੇ ਵਿਗਿਆਨ ਪੱਕਾ ਨਹੀਂ ਦੱਸ ਸਕੀ ਕੇਵਲ ਅੰਦਾਜ਼ੇ ਹੀ ਲਗਾਏ ਜਾ ਰਹੇ ਹਨ।

ਹਿੰਦੂ ਸ਼ਾਸਤਰਾਂ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਇਕ ਅਰਬ, ਛਿਆਨਵੇਂ ਕਰੋੜ, ਅੱਠ ਲੱਖ, ਤ੍ਰਵੰਜਾ ਹਜ਼ਾਰ ਵਰ੍ਹੇ ਪਹਿਲਾਂ ਹੋਈ।[34] ਬੁੱਧ ਧਰਮ ਅਤੇ ਜੈਨ ਧਰਮ ਅਨੁਸਾਰ ਸ੍ਰਿਸ਼ਟੀ ਅਨਾਦੀ ਹੈ। ਪੱਛਮੀ ਧਰਮਾਂ ਵਿਚ ਬਾਈਬਲ ਅਨੁਸਾਰ ਸ੍ਰਿਸ਼ਟੀ ਈਸਾ ਤੋਂ 4000 ਸਾਲ ਪਹਿਲਾਂ ਛੇ ਦਿਨਾਂ ਵਿਚ ਰਚੀ ਗਈ ਸੀ।[35] ਇਸਲਾਮ ਅਨੁਸਾਰ 14 ਹਜ਼ਾਰ ਸਾਲ ਪਹਿਲਾਂ ਰਚੀ ਗਈ।[36] ਗੁਰਬਾਣੀ ਅਨੁਸਾਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਸੁੰਨ ਵਾਲੀ ਅਵਸਥਾ ਕਾਲ ਰਹਿਤ ਅਵਸਥਾ ਹੈ। ਇਸ ਅਰੰਭਲੀ ਅਵਸਥਾ ਦਾ ਕੋਈ ਅੰਦਾਜ਼ਾ ਨਹੀਂ ਹੈ।[37] ਇਸ ਸਮੇਂ 'ਸ਼ਬਦ' ਰੂਪ ਅਵਸਥਾ ਵਿਚ ਸਮਾਏ ਪਰਮਾਤਮਾ ਤੋਂ ਇਲਾਵਾ ਹੋਰ ਕੋਈ ਵੇਦ ਪੁਰਾਣ ਸ਼ਾਸਤਰ ਜਾਂ ਇਹਨਾਂ ਦਾ ਗਿਆਤਾ ਨਹੀਂ ਸੀ। ਗੁਰਬਾਣੀ ਅਨੁਸਾਰ ਜਦੋਂ ਪਰਮਾਤਮਾ ਨੇ ਗੁਪਤ ਤੋਂ ਪ੍ਰਗਟ ਰੂਪ ਧਾਰਿਆ ਉਦੋਂ ਕਿਹੜਾ ਦਿਨ, ਤਰੀਕ, ਮਹੀਨਾ ਜਾਂ ਸਾਲ ਸੀ ਇਸ ਬਾਰੇ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ। ਜੇਕਰ ਕੋਈ ਅੰਦਾਜ਼ਾ ਹੁੰਦਾ ਤਾਂ ਉਸ ਦਾ ਜ਼ਿਕਰ ਧਰਮ ਗ੍ਰੰਥਾਂ ਵਿਚ ਜ਼ਰੂਰ ਮਿਲ ਜਾਣਾ ਸੀ:

---

33 ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 286.

34 ਜਸਵਿੰਦਰ ਕੌਰ ਢਿਲੋਂ, 'ਜਪੁਜੀ ਵਿਚ ਸ੍ਰਿਸ਼ਟੀ ਰਚਨਾ ਦਾ ਸਿਧਾਂਤ', *ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ*, ਸੰਪਾ. ਰਾਏ ਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999, ਪੰਨਾ 57.

35 ਉਹੀ, ਪੰਨਾ 56.

36 ਉਹੀ, ਪੰਨਾ 57.

37 ਪਿਤਾ ਕਾ ਜਨਮੁ ਕਿ ਜਾਨੈ ਪੂਤੁ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 284.

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।।

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ।।...

... ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ।।

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 4)

ਸ੍ਰਿਸ਼ਟੀ ਰਚਨਾ ਨੂੰ ਤ੍ਰੈ ਗੁਣਾਂ (ਰਜੋ, ਤਮੋ, ਸਤੋ) ਅਤੇ ਪੰਜ ਤੱਤਾਂ (ਧਰਤੀ, ਜਲ, ਅਕਾਸ਼, ਹਵਾ, ਅਗਨੀ) ਦੀ ਉਤਪਤੀ ਕਿਹਾ ਗਿਆ ਹੈ। ਇਹ ਤਿੰਨੇ ਗੁਣ ਅਤੇ ਪੰਜੇ ਤੱਤ ਪਰਮਾਤਮਾ ਦੀ ਰਚਨਾ ਹਨ। ਉਸ ਦੇ ਹੀ ਹੁਕਮ ਵਿਚ ਉਪਜਦੇ ਅਤੇ ਵਿਲੀਨ ਹੁੰਦੇ ਹਨ। ਬਾਣੀ ਅਨੁਸਾਰ ਪਰਮਾਤਮਾ ਨੇ ਅਨੇਕ ਤਰੀਕਿਆਂ ਨਾਲ ਸ੍ਰਿਸ਼ਟੀ ਰਚਨਾ ਕੀਤੀ ਹੈ:

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 275)

ਇਹ ਸਾਰਾ ਪਸਾਰਾ ਪਰਮਾਤਮਾ ਦੇ ਹੁਕਮ ਅਧੀਨ ਉਪਜਿਆ ਹੈ। ਇਸ ਹੁਕਮ ਨੂੰ Order ਜਾਂ Command ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਵਿਚ ਹੁਕਮ 'ਹੁਕਮੀ' ਤੋਂ ਵੱਖਰਾ ਨਹੀਂ ਹੈ। ਇਹ ਇਕ ਕਿਸਮ ਦੀ ਦੈਵੀ ਇੱਛਾ ਜਾਂ ਇਰਾਦਾ ਹੈ। ਹੁਕਮ ਦੇ ਅਰਥ ਵਿਦਵਾਨਾਂ ਨੇ ਆਗਯਾ (ਆਗਿਆ),[38] ਈਸ਼ਵਰੀ ਇਛਾ,[39] ਕੁਦਰਤ ਦਾ ਪ੍ਰਬੰਧਕੀ ਨਿਯਮ[40] ਆਦਿ ਕੀਤੇ ਹਨ। ਇਸ ਤੋਂ ਇਲਾਵਾ ਗੁਰਬਾਣੀ ਵਿਚ ਹੁਕਮ ਲਈ ਓਅੰਕਾਰਿ, ਭੈ, ਸਹਜ, ਕਵਾਉ ਆਦਿ ਸ਼ਬਦ ਵਰਤੇ ਵੀ ਗਏ ਹਨ:

ਕੀਤਾ ਪਸਾਉ ਏਕੋ ਕਵਾਉ।। ਤਿਸੁ ਤੇ ਹੋਏ ਲਖ ਦਰੀਆਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 3)

'ਕਵਾਉ' ਦੇ ਅਰਥ ਇਸਲਾਮ ਵਿਚਲੇ 'ਕੁੰਨ' ਦੇ ਅਰਥਾਂ ਵਾਂਗ ਇਕ ਦਮ ਹੋ ਜਾਣਾ ਨਹੀਂ ਹੈ। ਗੁਰਮਤਿ ਵਿਚਲੇ 'ਕਵਾਉ' ਦਾ ਅਰਥ 'ਸ਼ਬਦ' ਜਾਂ ਹੁਕਮ ਤੋਂ ਲਿਆ ਜਾਂਦਾ ਹੈ, ਜਿਸ ਦਾ ਭਾਵ 'ਇੱਛਾ' ਹੈ।

---

38 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 243.

39 ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਪੰਨਾ 324.

40 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਨਾ 32.

ਕਵਾਓ ਦੇ ਨਾਲ ਆਏ ਸ਼ਬਦ 'ਪਸਾਓ' ਦੇ ਅਰਥ ਵਿਸਤਾਰ ਜਾਂ ਫੈਲਣਾ ਹਨ। ਡਾ. ਸ਼ੇਰ ਸਿੰਘ ਪਸਾਓ ਦਾ ਅਰਥ ਕਰਦੇ ਲਿਖਦੇ ਹਨ ਕਿ ਪਸਾਓ ਦਾ ਭਾਵ ਇਹ ਨਹੀਂ ਕਿ ਸ੍ਰਿਸ਼ਟੀ ਝਟਪਟ ਹੀ ਹੋਂਦ ਵਿਚ ਆ ਗਈ। ਪਸਾਓ ਦਾ ਧਾਤੂ, ਪਸਰਨਾ, ਫੈਲਣਾ, ਵਧਣਾ, ਫੁਲਣਾ ਹੈ। ਇਸ ਦਾ ਭਾਵ Evolution (ਐਵੋਲਿਊਸ਼ਨ) ਵਿਕਾਸ ਤੋਂ ਹੈ।[41] ਕਵਾਉ ਪਰਮਾਤਮਾ ਦਾ ਉਹ ਹੁਕਮ-ਸ਼ਬਦ ਹੈ, ਜਿਸ ਕਾਰਨ ਸ੍ਰਿਸ਼ਟੀ ਦੀ ਉਤਪਤੀ ਅਤੇ ਵਿਨਾਸ਼ ਦੀ ਪ੍ਰਕਿਰਿਆ ਨਿਰੰਤਰ ਜਾਰੀ ਰਹਿੰਦੀ ਹੈ:

ਉਤਪਤਿ ਪਰਲਉ ਸਬਦੇ ਹੋਵੈ।। ਸਬਦੇ ਹੀ ਫਿਰਿ ਓਪਤਿ ਹੋਵੈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 117)

ਸ੍ਰਿਸ਼ਟੀ ਦੇ ਸੁੰਨ ਤੋਂ ਪੈਦਾ ਹੋਣ ਬਾਰੇ ਵੀ ਕਿਹਾ ਗਿਆ ਹੈ ਕਿ ਪਰਮਾਤਮਾ ਨੇ ਇਕ ਅਜਿਹੀ 'ਸੁੰਨ' ਪੈਦਾ ਕੀਤੀ ਜਿਸ ਨਾਲ ਦੇਸ਼ ਕਾਲ ਦੀ ਰਚਨਾ ਕੀਤੀ। ਵਜ਼ੀਰ ਸਿੰਘ ਗੁਰਬਾਣੀ ਵਿਚ ਵਰਤੇ ਸੁੰਨ ਸ਼ਬਦ ਬਾਰੇ ਲਿਖਦੇ ਹਨ ਕਿ "ਸੁੰਨ ਦੋ ਅਰਥਾਂ ਵਿਚ ਵਰਤਿਆ ਗਿਆ ਹੈ। ਪਹਿਲਾ ਸੁੰਨ ਉਸ ਸਿਰਜਣਹਾਰ ਸ਼ਕਤੀ ਦਾ ਲਖਾਇਕ ਹੈ, ਜੋ ਸ੍ਰਿਸ਼ਟੀ ਰਚਨਾ ਤੋਂ ਪੂਰਵਲੀ ਅਵਸਥਾ ਦੀ ਸੁੰਨ ਕਲਾ ਸੀ, ਜਿਸ ਤੋਂ ਪ੍ਰਕਿਰਤੀ ਨੇ ਜਨਮ ਲਿਆ। ਦੂਸਰਾ ਸੁੰਨ ਭੌਤਿਕ ਸ੍ਰਿਸ਼ਟੀ ਜਾਂ ਕੁਦਰਤ ਦੀ ਜੜ੍ਹ ਅਵਸਥਾ ਲਈ ਵਰਤਿਆ ਗਿਆ ਹੈ। ਜੋ ਸੁੰਨ ਕਲਾ ਵਿਚੋਂ ਉਪਜੀ, ਪਹਿਲਾ ਸੁੰਨ ਨਿਰ-ਆਕਾਰ ਚੇਤਨਾ ਅਤੇ 'ਤੱਤ' ਸਰੂਪ ਹੈ, ਦੂਸਰਾ ਸੁੰਨ, ਰੂਪ ਤੇ ਆਕਾਰ ਵਾਲੀ ਕੁਦਰਤ ਹੈ, ਜੋ ਹੋਂਦ ਸਰੂਪ ਹੈ।"[42] ਗੁਰਬਾਣੀ ਅਨੁਸਾਰ ਇਸ ਸੁੰਨ ਦੀ ਅਵਸਥਾ ਤੋਂ ਹੀ ਸ੍ਰਿਸ਼ਟੀ ਦੇ ਬੁਨਿਆਦੀ ਤੱਤਾਂ ਦੀ ਰਚਨਾ ਹੋਈ ਹੈ। ਹਿੰਦੂ ਧਰਮ ਵਿਚ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੇ, ਪਾਲਣ ਵਾਲੇ ਅਤੇ ਸੰਘਾਰ ਕਰਨ ਲਈ ਮੰਨੇ ਜਾਂਦੇ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਅਤੇ ਚੰਦ, ਸੂਰਜ, ਦਿਨ-ਰਾਤ, ਪਾਤਾਲ, ਧਰਤੀਆਂ, ਸਰੋਵਰ, ਖਾਣੀਆਂ-ਬਾਣੀਆਂ ਸਭ ਸੁੰਨ ਤੋਂ ਉਪਜੇ ਹਨ।[43]

---

41 ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 224.

42 ਵਜ਼ੀਰ ਸਿੰਘ, 'ਗੁਰਮਤਿ ਵਿਚ ਹਸਤੀ ਅਤੇ ਹੋਂਦ ਦੀ ਸੱਮਸਿਆ', *ਸਿੱਖ ਫਲਸਫੇ ਦੀ ਰੂਪ-ਰੇਖਾ,* ਸੰਪਾ. ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975, ਪੰਨਾ 38.

43 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1037.

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਰਚਨਾ ਦਾ ਇਕ ਕਾਰਨ ਹਉਮੈ ਵੀ ਮੰਨਿਆ ਗਿਆ ਹੈ। ਵਜ਼ੀਰ ਸਿੰਘ ਅਨੁਸਾਰ "ਹਉਮੈ ਵਿਚ ਜਗਤ ਦੇ ਉਪਜਣ ਤੋਂ ਭਾਵ ਹੈ, ਮਨੁੱਖੀ ਅਨੁਭਵ ਵਿਚ ਬ੍ਰਹਿਮੰਡ ਦਾ ਉਦੇ ਹੋਣਾ। ਅਨੁਭਵ ਅਤੇ ਪਰਪੰਚ ਦਾ ਪਰਸਪਰ ਸੰਬੰਧ ਡੂੰਘਾ ਤੇ ਅਨਿਖੜ ਹੈ। ਜਗਤ ਪਰਪੰਚ ਦੀ ਹੋਂਦ ਸੰਬੰਧੀ ਕੋਈ ਸਾਰਥਿਕ ਕਥਨ ਤਦ ਹੀ ਸੰਭਵ ਹੈ, ਜੇਕਰ ਇਸ ਹੋਂਦ ਦਾ ਮਨੁੱਖੀ ਮਨ ਵਿਚ ਅਨੁਭਵ ਵਾਪਰੇ।"[44] ਸ੍ਰਿਸ਼ਟੀ ਨੂੰ ਪੈਦਾ ਕਰਨ, ਪਾਲਣ ਅਤੇ ਸੰਘਾਰਨ ਵਿਚ ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਸ਼ਕਤੀ ਦਾ ਹੱਥ ਨਹੀਂ ਹੈ। ਪੂਰਬੀ ਅਤੇ ਪਛਮੀ ਧਰਮਾਂ ਵਿਚ ਰਚੇਤਾ, ਪਾਲਕ, ਸੰਘਾਰਕ ਅਤੇ ਸ਼ੈਤਾਨ ਆਦਿ ਸ਼ਕਤੀਆਂ ਨੂੰ ਪਰਮਾਤਮਾ ਦੇ ਬਰਾਬਰ ਦਰਸਾਇਆ ਗਿਆ ਹੈ ਪਰ ਗੁਰਬਾਣੀ ਅਨੁਸਾਰ ਇਹਨਾਂ ਸਭ ਨੂੰ ਪੈਦਾ ਕਰਨ ਵਾਲਾ ਵੀ ਪਰਮਾਤਮਾ ਹੈ:

ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 908)

ਕਰਤਾਰੀ ਸ਼ਕਤੀ ਪਰਮਾਤਮਾ ਲਈ ਬਾਣੀ ਵਿਚ ਕਰਤਾ ਪੁਰਖ, ਕਰਤਾਰ, ਸਿਰੰਦਾ, ਸਿਰਜਣਹਾਰ, ਕਰਨੇਹਾਰ ਆਦਿ ਨਾਂਵ ਵਰਤੇ ਗਏ ਹਨ। ਅਨੇਕ ਭਾਂਤਾਂ ਵਿਚ ਪੈਦਾ ਕੀਤੀ, ਇਸ ਸ੍ਰਿਸ਼ਟੀ ਦੀ ਸੰਭਾਲ ਲਈ ਪਰਮਾਤਮਾ ਕਿਸੇ ਹੋਰ ਦੀ ਡਿਊਟੀ ਨਹੀਂ ਲਗਾਉਂਦਾ। ਪਰਮਾਤਮਾ ਨੇ ਜਿਸ ਨੂੰ ਸ੍ਰਿਸ਼ਟੀ ਵਿਚ ਪੈਦਾ ਕੀਤਾ ਹੈ, ਉਸ ਦੀ ਪਾਲਣ ਪੋਸ਼ਣ ਦੀ ਚਿੰਤਾ ਵੀ ਕਰਦਾ ਹੈ।

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ...

... ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 467)

ਗੁਰਬਾਣੀ ਅਨੁਸਾਰ ਪਰਮਾਤਮਾ ਤ੍ਰੈ ਕਾਲ ਅਤੀਤੀ ਸਤ ਹੈ ਅਤੇ ਹਰ ਸਮੇਂ ਅਬਦਲ ਹੈ ਪਰ ਉਸ ਦੀ ਬਣਾਈ ਸ੍ਰਿਸ਼ਟੀ ਪਰਿਵਰਤਨਸ਼ੀਲ ਹੈ, ਕਿਉਂਕਿ ਇਹ ਸਮੇਂ ਦੇ ਚੱਕਰ ਵਿਚ ਹੈ। ਸ੍ਰਿਸ਼ਟੀ ਸੱਚੇ ਪਾਤਸ਼ਾਹ ਦਾ ਰਹਿਣ ਬਸੇਰਾ ਹੋਣ ਕਾਰਨ ਸੱਚੀ ਹੈ।[45] ਪ੍ਰੋ. ਪ੍ਰੀਤਮ ਸਿੰਘ ਅਨੁਸਾਰ

---

[44] ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪੰਨਾ 32.

[45] ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463.

"ਯਥਾਰਥਕ ਸ੍ਰਿਸ਼ਟੀ ਦਾ ਆਧਾਰ ਸਤ (ਬ੍ਰਹਮ) ਹੈ ਇਸ ਲਈ ਇਹ ਜਗਤ ਦ੍ਰਿਸ਼ਟਮਾਨ ਹੈ; ਬਦਲਦਾ (phenomenal) ਜ਼ਰੂਰ ਹੈ ਪਰ ਅਣਹੋਂਦ (Non being) ਨਹੀਂ ਹੈ।"[46] ਇਹ ਸਤਿਅਤਾ ਪਰਮਾਰਥਿਕ ਨਹੀਂ ਹੈ, ਸਗੋਂ ਵਿਵਹਾਰਿਕ ਹੈ। ਪਰਮਾਰਥਿਕ ਤਾਂ ਕੇਵਲ ਇਕ ਪਰਮਾਤਮਾ ਹੈ। ਇਹ ਸਥਿਰ ਨਹੀਂ ਹੈ, ਇਸ ਲਈ ਇਸ ਨੂੰ ਕੂੜ, ਨਸ਼ਵਰ, ਮਿਥਿਆ, ਛਿਣ-ਮਾਤਰ, ਬਾਜ਼ੀਗਰ ਦੀ ਬਾਜ਼ੀ ਕਿਹਾ ਗਿਆ ਹੈ। ਗੁਰਬਾਣੀ ਵਿਚ ਇਸ ਜਗਤ ਰਚਨਾ ਨੂੰ 'ਮਾਇਆ' ਮੰਨ ਕੇ ਝੂਠ ਜਾਂ ਥੋੜ੍ਹਚਿਰੀ ਕਾਰਨ ਰੇਤ ਦੀ ਕੰਧ ਮੰਨਿਆ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ।।
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1428)

ਪਰਮਾਤਮਾ ਦੀ ਸ਼ਮੂਲੀਅਤ ਤੋਂ ਬਿਨਾਂ, ਸੁਤੰਤਰ ਹੋਂਦ ਵਿਚ ਇਹ ਜਗਤ ਭਰਮ ਹੈ, ਭੁਲੇਖਾ ਹੈ। "ਇਸ 'ਹੋਂਦ' ਵਿਚ ਦੈਵੀ 'ਤੱਤ' ਰਚਿਆ ਹੋਇਆ ਹੈ, ਆਤਮ-ਜੋਤੀ ਸਥਿਤ ਹੈ। ਜੇਕਰ ਇਸ ਤੱਤ ਨੂੰ ਨਿਹਾਰਿਆ ਨਾ ਜਾਵੇ, ਜੋਤ ਸਰੂਪੀ ਮੂਲ ਨੂੰ ਪਛਾਣਿਆ ਨਾ ਜਾਵੇ, ਤਾਂ ਪਦਾਰਥਕ ਜਗਤ ਸਖਣਾ ਤੇ ਝੂਠਾ ਹੈ। ਹੋਂਦ ਵਿਚ ਵਿਆਪਿਤ ਤੱਤ ਹੀ ਇਸ ਨੂੰ ਯਥਾਰਥਕ ਬਣਾਉਂਦਾ ਹੈ। ਸੋ ਜਗਤ ਰਚਨਾ ਇਕ ਅਰਥ ਵਿਚ 'ਝੂਠ' ਹੈ ਤੇ ਇਕ ਹੋਰ ਅਰਥ ਵਿਚ 'ਸਚ' ਹੈ।"[47] ਸ੍ਰਿਸ਼ਟੀ ਸੱਚੇ ਪਾਤਸ਼ਾਹ ਦੀ ਪੈਦਾ ਕੀਤੀ ਰਚਨਾ ਹੋਣ ਕਾਰਨ ਸੱਚੀ ਹੈ, ਪਰ ਸਦਾ-ਥਿਰ ਪਰਮਾਤਮਾ ਵਾਂਗ ਸਦਾ ਥਿਰ ਨਾ ਹੋ ਕੇ ਚਲਾਇਮਾਨ ਅਤੇ ਨਾਸ਼ਮਾਨ ਹੈ ਸ਼ੇਰ ਸਿੰਘ ਅਨੁਸਾਰ "ਸਭ ਕੁਝ ਚਲਾਇਮਾਨ ਹੈ। ਜੇ ਕੋਈ ਤੱਤ, ਸਤ ਹੈ ਤਾਂ ਉਹ ਅਫੁਰ ਅਵਸਥਾ ਹੈ, ਉਸ ਤੋਂ ਬਿਨਾਂ ਜੋ ਕੁਝ ਵੀ ਪਸਾਰਾ ਹੈ। ਸਭ ਅਸਤਿ ਹੈ ਪਰ ਝੂਠ ਨਹੀਂ, ਧੋਖਾ ਨਹੀਂ ਹੈ, ਹਾਂ ਚਲਾਇਮਾਨ ਜ਼ਰੂਰ ਹੈ। ਇਸੇ ਚਲਾਇਮਾਨਤਾ ਦੇ ਨਿਯਮ ਦਾ ਨਾਉਂ ਹੀ ਮਾਇਆ ਹੈ।"[48]

---

46 ਪ੍ਰੀਤਮ ਸਿੰਘ, *ਗੁਰੂ ਨਾਨਕ ਵਿਚਾਰ ਅਧਿਐਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1969, ਪੰਨਾ 69.

47 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪੰਨੇ 29-30.

48 ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 335.

ਅਨੰਤ ਤਕ ਫੈਲੇ ਚੁਗਿਰਦੇ ਨੂੰ ਵੇਖ ਕੇ ਹਰੇਕ ਦੇ ਮਨ ਵਿਚ ਪ੍ਰਸ਼ਨ ਉਠਦਾ ਹੈ ਕਿ ਇਹ ਰਚਨਾ ਕਿਉਂ ਕੀਤੀ? ਇਸ ਦਾ ਮਨੋਰਥ ਕੀ ਹੈ? ਪਰਮਾਤਮਾ ਆਪਣੀ ਸੁੰਨ ਸਮਾਧੀ ਵਿਚ ਅਨੰਦਿਤ ਕਿਉਂ ਨਹੀਂ ਰਿਹਾ? ਇਸ ਜਗਤ ਦੀ ਮਰਿਆਦਾ ਵੇਖ ਕੇ ਮਹਿਸੂਸ ਹੁੰਦਾ ਹੈ ਕਿ ਇਹ ਜਗਤ ਰਚਨਾ ਕੋਈ ਅੰਨ੍ਹੀ ਘੜਮੱਸ ਨਹੀਂ, ਸਗੋਂ ਗਿਣੇ ਮਿਥੇ ਪ੍ਰੋਗਰਾਮ ਅਨੁਸਾਰ ਪਰਮਾਤਮਾ ਨੇ ਲੰਬੀ ਸਮਾਧੀ ਮਗਰੋਂ ਨਿਰਾਕਾਰ ਤੋਂ ਸਾਕਾਰ ਰੂਪ ਧਾਰਨ ਕੀਤਾ ਹੈ। "ਰੱਬ ਦੀ ਰਚਨਾ ਅੰਧਾਧੁੰਦ ਸ਼ਕਤੀਆਂ ਦਾ ਦਿਸ਼ਾਹੀਣ ਗਰਦ ਗ਼ੁਬਾਰ ਨਹੀਂ, ਸਗੋਂ ਇਹ ਨਿਰੰਤਰ ਚਲ ਰਿਹਾ ਹੈ, ਇਕ ਕ੍ਰਮ ਹੈ ਅਤੇ ਬ੍ਰਹਿਮੰਡ ਵਿਚ ਕੋਈ ਵੀ ਵਸਤ ਕ੍ਰਮਰਹਿਤ ਨਹੀਂ ਵਿਚਰ ਸਕਦੀ। ਨਿੱਕੇ ਪ੍ਰਮਾਣੂ ਤੇ ਬਿਜਲਾਣੂਆਂ ਤੋਂ ਲੈ ਕੇ ਤਾਰਕਾ ਮੰਡਲ ਕ੍ਰਮ ਵਿਚ ਭ੍ਰਮਣ ਕਰ ਰਹੇ ਹਨ। ਕ੍ਰਮਰਹਿਤ ਹੋਣਾ ਨਸ਼ਟ ਹੋ ਜਾਣਾ ਹੈ। ਬੇਸ਼ਕ ਨਸ਼ਟ ਹੋਣਾ ਵੀ ਕ੍ਰਮਹੀਣਤਾ ਨਹੀਂ ਹੈ।"[49] ਕੁਦਰਤ ਕਰਤਾਰੀ ਰਚਨਾ ਹੋਣ ਕਰ ਕੇ ਅਤੇ ਇਸ ਵਿਚ ਕਾਦਰ ਦੇ ਬਿਰਾਜਮਾਨ ਹੋਣ ਕਾਰਨ ਪ੍ਰਯੋਜਨਮਈ ਅਤੇ ਅਨੁਭਵਮਈ ਮੰਨੀ ਗਈ ਹੈ। ਪਰਮਾਤਮਾ ਸ੍ਰਿਸ਼ਟੀ ਨੂੰ ਰਚ ਕੇ ਇਸ ਵਿਚ ਹੀ ਆਸਣ ਜਮਾ ਕੇ ਬੈਠਾ ਹੈ:

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ।।
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 581)

ਪਰਮਾਤਮਾ ਦੀ ਸਾਜੀ ਸ੍ਰਿਸ਼ਟੀ ਦਾ ਅੰਤ ਪਾਉਣਾ ਸੰਭਵ ਨਹੀਂ ਹੈ। ਜਦੋਂ ਬਾਣੀ ਵਿਚ ਦਰਸਾਈ ਉਚਤਮ ਹਕੀਕਤ ਆਪਣੀ ਏਕਤਾ ਤੋਂ ਅਨੇਕਤਾ ਵਿਚ ਪ੍ਰਗਟ ਹੋਈ ਤਾਂ ਭਾਵੇਂ ਉਸ ਦੀ ਸੀਮਾ ਕਾਲ-ਪੁਲਾੜ, ਸਮਾਂ ਸਥਾਨ ਵਿਚ ਨਿਸ਼ਚਿਤ ਕਰ ਦਿੱਤੀ ਗਈ ਹੈ, ਪਰ ਫਿਰ ਵੀ ਬੇਅੰਤ ਪਰਮਾਤਮਾ ਨੇ ਆਪਣੀ ਰਚਨਾ ਦਾ ਫੈਲਾਅ ਪੁਲਾੜ ਵਿਚ ਅਨੰਤ ਤਕ ਕੀਤਾ ਹੈ। ਇਹ ਸਮੁੱਚਾ ਵਿਸਥਾਰ ਮਨੁੱਖੀ ਕਲਪਨਾ ਤੋਂ ਬਾਹਰ ਹੈ। ਜਿਸ ਵਿਚ ਅਸੰਖ ਪਵਣ, ਪਾਣੀ, ਅਗਨ, ਧਰਤੀਆਂ, ਮੇਰ-ਪਰਬਤ, ਸਮੁੰਦਰ, ਸੂਰਜ, ਚੰਦਰਮੇ, ਅਕਾਸ਼, ਪਾਤਾਲ ਆਦਿ ਹਨ। ਕਰਤੇ ਨੇ ਆਪਣੀ ਇੱਛਾ

---

49 ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ-ਸਿਧਾਂਤ*, ਪੰਨਾ 5.

ਅਨੁਸਾਰ ਸ੍ਰਿਸ਼ਟੀ ਪੈਦਾ ਕਰ ਕੇ ਇਸ ਨੂੰ ਵੱਖ-ਵੱਖ ਰੰਗਾਂ ਅਤੇ ਰੂਪਾਂ ਵਿਚ ਸਾਜਿਆ ਹੋਇਆ ਹੈ। ਇਹਨਾਂ ਸਭ ਨੂੰ 'ਕਈ ਕੋਟਿ', ਗਿਣਤੀ ਤੋਂ ਬਾਹਰ 'ਅਣਗਿਣਤ' ਅਤੇ ਫਿਰ 'ਅੰਤ ਨ ਅੰਤ' ਕਿਹਾ ਗਿਆ ਹੈ:

1. ਚੁਗਿਰਦੇ ਵਿਚਲੀਆਂ ਵਸਤਾਂ ਦਾ ਅੰਤ ਨਹੀਂ ਹੈ।[50]
2. ਅਨੇਕ ਬ੍ਰਹਿਮੰਡ ਹਨ।[51]
3. ਲੱਖਾਂ ਹੀ ਅਕਾਸ਼ ਪਾਤਾਲ ਹਨ।[52]
4. ਅਣਗਿਣਤ ਚੰਦ ਸੂਰਜ ਹਨ।[53]
5. ਅਣਗਿਣਤ ਧਰਤੀਆਂ ਹਨ।[54]
6. ਚੁਗਿਰਦੇ ਵਿਚਲੇ ਪਵਣ, ਪਾਣੀ ਅਤੇ ਅਗਨੀ ਆਦਿ ਅਨੇਕ ਭਾਂਤ ਦੇ ਹਨ।[55]
7. ਕਰਤੇ ਦੀ ਰਚਨਾ ਦੀ ਗਿਣਤੀ-ਮਿਣਤੀ ਨਹੀਂ ਕੀਤੀ ਜਾ ਸਕਦੀ।[56]
8. ਸ੍ਰਿਸ਼ਟੀ ਦਾ ਗਿਆਨ ਮਨੁੱਖੀ ਕਥਨ ਤੋਂ ਬਾਹਰਾ ਹੈ।[57]

ਸ੍ਰਿਸ਼ਟੀ ਚਿਰ ਸਥਾਈ ਨਾ ਹੋਣ ਕਾਰਨ ਨਾਸ਼ਮਾਨ ਹੈ। ਪਰਮਾਤਮਾ ਹਰ ਆਕਾਰ ਨੂੰ ਸਾਜ ਕੇ ਨਾਸ਼ ਕਰਨ ਵਾਲਾ ਵੀ ਹੈ। ਸ੍ਰਿਸ਼ਟੀ ਦੀ ਉਤਪਤੀ ਪਹਿਲੀ ਵਾਰ ਨਹੀਂ ਹੋਈ, ਇਹ ਸਾਰਾ ਬ੍ਰਹਿਮੰਡੀ ਪਸਾਰਾ ਕਈ ਵਾਰ ਪਸਰਿਆ ਅਤੇ ਕਈ ਵਾਰ ਬਿਨਸਿਆ ਹੈ, ਇਸ ਦੇ ਸੁੰਗੜਨ-ਫੈਲਣ ਦੀ ਕਿਰਿਆ ਲਗਾਤਾਰ ਜਾਰੀ ਰਹਿੰਦੀ ਹੈ:

ਕਈ ਬਾਰ ਪਸਰਿਓ ਪਾਸਾਰ।। ਸਦਾ ਸਦਾ ਇਕੁ ਏਕੰਕਾਰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 276)

---

50 ਅੰਤੁ ਨ ਜਾਪੈ ਕੀਤਾ ਆਕਾਰੁ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5.

51 ਕਈ ਕੋਟਿ ਅਕਾਸ ਬ੍ਰਹਮੰਡ, ਉਹੀ, ਪੰਨਾ 276.

52 ਅਨਿਕ ਅਕਾਸ ਅਨਿਕ ਪਾਤਾਲ, ਉਹੀ, ਪੰਨਾ 1236.

53 ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ, ਉਹੀ, ਪੰਨਾ 7.

54 ਧਰਤੀ ਹੋਰੁ ਪਰੈ ਹੋਰੁ ਹੋਰੁ, ਉਹੀ, ਪੰਨਾ 3.

55 ਕਈ ਕੋਟਿ ਪਵਣ ਪਾਣੀ ਬੈਸੰਤਰ, ਉਹੀ, ਪੰਨਾ 275.

56 ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ, ਉਹੀ, ਪੰਨਾ 275.

57 ਏਹੁ ਅੰਤੁ ਨ ਜਾਣੈ ਕੋਇ।। ਬਹੁਤਾ ਕਹੀਐ ਬਹੁਤਾ ਹੋਇ।। ਉਹੀ, ਪੰਨਾ 5.

ਪਰਮਾਤਮਾ ਦੀ ਰਚੀ ਇਸ ਰਚਨਾ ਵਿਚ ਜਿਹੜੀ ਚੀਜ਼ ਉਪਜੀ ਹੈ, ਉਸ ਨੇ ਬਿਨਸਣਾ ਜ਼ਰੂਰ ਹੈ।[58] ਇਸ ਕਰ ਕੇ ਇਹਨਾਂ ਆਕਾਰਾਂ, ਧਰਤੀ, ਚੰਦ, ਸੂਰਜ, ਦੀਪ, ਲੋਅ ਆਦਿ ਨੂੰ ਨਿੱਤ ਪ੍ਰਤੀ ਦਿਨ ਘਟਦੇ ਕਿਹਾ ਗਿਆ ਹੈ:

ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖੵਤ੍ਰ ਗਗਨੰ।।

ਘਟੰਤ ਬਸੁਧਾ ਗਿਰਿ ਤਰ ਸਿਖੰਡੰ।। ਘਟੰਤ ਲਲਨਾ ਸੁਤ ਭ੍ਰਾਤ ਹੀਤੰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1354)

ਉਸ ਅਕਾਲ, ਸਥਿਰ, ਅਮਰ ਅਤੇ ਅਬਿਨਾਸ਼ੀ ਪਰਮਾਤਮਾ ਨੇ ਇਹ ਸਭ ਚੀਜ਼ਾਂ ਪੈਦਾ ਕਰ ਕੇ ਕਾਲ ਵਸ ਕੀਤੀਆਂ ਹਨ:

ਖੰਡ ਪਤਾਲ ਦੀਪ ਸਭ ਲੋਆ।। ਸਭੁ ਕਾਲੈ ਵਸਿ ਆਪਿ ਪ੍ਰਭੁ ਕੀਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1076)

ਪਰਮਾਤਮਾ ਦਾ ਨਿਰਗੁਣ ਸਰੂਪ ਅਫੁਰ ਹੈ ਤੇ ਉਹ ਸਰਗੁਣ ਸਰੂਪ ਰਾਹੀਂ ਸ੍ਰਿਸ਼ਟੀ ਦਾ ਰੂਪ ਧਾਰਨ ਕਰ ਲੈਂਦਾ ਹੈ। ਸਫੁਰ ਤੋਂ ਅਫੁਰ ਅਵਸਥਾ ਵਿਚ ਪਰਮਾਤਮਾ ਦਾ ਸੁੰਗੜ ਕੇ ਆਪਣੇ ਅਸਲੀ ਸਰੂਪ ਵਿਚ ਆਉਣਾ ਹੈ। ਇਹ 'ਉਦਕਰਖਣ' ਜਾਂ 'ਅਕਰਖਣ' ਸਭ ਪਰਮਾਤਮਾ ਦੀ ਅਵਸਥਾ ਹੈ।

ਕਾਦਰ ਨੇ ਸ੍ਰਿਸ਼ਟੀ ਦੀ ਅਨੇਕ ਭਾਂਤਾਂ ਵਿਚ ਰਚਨਾ ਕਰ ਕੇ ਇਸ ਨੂੰ ਇਕ ਸੂਤਰ ਵਿਚ ਪਰੋਇਆ ਹੋਇਆ ਹੈ। ਇਹ ਉਸ ਦਾ ਵਿਧਾਨ ਹੈ, ਜਿਸ ਵਿਚ ਰਹਿ ਕੇ ਸਾਰੀ ਰਚਨਾ ਕਾਰ ਕਮਾ ਰਹੀ ਹੈ। ਇਸ ਸੂਤਰ ਨੂੰ ਧਰਮ ਜਾਂ (ਨਿਯਮ) ਵੀ ਕਿਹਾ ਜਾ ਸਕਦਾ ਹੈ। ਡਾ. ਹਰਪਾਲ ਸਿੰਘ ਪੰਨੂ ਅਨੁਸਾਰ "ਧਰਮ ਦੁਆਰਾ ਸ੍ਰਿਸ਼ਟੀ ਦੀ ਹਰ ਵਸਤੂ ਇਕ ਦੂਜੀ ਨਾਲ ਜੁੜੀ ਹੋਈ ਹੈ। ਜਿਸ ਨੂੰ ਵਿਗਿਆਨ ਦੀ ਭਾਸ਼ਾ ਵਿਚ ਆਕਰਖਣ ਸ਼ਕਤੀ ਆਖਦੇ ਹਨ।"[59] ਸਾਰੇ ਅੰਗਾਂ ਦਾ ਕਰਤਾ ਪੁਰਖ ਦੀ ਤਾਮੀਲ ਵਿਚ ਇਕ ਦੂਸਰੇ ਨਾਲ ਜੁੜ ਕੇ ਇਕ ਸਾਰ ਏਕਤਾ ਅਤੇ ਇਕਾਗਰਤਾ ਵਿਚ ਚਲਣ ਨੂੰ

---

58 ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜ ਕੈ ਕਾਲਿ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429.

59 ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ-ਸਿਧਾਂਤ*, ਪੰਨਾ 119.

ਗੁਰਬਾਣੀ ਵਿਚ ਸਹਿਜ ਅਤੇ ਸੰਜਮ ਕਿਹਾ ਗਿਆ ਹੈ। ਸੰਜਮ ਦੀ ਨੱਥ ਕਰ ਕੇ ਹੀ ਕੁਦਰਤ ਦਾ ਹਰ ਅੰਗ ਆਪਣੀ ਨਿਸ਼ਚਿਤ ਹੱਦ ਤਕ ਕਰਤਾ ਪੁਰਖ ਵਲੋਂ ਸੌਂਪੀ ਕਿਰਿਆ ਕਰ ਸਕਦਾ ਹੈ। ਨਾ ਤਾਂ ਉਹ ਕੋਈ ਦੂਸਰੀ ਜਾਂ ਓਪਰੀ ਕ੍ਰਿਆ ਕਰ ਸਕਦਾ ਹੈ ਅਤੇ ਨਾ ਹੀ ਨਿਸ਼ਚਿਤ ਸੀਮਾ ਤੋਂ ਬਾਹਰ ਜਾ ਸਕਦਾ ਹੈ, ਕਿਸੇ ਤਰ੍ਹਾਂ ਆਪ ਹੁਦਰਾ ਨਹੀਂ ਹੋ ਸਕਦਾ। ਸੰਜਮ ਦੀ ਇਹ ਹੱਦ ਉਸ ਦੀ ਜ਼ਿੰਦਗੀ ਦੀ "ਰਾਮ ਕਾਰ" ਹੁੰਦੀ ਹੈ। ਇਸ ਦੀ ਉਲੰਘਣਾ ਉਸ ਦੀ ਜ਼ਿੰਦਗੀ ਖ਼ਤਮ ਕਰ ਦਿੰਦੀ ਹੈ। ਸਹਿਜ ਤੇ ਸੰਜਮ ਦੀ ਇਸ ਮਰਿਆਦਾ ਨੂੰ ਅੰਗਰੇਜ਼ੀ ਵਿਚ Harmony ਆਖਦੇ ਹਨ। ਇਹ ਹੀ ਸਭ ਕੁਝ ਸ੍ਰਿਸ਼ਟੀ ਲਈ, ਇਥੋਂ ਤਕ ਕਿ ਮਨੁੱਖ ਲਈ ਵੀ ਜ਼ਿੰਦਗੀ ਦਾ ਆਧਾਰ ਹੈ, ਜੀਵਨ ਜੁਗਤੀ ਹੈ।[60] ਕੁਦਰਤ ਵਿਚਲੀ ਹਰ ਭੌਤਿਕ–ਅਭੌਤਿਕ ਚੀਜ਼ ਦੈਵੀ ਭਉ ਅਨੁਸਾਰ ਪੈਦਾ ਹੁੰਦੀ ਹੈ। ਇਸ ਭਉ ਵਿਚ ਰਹਿ ਕੇ ਕਾਰਜ ਕਰਦੀ ਹੋਈ ਬਿਨਸ ਜਾਂਦੀ ਹੈ। ਇਸ 'ਦੈਵੀ ਭਉ' ਨੂੰ ਹੀ ਬਾਣੀ ਵਿਚ ਹੁਕਮ ਕਿਹਾ ਗਿਆ ਹੈ। "ਤਾਰਿਕਾ ਮੰਡਲ, ਧਰਤੀ ਤੇ ਇਸ ਦੇ ਪੌਣ-ਪਾਣੀ, ਅਗਨੀ ਸਭ ਹੁਕਮ ਦੀ ਖੇਡ ਖੇਡ ਰਹੇ ਹਨ; ਹੁਕਮੀ ਨੇ ਸਾਰੇ ਤੱਤਾਂ, ਕ੍ਰਿਆਵਾਂ, ਖੰਡਾ, ਮੰਡਲਾਂ ਨੂੰ ਨੇਮ-ਬੱਧ ਕੀਤਾ ਹੋਇਆ ਹੈ। ਦੈਵੀ ਹੁਕਮ ਦੁਆਰਾ ਨਿਰਧਾਰਿਤ ਨੇਮਬਧਤਾ ਸਿਖ ਵਿਸ਼ਵ-ਸਿਧਾਂਤ ਦੀ ਬੁਨਿਆਦੀ ਧਾਰਨਾ ਹੈ।"[61] ਇਹ ਨਿਯਮਬਧਤਾ ਚੁਗਿਰਦੇ ਵਿਚਲੀਆਂ ਚੀਜ਼ਾਂ ਨੂੰ ਇਕ ਸੂਤਰ ਵਿਚ ਪਰਾਉਣ ਦਾ ਕਾਰਜ ਕਰਦੀ ਹੈ। ਸੋ ਚੁਗਿਰਦਾ ਪਰਮਾਤਮਾ ਦੀ ਰਚਨਾ ਹੈ ਜਿਸ ਵਿਚ ਉਸ ਦਾ ਬਸੇਰਾ ਹੈ। ਰਚਨਾ ਸੰਬੰਧੀ ਪ੍ਰਾਪਤ ਇਹ ਵਿਚਾਰ ਚੁਗਿਰਦਾ ਬੋਧ ਵਿਚ ਸਹਾਈ ਹੁੰਦੇ ਹਨ।

**ਚੁਗਿਰਦੇ ਦਾ ਸਥੂਲ ਰੂਪ** :

ਚੁਗਿਰਦੇ ਵਿਚਲਾ ਇਹ ਸਭ ਪਸਾਰਾ ਪਰਮਾਤਮਾ ਨਾਲ ਇਕਸੁਰਤਾ ਸਥਾਪਿਤ ਕਰਨ ਦਾ ਵਸੀਲਾ ਹੈ। ਚੁਗਿਰਦੇ ਵਿਚਲੀਆਂ ਇਹ ਸਭ ਚੀਜ਼ਾਂ ਆਪਣੇ ਪੈਦਾ ਕਰਨ ਵਾਲੇ ਪਰਮਾਤਮਾ ਨੂੰ ਨਹੀਂ ਵਿਸਾਰਦੀਆਂ, ਉਸ ਦੇ ਹੁਕਮ ਵਿਚ ਰਹਿ ਕੇ ਆਪਣਾ-ਆਪਣਾ ਕਾਰਜ ਕਰੀ ਜਾ ਰਹੀਆਂ ਹਨ। ਬਾਣੀਕਾਰਾਂ ਦੇ ਖੇਤਰੀ ਇਲਾਕਿਆਂ ਵਿਚ ਵਖਰੇਵਾਂ ਹੋਣ ਕਾਰਨ ਬੋਲੀ ਦਾ ਫ਼ਰਕ ਹੋਣਾ ਸੰਭਾਵਿਤ ਹੈ।

---

60 ਸੁਰਜੀਤ ਸਿੰਘ ਭਾਟੀਆ, *ਸਿੱਖੀ ਦੀ ਨਿਵੇਕਲੀ ਪਹਿਚਾਣ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1998, ਪੰਨਾ 26.

61 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਨਾ 9.

ਜਿਸ ਕਾਰਨ ਬਾਣੀ ਵਿਚ ਇਕ ਚੀਜ਼ ਦੇ ਕਈ-ਕਈ ਨਾਮ ਵੀ ਬਿਆਨੇ ਗਏ ਹਨ। ਬਾਣੀਕਾਰਾਂ ਨੇ ਕੁਦਰਤ ਦੇ ਚਿਤਰਨ ਰਾਹੀਂ ਮਨੁੱਖ ਨੂੰ ਇਸ ਜੀਵਨ ਦੀ ਅਹਿਮੀਅਤ ਦਸਦਿਆਂ ਸੁਚੱਜਾ ਜੀਵਨ ਜਿਊਣ ਦੀ ਤਾਕੀਦ ਕੀਤੀ ਹੈ।

**1. ਪੰਜ ਤੱਤ:**

ਚੁਗਿਰਦੇ ਵਿਚਲੇ ਪੰਜ ਤੱਤ ਹਵਾ, ਪਾਣੀ, ਧਰਤੀ, ਅਗਨੀ ਅਤੇ ਅਕਾਸ਼ ਕੁਦਰਤ ਦਾ ਅਹਿਮ ਹਿੱਸਾ ਹਨ। ਸਾਰਾ ਪਸਾਰਾ ਇਹਨਾਂ ਤੱਤਾਂ ਤੋਂ ਹੀ ਸਾਜਿਆ ਗਿਆ। ਇਹਨਾਂ ਤੱਤਾਂ ਤੋਂ ਪਹਿਲਾਂ ਕਿਸੇ ਹੋਰ ਚੀਜ਼ ਜਾਂ ਦੇਵੀ-ਦੇਵਤੇ ਦੀ ਹੋਂਦ ਦਾ ਆਸਾਰ ਨਜ਼ਰ ਨਹੀਂ ਆਉਂਦਾ:

ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 504)

ਧਰਮ ਦੀ ਦ੍ਰਿਸ਼ਟੀ ਤੋਂ ਜੜ੍ਹ ਅਤੇ ਚੇਤਨ ਪਦਾਰਥਾਂ ਨੂੰ ਪੈਦਾ ਕਰਨ ਵਾਲੇ ਇਹਨਾਂ ਤੱਤਾਂ ਦੀ ਉਤਪਤੀ ਵਿਸਮਾਦਜਨਕ ਹੈ। ਡੀ. ਪੀ. ਸਿੰਘ ਅਨੁਸਾਰ "ਧਰਮ ਦੇ ਦ੍ਰਿਸ਼ਟੀਕੋਣ ਤੋਂ ਕੁਦਰਤ ਇਕ ਅਸਚਰਜ ਸਮੂਹ ਹੈ ਤੇ ਇਹ ਇਕ ਸਥਾਈ ਹੋਂਦ ਵਾਲੀ ਚੇਤਨਤਾ ਹੈ। ਇਹ ਪੰਜ ਅੱਡੋ-ਅੱਡਰੇ ਪਰੰਤੂ ਸੂਖਮ ਭੇਦੀ ਤੱਤਾਂ ਦਾ ਕੰਟਰੋਲਰ ਹੈ। ਇਹ ਤੱਤ ਹਨ-ਪੁਲਾੜ (ਸਮਾਂ, ਧੁਨੀ, ਤੇ ਈਥਰ ਸੰਗ), ਹਵਾ, ਅੱਗ, ਪਾਣੀ ਤੇ ਧਰਤੀ। ਕੁਦਰਤ ਦੇ ਇਹੋ ਤੱਤ ਹੀ ਮਿਲ ਕੇ ਸਜੀਵ-ਨਿਰਜੀਵ ਚੀਜ਼ਾਂ ਦੀ ਲੜੀ ਨੂੰ ਪੈਦਾ ਕਰਦੇ ਹਨ।"[62]

ਇਹਨਾਂ ਪੰਜ ਤੱਤਾਂ ਲਈ ਬਾਣੀ ਵਿਚ ਸੰਬੰਧਵਾਚਕ ਸ਼ਬਦ ਵਰਤੇ ਗਏ ਹਨ, ਜਿਵੇਂ ਪਵਣ ਨੂੰ ਸਰੀਰਕ ਜੀਵਨ ਬਖ਼ਸ਼ਣ ਕਰ ਕੇ ਆਤਮਿਕ ਜੀਵਨ ਦੇਣ ਵਾਲੇ ਗੁਰੂ ਸਮਾਨ, ਪਾਣੀ ਉਤਪਤੀ ਦਾ ਜ਼ਰੀਆ ਹੋਣ ਕਾਰਨ ਇਸ ਨੂੰ ਪਿਤਾ ਸਮਾਨ, ਧਰਤੀ ਤੋਂ ਹਰ ਇਕ ਜੀਵ ਦੇ ਪੈਦਾ ਹੋਣ ਅਤੇ ਲੋੜਾਂ ਪੂਰੀਆਂ ਹੁੰਦੀਆਂ ਹੋਣ ਕਾਰਨ ਇਸ ਨੂੰ ਮਾਤਾ ਦਾ ਦਰਜਾ ਦਿਤਾ ਗਿਆ ਹੈ। ਦਿਨ-ਰਾਤ ਭਾਵ ਸਮਾਂ ਮਨੁੱਖ ਨੂੰ ਖਿਡਾਵਾ ਅਤੇ ਖਿਡਾਵੀ ਵਾਂਗ ਪਰਚਾਈ ਰਖਦਾ ਹੈ।[63] ਬਾਣੀ ਵਿਚ 'ਇਕ ਈਸ਼ਵਰਵਾਦ' ਦੇ

---

[62] ਡੀ.ਪੀ ਸਿੰਘ, *ਧਰਮ ਅਤੇ ਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001, ਪੰਨਾ 36.

[63] ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8.

ਸਿਧਾਂਤ ਦੀ ਵਿਆਖਿਆ ਕਰਦੇ ਹੋਏ ਇਹਨਾਂ ਤੱਤਾਂ ਦੀ ਪੂਜਾ ਨੂੰ ਨਕਾਰਿਆ ਗਿਆ ਹੈ ਪਰ ਇਹ ਸਭ ਜੀਵਨ ਦਾ ਆਧਾਰ ਹੋਣ ਕਾਰਨ ਸਤਿਕਾਰ ਦੇ ਪਾਤਰ ਹਨ। ਇਹਨਾਂ ਪੰਜ ਤੱਤਾਂ ਦੇ ਸਹਿਯੋਗ ਨਾਲ ਸਰੀਰ ਦਾ ਵਿਕਾਸ ਹੁੰਦਾ ਹੈ:

ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ।।

ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 999)

ਮਨੁੱਖ ਨੂੰ ਇਹਨਾਂ ਸਭ ਤੱਤਾਂ ਦੇ ਸ਼ੁਭ ਗੁਣ ਜਿਵੇਂ ਪਾਣੀ ਦੀ ਸੀਤਲਤਾ ਅਤੇ ਨਿਰਮਲਤਾ ਦਾ ਗੁਣ, ਅੱਗ ਵਿਚਲਾ ਮਾੜੀ ਮਤ ਨੂੰ ਜਾਲਣ ਵਾਲਾ ਗੁਣ, ਧਰਤੀ ਦਾ ਧੀਰਜ ਵਾਲਾ ਗੁਣ, ਹਵਾ ਦਾ ਸਮਾਨਤਾ ਵਾਲਾ ਗੁਣ, ਅਕਾਸ਼ ਦਾ ਅਦ੍ਰਿਸ਼ਟ ਰਹਿ ਕੇ ਸਰਵ ਵਿਆਪਕਤਾ ਵਾਲਾ ਗੁਣ ਆਦਿ ਧਾਰਨ ਕਰਨ ਲਈ ਕਿਹਾ ਗਿਆ ਹੈ:

ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ।। ਐਸੀ ਰਹਤ ਰਹਉ ਹਰਿ ਪਾਸਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 327)

ਪਰਮਾਤਮਾ ਇਹਨਾਂ ਪੰਜਾਂ ਤੱਤਾਂ ਨੂੰ ਇਕੱਠਾ ਕਰ ਕੇ ਫਿਰ ਆਪ ਇਹਨਾਂ ਵਿਚ ਸਮਾ ਗਿਆ ਹੈ। ਇਸ ਤਰ੍ਹਾਂ ਉਸ ਨੇ ਆਕਾਰ ਦੀ ਰਚਨਾ ਕੀਤੀ ਹੈ।[64]

**(1) ਪਵਣ**: ਪਵਣ (ਪਉਣ) ਨੂੰ ਆਮ ਬੋਲਚਾਲ ਦੀ ਬੋਲੀ ਵਿਚ 'ਹਵਾ' ਵੀ ਕਿਹਾ ਜਾਂਦਾ ਹੈ। ਧਰਤੀ ਦੇ ਦੁਆਲੇ ਪਸਰਿਆ 'ਵਾਯੂ-ਮੰਡਲ' ਅਨੇਕ ਭਾਂਤੀ ਹਵਾਵਾਂ ਦਾ ਸਮੂਹ ਹੈ। ਜਿਹਨਾਂ ਦੀ ਮਾਤਰਾ ਜਾਂ ਗੁਣ ਅਲੱਗ-ਅਲੱਗ ਹੋਣ ਕਾਰਨ ਨਾਂਵ ਵੀ ਅਲੱਗ-ਅਲੱਗ ਹਨ। ਜੀਵਾਂ ਨੂੰ ਜਿਉਂਦੇ ਰਹਿਣ ਲਈ ਪਵਣ ਇਕ ਜ਼ਰੂਰੀ ਤੱਤ ਹੈ। 'ਆਕਸੀਜਨ' ਨਾਮਕ ਪਵਣ ਜਦੋਂ ਸਾਹ ਰਾਹੀਂ ਜੀਵਾਂ ਦੇ ਸਰੀਰ ਵਿਚ ਜਾਂਦੀ ਹੈ ਤਾਂ ਅੰਦਰਲੀਆਂ ਸਰੀਰਕ ਕਿਰਿਆਵਾਂ ਰਾਹੀਂ ਇਹ ਕਾਰਬਨ ਡਾਈਆਕਸਾਈਡ ਦਾ ਰੂਪ ਧਾਰਨ ਕਰ ਲੈਂਦੀ ਹੈ। ਜੀਵਾਂ ਦੇ ਸਾਹ ਰਾਹੀਂ ਬਾਹਰ ਨਿਕਲੀ 'ਕਾਰਬਨ ਡਾਈਆਕਸਾਈਡ' ਪਵਣ ਬਨਸਪਤੀ ਲਈ ਜੀਵਨ ਦਾਇਕ ਹੁੰਦੀ ਹੈ। ਜਿਸ ਨੂੰ ਗ੍ਰਹਿਣ ਕਰ ਕੇ ਬਨਸਪਤੀ ਆਪਣਾ ਭੋਜਨ ਬਣਾਉਂਦੀ ਹੈ ਅਤੇ ਆਕਸੀਜਨ ਨੂੰ ਮੁੜ ਚੁਗਿਰਦੇ ਵਿਚ ਛਡਦੀ ਹੈ। 'ਆਕਸੀਜਨ' ਨਾਮਕ ਪਵਣ ਦੀ ਅਣਹੋਂਦ ਵਿਚ

---

[64] ਵਾਰਾਂ ਭਾਈ ਗੁਰਦਾਸ ਜੀ, ਵਾਰ/ਪਉੜੀ-1/2.

ਸਰੀਰ ਮੁਰਦਾ ਹੋ ਜਾਂਦਾ ਹੈ:

ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 63)

ਪਵਣ ਨੂੰ ਆਤਮਿਕ ਜੀਵਨ ਬਖ਼ਸ਼ਣ ਵਾਲੇ ਗੁਰੂ ਦੇ ਸਮਾਨ ਕਿਹਾ ਗਿਆ। ਪਵਣ ਦਾ ਹੀ ਇਕ ਰੂਪ 'ਸ਼ਬਦ' ਹੈ ਜਿਸ ਨੂੰ ਗੁਰਮਤਿ-ਦਰਸ਼ਨ ਵਿਚ ਗੁਰੂ ਕਿਹਾ ਹੈ।[65] ਸ਼ਬਦ ਧੁਨੀ ਰਾਹੀਂ ਪਰਗਟ ਹੁੰਦਾ ਹੈ, ਜਿਸ ਦਾ ਮਾਧਿਅਮ ਪਵਣ ਹੈ। ਜਿਸ ਤਰ੍ਹਾਂ ਸ਼ਬਦ ਦਾ ਮਾਧਿਅਮ ਪਵਣ ਹੈ ਉਸ ਤਰ੍ਹਾਂ ਨਾਮ ਦਾ ਮਾਧਿਅਮ ਗੁਰੂ ਹੈ। ਜਿਸ ਦੀ ਰੋਸ਼ਨੀ ਵਿਚ 'ਸਤਿਨਾਮ' ਦੀ ਪ੍ਰਾਪਤੀ ਹੈ। ਸ਼ਬਦ ਇਕ ਵਿਚਾਰ ਦੇ ਰੂਪ ਵਿਚ ਉਠਦਾ ਹੈ ਅਤੇ ਪਵਣ ਦੀ ਤਰੰਗ ਬਣਦਾ ਹੋਇਆ ਸਾਕਾਰ ਰੂਪ ਅਖ਼ਤਿਆਰ ਕਰਦਾ ਹੈ। ਪਵਣ ਗੁਰੂ ਸ਼ਬਦ ਦੀ ਵਿਆਖਿਆ ਕਰਦੇ ਸੁਰਜੀਤ ਸਿੰਘ ਭਾਟੀਆ ਲਿਖਦੇ ਹਨ "ਸ਼ਬਦ ਭਾਵੇਂ ਰਾਗ ਦੇ ਰੂਪ ਵਿਚ ਹੋਵੇ ਭਾਵੇਂ ਨਾਦ ਦੇ ਰੂਪ ਵਿਚ ਹੋਵੇ ਅਤੇ ਭਾਵੇਂ ਵਿਚਾਰ ਦੇ ਰੂਪ ਵਿਚ, ਆਖ਼ਰ ਇਹ ਪਉਣ (ਪਵਣ) ਹੀ ਤਾਂ ਹੈ। ਹਰ ਸ਼ਬਦ ਅਖੀਰ ਆਵਾਜ਼ ਹੀ ਹੁੰਦਾ ਹੈ, ਹਰ ਆਵਾਜ਼ ਆਪਣੇ ਆਪ ਵਿਚ ਹਵਾ ਦੀ ਲਹਿਰ ਯਾਨੀ ਹਵਾ ਹੈ, ਪਉਣ (ਪਵਣ) ਹੈ।[66] ਪਵਣ ਅਤੇ ਗੁਰੂ ਵਿਚ ਕਈ ਸਮਾਨਤਾਵਾਂ ਦਸੀਆਂ ਜਾ ਸਕਦੀਆਂ ਹਨ:

1. **ਸਰਬ-ਵਿਆਪਕਤਾ**: ਪਵਣ ਸਭ ਥਾਂ ਮੌਜੂਦ ਹੈ। ਗੁਰੂ ਵੀ ਸ਼ਬਦ ਦੇ ਰੂਪ ਵਿਚ ਸਭ ਥਾਂ ਵਿਆਪਕ ਹੈ।
2. **ਜੀਵਨ ਦਾਤੀ**: ਪਵਣ ਜੀਵਨ ਦੀ ਦਾਤੀ ਹੈ, ਗੁਰੂ ਸੁਰਤ ਦਾ ਦਾਤਾ ਹੈ।
3. **ਮਾਧਿਅਮ**: ਇਕ ਮਨੁੱਖ ਦੇ ਮਨੋ ਭਾਵ ਦੂਜੇ ਮਨੁੱਖ ਤਕ ਪਹੁੰਚਾਉਣ ਲਈ ਪਵਣ ਸਹਾਈ ਹੁੰਦੀ ਹੈ। ਇਵੇਂ ਹੀ ਗੁਰੂ, ਪਰਮਾਤਮਾ ਅਤੇ ਸੰਸਾਰ ਦਾ ਮਾਧਿਅਮ ਹੈ। ਪਰਮਾਤਮਾ ਦਾ ਸੁਨੇਹਾ ਬਿਨਾਂ ਕਿਸੇ ਮਿਲਾਵਟ ਤੋਂ ਮਨੁੱਖ ਤੱਕ ਪਹੁੰਚਾਉਣ ਲਈ ਗੁਰੂ ਸਹਾਈ ਹੁੰਦਾ ਹੈ।

**(2) ਪਾਣੀ**: ਕੁਦਰਤੀ ਤੋਹਫ਼ਿਆਂ ਵਿਚੋਂ ਪਾਣੀ ਇਕ ਅਮੋਲਕ ਦਾਤ ਹੈ, ਜਿਹੜਾ ਕਿ ਹਾਈਡਰੋਜਨ ਅਤੇ ਆਕਸੀਜਨ ਗੈਸ ਦਾ ਯੋਗਿਕ ਹੈ। ਪਾਣੀ ਉਤਪਤੀ ਦਾ ਵਸੀਲਾ ਹੈ, ਇਸ ਤੋ ਬਿਨਾਂ ਧਰਤੀ ਉਤੇ ਜੀਵਨ

---

65 ਸਬਦੁ ਗੁਰੂ ਸੁਰਤਿ ਧੁਨਿ ਚੇਲਾ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 943.

66 ਸੁਰਜੀਤ ਸਿੰਘ ਭਾਟੀਆ, *ਸੁਚੇਤ ਚੇਤਨਾ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1982, ਪੰਨਾ 117.

ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ, ਪਾਣੀ ਨਾਲ ਹੀ ਜੀਵਨ ਹੈ।[67] ਧਰਤੀ ਦਾ ਲਗਪਗ 70% ਹਿੱਸਾ ਪਾਣੀ ਨਾਲ ਢਕਿਆ ਹੋਇਆ ਹੈ। ਗੁਰਬਾਣੀ ਵਿਚ ਪਾਣੀ ਲਈ ਵਖੋ-ਵੱਖਰੀ ਬੋਲੀ ਦੇ ਆਧਾਰ ਤੇ ਅਲੱਗ-ਅਲੱਗ ਨਾਂ ਵਰਤੇ ਗਏ ਹਨ ਜਿਵੇਂ ਅਪੁ,[68] ਨੀਰ,[69] ਜਲ,[70] ਆਬ,[71] ਬਿੰਬ,[72] ਅੰਭੈ,[73] ਉਦਕ,[74] ਸਲਲ,[75] ਤੋਇਆ,[76] ਰਸ[77] ਅਤੇ ਵਿਸ਼ਿਆਂ ਵਾਲੇ ਪਾਣੀ ਲਈ 'ਬਨੁ'[78] ਸ਼ਬਦ ਵਰਤਿਆ ਗਿਆ ਹੈ। ਗੁਰਬਚਨ ਸਿੰਘ ਬਚਨ ਨੇ ਪਾਣੀ, ਨੀਰ ਅਤੇ ਜਲ ਸ਼ਬਦਾਂ ਨੂੰ ਬਾਣੀ ਦੇ ਭਾਵ ਅਰਥਾਂ ਰਾਹੀਂ ਵੱਖ-ਵੱਖ ਅਰਥਾਂ ਵਿਚ ਦਰਸਾਇਆ ਹੈ ਕਿ, ਧਰਤੀ ਦੇ ਤਲ ਉਪਰਲੇ ਅਤੇ ਅੰਦਰਲੇ ਪਾਣੀ ਲਈ 'ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤ ਮਰੈ ਪਿਆਸੁ' ਕਹਿ ਕੇ 'ਪਾਣੀ' ਸ਼ਬਦ ਵਰਤਿਆ ਹੈ। ਨਦੀਆਂ ਨਾਲਿਆਂ ਵਿਚ ਵਹਿਣ ਵਾਲੇ ਪਾਣੀ ਲਈ 'ਖੰਡ ਪਾਤਾਲ ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ' ਕਹਿ ਕੇ 'ਨੀਰ' ਸ਼ਬਦ ਵਰਤਿਆ ਹੈ। ਮੀਂਹ ਦੇ ਜਾਂ ਤਾਜ਼ੇ ਪਾਣੀ ਲਈ 'ਜਲ' ਸ਼ਬਦ ਵਰਤਿਆ ਗਿਆ ਹੈ।[79] ਪਾਣੀ ਤੋਂ ਹੀ ਸਾਰੀਆਂ ਚੀਜ਼ਾਂ ਪੈਦਾ ਹੁੰਦੀਆਂ ਹਨ ਇਸ ਲਈ

---

67 ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 472.

68 **ਅਪੁ** ਤੇਜੁ ਵਾਇ ਪ੍ਰਿਥਮੀ ਆਕਾਸਾ ।। ਉਹੀ, ਪੰਨਾ 1031.

69 ਮਛੁਲੀ ਕਉ ਜੈਸੇ **ਨੀਰੁ** ਬਾਲਹਾ ਤਿਉ ਮੇਰੈ ਮਨਿ ਰਾਮਈਆ ।। ਉਹੀ, ਪੰਨਾ 692.

70 ਸਾਚੇ ਤੇ ਪਵਨਾ ਭਇਆ ਪਵਨੈ ਤੇ **ਜਲੁ** ਹੋਇ ।। ਉਹੀ, ਪੰਨਾ 19.

71 ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ **ਆਬ** ਨਿਤ ਦੇਹਿ ਪਾਣੀ ।। ਉਹੀ, ਪੰਨਾ 24.

72 **ਬਿੰਬ** ਬਿਨਾ ਕੈਸੇ ਕਪਰੇ ਧੋਈ ।। ਉਹੀ, ਪੰਨਾ 872.

73 **ਅੰਭੈ** ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ।। ਉਹੀ, ਪੰਨਾ 947.

74 ਗੰਗਾ ਕਾ **ਉਦਕੁ** ਕਰੰਤੇ ਕੀ ਆਗਿ ।। ਉਹੀ, ਪੰਨਾ 1069.

75 ਜਿਉ **ਸਲਲੈ ਸਲਲ** ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ ।। ਉਹੀ, ਪੰਨਾ 977.

76 **ਤੋਇਅਹੁ** ਅੰਨੁ ਕਮਾਦੁ ਕਪਾਹਾਂ **ਤੋਇਅਹੁ** ਤ੍ਰਿਭਵਣੁ ਗੰਨਾ ।। ਉਹੀ, ਪੰਨਾ 1290.

77 ਅਗਨਿ **ਰਸੁ** ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ।। ਉਹੀ, ਪੰਨਾ 1108.

78 ਬਿਖੈ **ਬਨੁ** ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ।। ਉਹੀ, ਪੰਨਾ 802.

79 Guru Nanak has used many words for water: 1. Pani 2. Neer 3. Jal.It is very interesting to know that though the modern man cannot distinguish between these, Guru has the clear concept regarding difference betveen different tpes of water (1) Pani: the word pani is water over and under the earth surface (2) Neer: the Flowing water has been described as neer. (3) Jal is meteoritic water as has been explained. Jal means fresh water in Malar Var in SGGS. When Guru says that the metroitic water came over earth from atmosphere another name to his water has been associated with clouds. Gurbachan Singh Bachan, *Guru Nanak and Ecology*, Guru Nanak Dev University, Amritsar, 2004, pp. 170-71.

ਪਾਣੀ ਨੂੰ ਜਗਤ ਦਾ ਮੁੱਢ ਕਿਹਾ ਹੈ।[80]

ਯੂਨਾਨੀ ਦਾਰਸ਼ਨਿਕ ਥੇਲਜ਼ ਵੀ ਪਾਣੀ ਨੂੰ ਹੀ ਪਹਿਲਾ ਤੱਤ ਮੰਨਦਾ ਹੈ। ਅਰਸਤੂ ਨੇ ਥੇਲਜ਼ ਦੇ ਜਲ ਸਿਧਾਂਤ ਅਰਥਾਤ ਜਲ ਸਭਨਾਂ ਵਸਤਾਂ ਦਾ ਭੌਤਿਕ ਕਾਰਨ ਹੈ, ਦੀ ਵਿਆਖਿਆ ਹਿੱਤ ਕਈ ਤਰਕ ਦਿਤੇ ਹਨ ਜਿਵੇਂ (1) ਜਗਤ ਦੀਆਂ ਸਾਰੀਆਂ ਵਸਤਾਂ ਵਿਚ ਘੱਟ ਜਾਂ ਵੱਧ ਮਾਤਰਾ ਵਿਚ ਜਲ ਪਾਇਆ ਜਾਂਦਾ ਹੈ। ਕੁਝ ਵਸਤਾਂ ਵਿਚ ਜਲ ਕਾਫ਼ੀ ਮਾਤਰਾ ਵਿਚ ਹੁੰਦਾ ਹੈ। ਜਿਵੇਂ ਤਰਬੂਜ਼, ਨਾਰੰਗੀ ਆਦਿ (2) ਜਗਤ ਵਿਚ ਜਲ ਅਨੇਕ ਰੂਪਾਂ ਵਿਚ ਪਾਇਆ ਜਾਂਦਾ ਹੈ ਜਿਵੇਂ:- ਠੋਸ, ਤਰਲ ਅਤੇ ਭਾਫ਼ ਆਦਿ ਵਿਚ। (3) ਭਾਫ਼ੀਕਰਨ ਦੁਆਰਾ ਸਮੁੰਦਰ ਦਾ ਜਲ ਅਕਾਸ਼ ਵਲ ਉਠਦਾ ਹੈ। ਨਛੱਤਰ ਅਤੇ ਪਿੰਡਾ (ਗੋਲਾਕਾਰ ਸਮੂਹ ਅਥਵਾ ਇਕੱਠ) ਨੂੰ ਭਾਫ਼ੀਕਰਨ ਦੁਆਰਾ ਉਠੇ ਜਲ ਦਾ ਰੂਪਾਂਤਰ ਮੰਨਦਾ ਹੈ। ਇਹ ਜਲ ਹੀ ਨਛੱਤਰਾਂ ਦੇ ਜੀਵਨ ਦਾ ਪੋਸ਼ਣ ਕਰਦਾ ਹੈ। (4) ਸਮੁੰਦਰ ਤੋਂ ਉਠੀ ਹੋਈ ਭਾਫ਼ ਠੰਢੀ ਹੋ ਕੇ ਵਰਖਾ ਦਾ ਜਲ ਬਣ ਜਾਂਦੀ ਹੈ ਅਤੇ ਥੱਲੇ ਡਿਗ ਕੇ ਪ੍ਰਿਥਵੀ ਵਿਚ ਬਦਲ ਜਾਂਦੀ ਹੈ। ਇੰਜ ਥੇਲਜ਼ ਨੇ ਪ੍ਰਿਥਵੀ ਨੂੰ ਵੀ ਜਲ ਦਾ ਹੀ ਰੂਪ ਮੰਨਿਆ ਹੈ। (5) ਸਵੇਰ ਸਾਰ ਓਸ ਦੇ ਕਣ ਅਤੇ ਰਾਤ ਦਾ ਕੋਹਰਾ ਇਸ ਗਲ ਦਾ ਪ੍ਰਮਾਣ ਹਨ ਕਿ ਜਲ ਹੀ ਪ੍ਰਿਥਵੀ ਦਾ ਰੂਪ ਗ੍ਰਹਿਣ ਨਹੀਂ ਕਰਦਾ ਸਗੋਂ ਪ੍ਰਿਥਵੀ ਵੀ ਜਲ ਦਾ ਰੂਪ ਗ੍ਰਹਿਣ ਕਰਦੀ ਹੈ।[81] ਅਨਗਜ਼ੀਮੈਂਡਰ ਅਨੁਸਾਰ ਭੂਤਾਂ ਦੇ ਜਿਨ੍ਹਾਂ ਸ਼ਾਂਤ ਸਥੂਲ ਰੂਪਾਂ ਨੂੰ ਅਸੀਂ ਵੇਖਦੇ ਹਾਂ, ਮੂਲ ਤੱਤ ਇਹਨਾਂ ਤੋਂ ਵੀ ਸੂਖਮ ਹੁੰਦਾ ਹੈ ਉਸ ਦਾ ਨਾਮ 'ਅੰਤ' ਅਤੇ 'ਅਨਿਸ਼ਚਿਤ' ਹੈ। ਇਸੇ ਅੰਤ ਅਤੇ ਅਨਿਸ਼ਚਿਤ ਤੱਤ ਤੋਂ ਅੱਗ, ਹਵਾ, ਪਾਣੀ, ਮਿੱਟੀ ਮੂਲ ਤੱਤ ਬਣੇ। ਅਨੈਗਜ਼ੀਮੈਂਡਰ ਵੀ ਪਾਣੀ ਨੂੰ ਮੂਲ ਤੱਤ ਮੰਨਦਾ ਹੈ।[82] ਮਨੁੱਖ ਦੇ ਜਨਮ ਸਮੇਂ ਉਸ ਦੇ ਸਰੀਰ ਦਾ 95% ਭਾਗ ਪਾਣੀ ਹੁੰਦਾ ਹੈ, ਜਿਹੜਾ ਕਿ ਵੱਡੇ ਹੋਣ ਤੋਂ ਮਰਨ ਸਮੇਂ ਤਕ 75% ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਇਸ ਸੰਸਾਰ ਵਿਚ ਸਭ ਕੁਝ ਪਾਣੀ ਦੀ ਬਦੌਲਤ ਹੈ। ਪਰਮਾਤਮਾ ਨੇ ਹਵਾ ਪੈਦਾ ਕੀਤੀ, ਜਿਸ ਤੋਂ ਜਲ ਬਣਿਆ ਤੇ ਜਲ ਤੋਂ ਤ੍ਰਿਭਵਣ ਸਾਜਿਆ ਗਿਆ ਹੈ।

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 19)

---

80 ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1240.

81 ਮਨਮੋਹਨ ਸਿੰਘ, *ਯੂਨਾਨੀ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 17.

82 राहुल सांकृत्यायन, *दर्शन दिग्दर्शन*, किताब महल, इलाहाबाद, 2013, पृष्ठ 2.

ਪਾਣੀ ਇਕ ਤਰਲ ਪਦਾਰਥ ਹੈ। ਤਰਲ ਪਦਾਰਥਾਂ ਵਿਚ ਇਕ ਦੂਜੇ ਵਿਚ ਰਲ ਜਾਣ ਦੀ ਸਭ ਤੋਂ ਵਧ ਸਮਰੱਥਾ ਹੁੰਦੀ ਹੈ। ਤਰਲ ਪਦਾਰਥ ਹਰ ਸੀਮਾ ਨੂੰ ਪਾਰ ਕਰ ਕੇ ਇਕ ਦੂਜੇ ਵਿਚ ਰਚ-ਮਿਚ ਜਾਂਦਾ ਹੈ। ਇਸੇ ਕਾਰਨ ਪਾਣੀ ਵਿਚ ਮੇਲ ਲੈਣ, ਆਪਣੇ ਵਿਚ ਰਲਾਉਣ ਅਤੇ ਸੰਬੰਧ ਸਥਾਪਿਤ ਕਰਨ ਦੀ ਸਭ ਤੋਂ ਵਧ ਸਮਰੱਥਾ ਹੈ। 'ਨਿਰਵੈਰ ਸਤਿਗੁਰੂ' ਵਿਚ ਵੀ ਪਾਣੀ ਦੇ ਇਸ ਤਰਲ ਰੂਪ ਵਾਲਾ ਸਭ ਵਖਰੇਵੇਂ ਖ਼ਤਮ ਕਰ ਕੇ ਆਪਣੇ ਵਿਚ ਸਮੋ ਲੈਣ ਦਾ ਗੁਣ ਹੁੰਦਾ ਹੈ:

ਜਿਉ ਮੀਹਿ ਵੁਠੈ ਗਲੀਆਂ ਨਾਲਿਆਂ ਟੋਭਿਆ ਕਾ ਜਲੁ

ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤੁ ਪਵਿਤ੍ਰੁ ਪਾਵਨੁ ਹੋਇ ਜਾਵੈ।।

ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ

ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 854-55)

ਨਦੀਆਂ ਨਾਲਿਆਂ ਜਾਂ ਟੋਭਿਆ ਆਦਿ ਹਰ ਪ੍ਰਕਾਰ ਦਾ ਪਾਣੀ ਆਪਸ ਵਿਚ ਮਿਲ ਜਾਂਦਾ ਹੈ। ਪਾਣੀ ਤੋਂ ਇਲਾਵਾ ਹੋਰ ਤਰਲ ਪਦਾਰਥ ਵੀ ਆਪਸ ਵਿਚ ਮਿਲ ਕੇ ਇਕ ਰੂਪ ਹੋ ਜਾਂਦੇ ਹਨ, ਜਿਹਨਾਂ ਨੂੰ ਨਿਖੇੜਨਾ ਸੌਖਾ ਕੰਮ ਨਹੀਂ। ਪਾਣੀ ਦਾ ਗਤੀਸ਼ੀਲ ਹੋ ਕੇ ਰਲਾਓ ਦਾ ਸੁਭਾਅ ਪਰਮਾਤਮਾ ਨਾਲ ਮਿਲਣ ਦੀ ਪਹਿਲੀ ਅਵਸਥਾ ਹੈ।

ਪਾਣੀ ਆਕਾਰ ਰਹਿਤ ਹੈ, ਜਿਸ ਭਾਂਡੇ ਵਿਚ ਇਸ ਨੂੰ ਪਾਇਆ ਜਾਂਦਾ ਹੈ ਇਹ ਉਹੋ ਰੂਪ ਧਾਰਨ ਕਰ ਲੈਂਦਾ ਹੈ। ਇਸੇ ਕਾਰਨ ਭਗਤ ਕਬੀਰ ਜੀ ਭਗਤ ਦੀ, ਭਗਤੀ ਦੀ ਇਕ ਅਵਸਥਾ ਇਹ ਵੀ ਦਸਦੇ ਹਨ, ਜਿਥੇ ਹਰੀ ਅਤੇ ਜਨ ਦਾ ਆਪਸੀ ਭੇਦ ਖ਼ਤਮ ਹੋ ਜਾਂਦਾ ਹੈ। ਭਗਤ ਕਬੀਰ ਜੀ ਨੇ ਪਾਣੀ ਨੂੰ ਜੀਵ ਅਤੇ ਪਰਮਾਤਮਾ ਨਾਲ ਮਿਲਣ ਦਾ ਅਲੰਕਾਰ ਮੰਨਿਆ ਹੈ:

ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1372)

ਪਾਣੀਆਂ ਵਿਚੋਂ ਉਠੇ ਥੋੜ੍ਹਚਿਰੇ ਜੀਵਨ ਵਾਲੇ ਬੁਲਬੁਲੇ ਜਾਂ ਲਹਿਰਾਂ ਮੁੜ ਪਾਣੀ ਵਿਚ ਅਭੇਦ ਹੋ ਜਾਂਦੀਆਂ ਹਨ:

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ।।

ਇਹੁ ਪਰਪੰਚ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 485)

ਗੁਰਬਾਣੀ ਵਿਚ ਪਾਣੀ ਦੇ ਸੋਮਿਆਂ ਦਰਿਆ, ਨਦੀਆਂ, ਨਾਲੇ, ਸਮੁੰਦਰ, ਸਰਵਰ, ਤਾਲ (ਤਲਾਬ) ਛਪੜੀ, ਸਾਗਰ, ਖੂਹ ਆਦਿ ਦਾ ਵਰਣਨ ਕੀਤਾ ਗਿਆ ਹੈ। ਪਾਣੀ ਨਾਲ ਸੰਬੰਧਿਤ, ਹੈਮੰਚਲਿ (ਬਰਫ਼)[83] ਅਤੇ ਮੀਂਹ ਆਦਿ ਦਾ ਵੀ ਜ਼ਿਕਰ ਹੈ। ਬਾਣੀ ਵਿਚ ਜਲ ਖੇਤਰ ਨਾਲ ਸੰਬੰਧਿਤ ਸਭ ਤੋਂ ਵਧ ਧਿਆਨ ਸਮੁੰਦਰ ਅਤੇ ਸਾਗਰ ਨੇ ਖਿਚਿਆ ਹੈ। ਸਮੁੰਦਰ ਦੇ ਅਨੰਤ ਵਿਸਤਾਰ, ਅਥਾਹ ਜਲ ਅਤੇ ਗੰਭੀਰਤਾ, ਡੂੰਘਾਣਾਂ ਵਿਚਲੇ ਰਤਨਾਂ ਅਤੇ ਉਸ ਉਪਰ ਤੈਰਨ ਵਾਲੇ ਬੋਹਿਥਾਂ ਨੇ ਵਿਸ਼ੇਸ਼ ਤੌਰ ਤੇ ਆਕਰਸ਼ਿਤ ਕੀਤਾ ਹੈ। ਪਰਮਾਤਮਾ ਅਤੇ ਗੁਰੂ ਨੂੰ ਦਰਿਆ[84] ਜਾਂ ਸਮੁੰਦਰ[85] ਦੇ ਸਾਮਾਨ ਕਿਹਾ ਗਿਆ ਹੈ। ਪਰਮਾਤਮਾ ਦੇ ਨਾਮ ਨੂੰ ਸੁੱਖਾਂ ਦਾ ਸਾਗਰ ਕਿਹਾ ਗਿਆ ਹੈ। ਆਤਮਾ ਅਤੇ ਪਰਮਾਤਮਾ ਦਾ ਸੰਬੰਧ ਦਰਸਾਉਣ ਲਈ ਬੂੰਦ ਅਤੇ ਸਾਗਰ ਦੇ ਪ੍ਰਤੀਕ ਦਾ ਵੀ ਸਹਾਰਾ ਲਿਆ ਗਿਆ ਹੈ। ਪਾਣੀ ਦੇ ਵੱਖ-ਵੱਖ ਸੋਮੇ ਚੁਗਿਰਦੇ ਦਾ ਅਨਿੱਖੜਵਾਂ ਅੰਗ ਹਨ। ਗੁਰਬਾਣੀ ਵਿਚ ਆਏ ਇਹਨਾਂ ਦੇ ਜ਼ਿਕਰਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ:

**ਸਮੁੰਦਰ:** ਜਗਤ ਦੀ ਬਿਖਮਤਾ ਅਤੇ ਭਿਆਨਕਤਾ ਦਸਣ ਲਈ ਸਮੁੰਦਰ, ਸਾਗਰ ਆਦਿ ਦਾ ਪ੍ਰਤੀਕ ਵਰਤਿਆ ਗਿਆ ਹੈ। ਇਹ ਸੰਸਾਰ ਸਾਗਰ ਦੀ ਨਿਆਈਂ ਬਿਖਮ ਅਤੇ ਵਿਸ਼ਾਲ ਹੈ, ਇਸ ਨੂੰ ਪਾਰ ਕਰਨਾ ਕਠਨ ਕਾਰਜ ਹੈ:

ਇਹੁ ਜਗੁ ਸਾਗਰ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 355)

**ਦਰਿਆ**: ਗੁਰਬਾਣੀ ਵਿਚ ਗੁਰੂ ਅਤੇ ਪਰਮਾਤਮਾ ਲਈ ਦਰਿਆ ਸ਼ਬਦ ਵਰਤਿਆ ਗਿਆ ਹੈ। ਮਨੁੱਖ ਨਿੱਕੀ ਜਿਹੀ ਮੱਛੀ ਦੇ ਸਮਾਨ ਹੈ ਜੋ ਇਸ ਦਰਿਆ ਦਾ ਸਿਰਾ ਨਹੀਂ ਲੱਭ ਸਕਦਾ ਹੈ। ਦਰਿਆ

---

[83] ਤਨੁ **ਹੈਮੰਚਲਿ** ਗਾਲੀਐ ਭੀ ਮਨ ਤੇ ਰੋਗੁ ਨ ਜਾਇ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 62.

[84] ਤੂ **ਦਰੀਆਉ** ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।। ਉਹੀ, ਪੰਨਾ 25.

[85] ਗੁਰੂ **ਸਮੁੰਦੁ** ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ।। ਉਹੀ, ਪੰਨਾ 150.

ਨਿਰਮਲ ਜਲ ਅਤੇ ਪਵਿੱਤਰ ਤੀਰਥ ਸਥਾਨਾਂ ਦਾ ਸੂਚਕ ਰਿਹਾ ਹੈ। ਗੁਰਮੁਖਾਂ ਦੀ ਦਰਿਆਵਾਂ ਨਾਲ ਦੋਸਤੀ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਮਨ ਅਤੇ ਮੁਖ ਤੋਂ ਪਰਮਾਤਮਾ ਦਾ ਨਾਮ ਉਚਾਰਨ ਵਾਲੇ ਜਗਿਆਸੂ ਚਾਅ ਨਾਲ ਅੰਮ੍ਰਿਤ ਵੇਲੇ ਉੱਠ ਕੇ ਪਹਿਲਾਂ ਦਰਿਆਵਾਂ ਵਲ ਜਾਂਦੇ ਸਨ:

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ।।

ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 146)

**ਨਦੀਆਂ:** ਗੁਰੂ ਸਾਹਿਬ ਨੇ ਬਾਣੀ ਵਿਚ ਨਦੀਆਂ ਦੇ ਵਹਿਣ ਨਾਲ ਮਨੁੱਖਾ ਜੀਵਨ ਦੀ ਮਹੱਤਤਾ ਦਰਸਾਈ ਗਈ ਹੈ। ਮਨੁੱਖੀ ਜ਼ਿੰਦਗੀ ਦੀ ਕਿਰਿਆ ਨਦੀ ਸਾਮਾਨ ਹੈ, ਜਿਸ ਦਾ ਸੰਯੋਗ ਵਿਯੋਗ ਵੀ ਨਦੀਆਂ ਵਿਚੋਂ ਕੱਢੇ ਨਾਲਿਆਂ ਦੇ ਪਾਣੀ ਨਾਲ ਵਿਛੋੜੇ ਅਤੇ ਮੇਲ ਦੇ ਸਾਮਾਨ ਹੈ। ਭਾਰਤ ਵਿਚ ਵਗਦੀਆਂ ਕਈ ਨਦੀਆਂ ਜਮਨਾ, ਗੋਦਾਵਰੀ, ਸੁਰਸਤੀ ਅਤੇ ਗੰਗਾ (ਸੁਰਸਰੀ, ਜਾਹਰਨਵੀ) ਦਾ ਜ਼ਿਕਰ ਵੀ ਗੁਰਬਾਣੀ ਵਿਚ ਆਇਆ ਹੈ :

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1263)

**ਸਰੋਵਰ:** ਸਤਿਗੁਰ ਪਰਮਾਤਮਾ ਦੇ ਗੁਣਾਂ ਰੂਪੀ ਹੀਰੇ-ਮਾਣਕਾਂ ਨਾਲ ਨੱਕੋ-ਨੱਕ ਭਰਿਆ ਅਮੁੱਕ ਸਰੋਵਰ ਹੈ। ਜਿਥੇ ਸਿਖ ਰੂਪੀ ਹੰਸ ਇਕੱਠੇ ਹੋ ਕੇ ਮਨ ਦੀ ਖ਼ੁਰਾਕ ਲੈਣ ਆਉਂਦੇ ਹਨ। ਗੁਰਬਾਣੀ ਵਿਚ ਸਰੀਰ ਨੂੰ ਵੀ ਸਰੋਵਰ ਮੰਨਿਆ ਹੈ:

ਸਰੀਰ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1336)

**ਖੂਹ:** ਪਾਣੀ ਦੇ ਸਰੋਤ ਖੂਹ ਲਈ ਬਾਣੀ ਵਿਚ 'ਕੂਪ' ਜਾਂ 'ਕੂਆਂ' ਸ਼ਬਦ ਵਰਤਿਆ ਗਿਆ ਹੈ। ਖੂਹ ਨੂੰ ਚਲ ਰਹੇ ਸੰਸਾਰ ਅਤੇ ਦਿਨ ਰਾਤ ਦੇ ਗੇੜ ਨਾਲ ਤੁਲਨਾਇਆ ਗਿਆ ਹੈ:

ਸੰਸਾਰ ਕੂਪ ਤੇ ਉਧਰਿ ਲੈ ਪਿਆਰੇ ਨਾਨਕ ਹਰਿ ਸਰਣਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 432)

ਗੁਰੂ ਨਾਨਕ ਦੇਵ ਜੀ ਖੂਹ ਵਿਚੋਂ ਪਾਣੀ ਕੱਢ ਰਹੀਆਂ ਟਿੰਡਾਂ ਨੂੰ ਜਨਮ ਮਰਨ ਦੇ ਚੱਕਰ ਨਾਲ ਵੀ ਤੁਲਨਾਉਂਦੇ ਹਨ।

**ਧਰਤੀ ਹੇਠਲਾ ਪਾਣੀ:** ਗੁਰੂ ਅਮਰ ਦਾਸ ਜੀ ਧਰਤੀ ਹੇਠਲੇ ਪਾਣੀ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ, ਜਿਵੇਂ ਧਰਤੀ ਉਪਰ ਮੀਂਹ ਵਰਸਦਾ ਹੈ ਪਰ ਕੀ ਧਰਤੀ ਵਿਚ ਪਾਣੀ ਨਹੀਂ ਹੈ?[86] ਪਰ ਇਹ ਬਾਰਸ਼ ਦਾ ਪਾਣੀ ਵੀ ਜੀਵਾਂ ਦੀਆ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਹਾਇਕ ਹੁੰਦਾ ਹੈ।

ਧਾਰਮਿਕ ਵਿਚਾਰਾਂ ਅਤੇ ਵਿਹਾਰਾਂ ਵਿਚ ਪਾਣੀ ਦੀ ਪਵਿੱਤਰ ਅਤੇ ਸੰਸਾਰਕ ਮਹੱਤਤਾ ਹੈ। ਪਾਣੀ ਰੱਬੀ ਸ਼ਕਤੀ ਦਾ ਪ੍ਰਗਟਾਵਾ ਹੈ। ਇਸ ਵਿਚ ਉਤਪਤੀ ਕਰਨ ਦੀ ਸ਼ਕਤੀ ਹੈ, ਇਹ ਜੀਵਨ ਦਾ ਸੋਮਾ ਵੀ ਹੈ ਤੇ ਜੀਵਨ ਨੂੰ ਚਲਾਉਂਦਾ ਵੀ ਹੈ। ਪਾਣੀ ਸ਼ੁਧੀਕਰਨ ਦਾ ਸੋਮਾ ਹੈ, ਇਸੇ ਕਾਰਨ ਗੁਰੂ ਨੂੰ 'ਤੀਰਥ' ਕਿਹਾ ਗਿਆ ਹੈ। ਜਿਵੇਂ ਤੀਰਥਾਂ ਉਤੇ ਇਸ਼ਨਾਨ ਕਰਨ ਨਾਲ ਜੀਵ ਪਵਿੱਤਰ ਹੋ ਗਿਆ ਮੰਨਿਆ ਜਾਂਦਾ ਹੈ, ਇਵੇਂ ਗੁਰੂ ਦੇ ਗਿਆਨ ਰਾਹੀਂ ਮਨ ਨੂੰ ਧੋਣ ਨਾਲ ਇਸ ਦੀ ਸਾਰੀ ਮੈਲ ਦੂਰ ਹੋ ਜਾਂਦੀ ਹੈ।[87] ਪਾਣੀ ਜਿਥੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਦਾ ਹੈ ਉਥੇ ਬਹੁਤ ਸਾਰੀਆਂ ਧਾਰਮਿਕ ਰਸਮਾਂ ਵਿਚ ਪਾਣੀ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਪਾਣੀ ਵਿਚ ਡੁਬਕੀ ਲਾਉਣਾ (ਜਲ ਪ੍ਰਵਾਹ) ਪ੍ਰਾਣੀ ਦੇ ਪਾਣੀ ਨਾਲ ਸੁਮੇਲ ਨੂੰ ਦਰਸਾਉਂਦਾ ਹੈ। ਪਾਣੀ ਇਕੱਠੀਆਂ ਹੋਈਆਂ ਸਾਰੀਆਂ ਅਸ਼ੁੱਧੀਆਂ, ਖ਼ੁਦਗਰਜ਼ੀਆਂ ਅਤੇ ਮਾੜੇ ਖ਼ਿਆਲਾਂ ਨੂੰ ਧੋ ਦਿੰਦਾ ਹੈ। ਪਾਣੀ ਪ੍ਰਾਣੀ ਨੂੰ ਸ਼ੁੱਧ ਕਰ ਕੇ ਸਰੀਰ ਅਤੇ ਮਨ ਨੂੰ ਆਰਾਮ ਦਿੰਦਾ ਹੈ। Eliande ਅਨੁਸਾਰ ਪਾਣੀ ਦੇ ਸ਼ੁਧੀਕਰਨ ਦੇ ਗੁਣ ਦੀ ਬਹੁਤ ਸਾਰੇ ਧਾਰਮਿਕ ਰਿਵਾਜਾਂ ਵਿਚ ਚਰਚਾ ਹੈ।[88] ਸੋ ਪਾਣੀ ਹਰ ਜੂਨ ਵਿਚ ਪੈਦਾ ਹੋਏ ਜੀਵ ਦੇ ਜਨਮ ਤੋਂ ਮਰਨ, ਵਿਕਾਸ ਤੋਂ ਵਿਗਾਸ ਤਕ ਅਹਿਮ ਭੂਮਿਕਾ ਨਿਭਾਉਂਦਾ ਹੈ।

---

86 ਕਿਆ ਧਰਤੀ ਮਧੇ ਪਾਣੀ ਨਾਹੀ ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 162.

87 ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ।। ਉਹੀ, ਪੰਨਾ 1329.

88 "Water figures prominently in many purification rites. Immersion in water recreates an experience of unity and solidarity of the self with all beings, the experience of God. The unifying experience is the basis of human goodness. Water wipes out all accumulated impurities, selfish thoughts and intentions. Water purifies the self emerges renewed"
K.S. Boss, 'Water, fire and serpents: The structure of mind and the nature of symbols', *The Journal of Religious Studies*, Vol- XXV, Punjabi University Patiala, 1994, p. 70.

(3) **ਧਰਤੀ**: ਧਰਤੀ ਇਕ ਅਜਿਹਾ ਗ੍ਰਹਿ ਹੈ, ਜਿਸ ਉਤੇ ਮਨੁੱਖੀ ਜੀਵਨ ਦੀ ਹੋਂਦ ਹੈ। ਬਾਣੀ ਵਿਚ ਧਰਤੀ ਲਈ ਬਸੁਧਾ[89], ਪ੍ਰਿਥਮੀ,[90] ਧਰਣਿ,[91] ਗੋਇ,[92] ਭੂਮ,[93] ਊਰਮ[94] ਆਦਿ ਸ਼ਬਦ ਵਰਤੇ ਗਏ ਹਨ। ਧਰਤੀ ਨੂੰ ਰਾਤਾਂ, ਰੁੱਤਾਂ, ਥਿਤਾਂ, ਵਾਰਾਂ, ਪਉਣ, ਪਾਣੀ ਤੇ ਅਗਨੀ-ਪਾਤਾਲ ਆਦਿ ਸਾਰਿਆਂ ਵਿਚ ਧਰਮਸ਼ਾਲ ਦੇ ਰੂਪ ਵਿਚ ਧਰਮ ਕਮਾਉਣ ਦੀ ਥਾਂ ਮੰਨਿਆ ਗਿਆ ਹੈ:

ਰਾਤੀ ਰੁਤੀ ਥਿਤੀ ਵਾਰ।। ਪਵਣ ਪਾਣੀ ਅਗਨੀ ਪਾਤਾਲ।।
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7)

ਧਰਤੀ ਦੇ 'ਧਰਮਸ਼ਾਲ' ਹੋਣ ਦਾ ਸੰਕਲਪ ਮਨੁੱਖ ਨੂੰ ਸਮੁੱਚਤਾ ਦੇ ਨਿਰਮਾਣ ਪ੍ਰਤੀ ਸਮਰਪਿਤ ਹੋਣ ਦੀ ਸੋਝੀ ਬਖ਼ਸ਼ਦਾ ਹੈ। "ਗੁਰੂ ਨਾਨਕ ਦੇਵ ਜੀ ਨੇ ਧਰਤੀ ਲਈ 'ਧਰਮਸਾਲ' ਸ਼ਬਦ ਵਰਤਿਆ ਹੈ। ਇਸ ਦਾ ਸਪਸ਼ਟ ਭਾਵ ਹੈ ਕਿ ਇਹ ਸੰਸਾਰ ਧਰਮ ਅਥਵਾ ਕਰਤੱਵ ਨਿਭਾਉਣ ਦੀ ਥਾਂ ਹੈ। ਆਤਮਿਕ ਰੁਚੀਆਂ ਦੇ ਪ੍ਰਯੋਗ ਦੀ ਥਾਂ ਹੈ, ਅਧਿਆਤਮਕ ਤੌਰ ਤੇ ਉਨੱਤ ਹੋਣ ਦਾ ਵਸੀਲਾ ਹੈ।"[95] ਬਰਾਬਰਤਾ, ਨਿਰਪੱਖਤਾ ਆਦਿ ਸਦਗੁਣਾਂ ਵਾਲੇ ਪਰਮਾਤਮਾ ਦੀ ਜੋਤ ਧਰਤੀ ਉਤੇ ਵਸਦੇ ਹਰ ਜੀਵ ਵਿਚ ਹੈ। ਇਹਨਾਂ ਜੀਵਾਂ ਲਈ 'ਧਰਤੀ' ਬਿਨਾਂ ਕਿਸੇ ਵਿਤਕਰੇ ਤੋਂ ਦਿਤੀ ਜਾਣ ਵਾਲੀ ਦੇਗ ਦੇ ਸਮਾਨ ਹੈ, ਜਿਹਨਾਂ ਨੂੰ ਜੀਵ ਆਪਣੇ ਕਰਮਾਂ ਅਨੁਸਾਰ ਵਰਤ ਰਿਹਾ ਹੈ:

ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ।।
ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1190)

ਪ੍ਰੋ. ਪ੍ਰੀਤਮ ਸਿੰਘ ਜੀ ਧਰਤੀ ਨੂੰ ਧਰਮਸ਼ਾਲ ਕਹਿਣ ਦਾ ਭਾਵ ਇਹ ਵੀ ਮੰਨਦੇ ਹਨ ਕਿ ਇਸ ਵਿਚ

---

89 ਜਿਉ **ਬਸੁਧਾ** ਕੋਊ ਖੋਦੈ ਕੋਊ ਚੰਦਨ ਲੇਪ ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272.

90 ਅਪੁ ਤੇਜੁ ਬਾਇ **ਪ੍ਰਿਥਮੀ** ਆਕਾਸਾ ।। ਉਹੀ, ਪੰਨਾ 327.

91 **ਧਰਣਿ** ਨ ਗਗਨਾ ਹੁਕਮੁ ਅਪਾਰਾ ।। ਉਹੀ, ਪੰਨਾ 1035.

92 ਗੋਰਖੁ ਸੋ ਜਿਨਿ **ਗੋਇ** ਉਠਾਲੀ ਕਰਤੇ ਬਾਰ ਨ ਲਾਗੈ ।। ਉਹੀ, ਪੰਨਾ 877.

93 ਕੇਤੀਆ ਕਰਮ **ਭੂਮੀ** ਮੇਰ ਕੇਤੇ ਕੇਤੇ ਧੂ ਉਪਦੇਸ ।। ਉਹੀ, ਪੰਨਾ 7.

94 **ਊਰਮ** ਧੂਰਮ ਜੋਤਿ ਉਜਾਲਾ।। ਉਹੀ, ਪੰਨਾ 930.

95 ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 136.

ਧਰਮ ਅਰਥਾਤ ਕਰਮ ਪ੍ਰਤੀਕਰਮ ਦਾ ਨਿਯਮ ਵਿਆਪਕ ਹੈ, ਜਿਹੜਾ ਸਭ ਜੀਵਾਂ ਤੇ ਲਾਗੂ ਹੁੰਦਾ ਹੈ।[96] ਗੁਰੂ ਨਾਨਕ ਬਾਣੀ ਵਿਚ ਧਰਤੀ ਦੁੱਖ-ਕਸ਼ਟਾਂ ਨੂੰ ਬਰਦਾਸ਼ਤ ਕਰਨ ਦਾ ਪ੍ਰਤੀਕ ਮੰਨੀ ਹੈ, ਜਿਵੇਂ ਮਾਤਾ ਬੱਚੇ ਦਾ ਹਰ ਦੁੱਖ ਵੰਡਦੀ, ਗੰਦ ਸਾਫ਼ ਕਰਦੀ ਅਤੇ ਆਪਣੀ ਸੰਤਾਨ ਦੀ ਖ਼ਾਤਰ ਹਰੇਕ ਦੁੱਖ ਸਹਿੰਦੀ ਹੈ ਇਵੇਂ ਧਰਤੀ ਆਪਣਾ ਕਰਮ ਕਰਦੀ ਹੈ।[97] ਡਾ. ਜੋਧ ਸਿੰਘ ਧਰਤੀ ਨੂੰ ਆਪਾ ਤਿਆਗਣ ਦਾ ਪ੍ਰਤੀਕ ਮੰਨਦੇ ਹਨ ਕਿ "ਜਪੁਜੀ ਸਾਹਿਬ ਵਿਚ ਧਰਤੀ ਨੂੰ ਇਕ ਧਰਮਸ਼ਾਲ ਅਰਥਾਤ ਸਦਾਚਾਰ ਦਾ ਅਜਿਹਾ ਸਥਾਨ ਕਿਹਾ ਗਿਆ ਹੈ। ਜਿਥੋਂ ਵਿਅਕਤੀ ਨੇ ਸਵੈ ਪੜਚੋਲ, ਸਵੈ ਤਿਆਗ ਅਤੇ ਦੂਜਿਆਂ ਪ੍ਰਤੀ ਜ਼ਿੰਮੇਵਾਰੀ ਦੀ ਪ੍ਰੇਰਨਾ ਪ੍ਰਾਪਤ ਕਰਨੀ ਹੈ।"[98] ਸਤਿਗੁਰ ਨੂੰ ਅਜਿਹੀ ਧਰਤੀ ਕਿਹਾ ਹੈ, ਜਿਥੇ ਸ਼ਰਧਾ ਜਾਂ ਭਾਵਨਾ ਨਾਲ ਜਿਹੋ ਜਿਹਾ ਕੋਈ ਕਰਮਾਂ ਦਾ ਬੀਜ ਬੀਜਦਾ ਹੈ, ਉਸ ਨੂੰ ਉਵੇਂ ਦਾ ਹੀ ਫਲ ਪ੍ਰਾਪਤ ਹੁੰਦਾ ਹੈ। ਜਿਸ ਮਨੁੱਖ ਨੇ ਇਸ ਧਰਤੀ ਵਿਚ ਸ਼ਰਧਾ ਰੂਪੀ ਬੀਜ ਬੀਜਿਆ ਉਸ ਨੂੰ ਅੰਮ੍ਰਿਤ ਫਲ ਪ੍ਰਾਪਤ ਹੋਇਆ ਹੈ:

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 302)

ਬਾਣੀ ਵਿਚ ਮਨੁੱਖੀ ਸਰੀਰ ਨੂੰ ਵੀ ਧਰਤੀ ਕਿਹਾ ਗਿਆ ਹੈ, ਜਿਹੜੀ ਕਿ ਪਰਮਾਤਮਾ ਦੇ ਗੁਣ ਗਾਣ ਨਾਲ ਪਵਿੱਤਰ ਹੋ ਜਾਂਦੀ ਹੈ।[99] ਇਸ ਸਰੀਰ ਰੂਪੀ ਧਰਤੀ ਵਿਚ ਪਰਮਾਤਮਾ ਦਾ ਨਾਮ ਸੰਗਤ ਵਿਚ ਜਾ ਕੇ ਬੀਜਿਆ ਜਾਂਦਾ ਹੈ।

**(4) ਅਗਨੀ**: ਅਗਨੀ ਇਕ ਮਹਤਵਪੂਰਨ ਮੁਢੱਲਾ ਤੱਤ ਹੈ। ਇਸ ਨੂੰ ਕੁਦਰਤ ਵਿਚ ਮੌਜੂਦ ਊਰਜਾ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਅਗਨੀ ਲਈ ਅਗ,[100] ਆਤਸ,[101] ਪਾਵਕ,[102]

---

[96] ਰਾਮ ਸਿੰਘ, 'ਸਿਖ ਧਰਮ ਵਿਚ 'ਬ੍ਰਹਮ' ਦਾ ਸੰਕਲਪ', *ਸਿੱਖ ਫ਼ਲਸਫੇ ਦੀ ਰੂਪ-ਰੇਖਾ*, ਸੰਪਾ. ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975, ਪੰਨਾ 42.

[97] ਆਸਾੜੁ ਭਲਾ ਸੂਰਜੁ ਗਗਨਿ ਤਪੈ।।
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1007.

[98] ਜੋਧ ਸਿੰਘ, *ਸਿੱਖ ਸਿਧਾਤ: ਸਰੂਪ ਤੇ ਸਮਰਥਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991, ਪੰਨਾ 127.

[99] ਧਰਤਿ ਪੁਨੀਤ ਭਈ ਗੁਨ ਗਾਏ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 801.

[100] ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ **ਅਗਿ**।। ਉਹੀ, ਪੰਨਾ 1382.

[101] **ਆਤਸ** ਦੁਨੀਆ ਖੁਨਕ ਨਾਮੁ ਖੁਦਾਇਆ।। ਉਹੀ, ਪੰਨਾ 1291.

[102] ਜਿਉ **ਪਾਵਕੁ** ਈਧਨਿ ਨਹੀ ਧ੍ਰਾਪੈ।। ਉਹੀ, ਪੰਨਾ 280.

ਭਾਹ[103], ਬੈਸੰਤਰ[104] ਅਤੇ ਜੰਗਲ ਦੀ ਅਗਨੀ ਲਈ ਡਉ[105] ਆਦਿ ਸ਼ਬਦ ਵਰਤੇ ਗਏ ਹਨ। ਜੀਵ ਦੇ ਸਰੀਰ ਅੰਦਰ ਵੀ ਅਗਨੀ ਹੁੰਦੀ ਹੈ, ਜਿਸ ਨੂੰ ਅਗਨਾਰਿ[106] ਭਾਵ ਉਦਰ ਜਾਂ ਜਠਰ ਦੀ ਅਗਨੀ ਕਿਹਾ ਗਿਆ ਹੈ। ਗੁਰਬਾਣੀ ਵਿਚ ਬਾਕੀ ਤੱਤਾਂ ਵਾਂਗ ਅਗਨੀ ਦੀ ਮਹੱਤਤਾ ਨੂੰ ਵੀ ਬਿਆਨਿਆ ਗਿਆ ਹੈ ਕਿ ਇਸ ਤੋਂ ਬਿਨਾਂ ਜਗਤ ਦੀ ਉਤਪਤੀ ਅਸੰਭਵ ਹੈ:

ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1345)

ਪਾਣੀ ਵਿਚ ਅਗਨੀ ਦਾ ਤੱਤ ਮਿਲਣ ਨਾਲ ਸ੍ਰਿਸ਼ਟੀ ਦਾ ਅਰੰਭ ਹੋਇਆ। ਇਹਨਾਂ ਦੋਵੇਂ ਤੱਤਾਂ ਅਗਨੀ ਅਤੇ ਪਾਣੀ ਦਾ ਸੁਮੇਲ ਉਤਪਤੀ ਅਤੇ ਉਪਜ ਦਾ ਜ਼ਰੀਆ ਬਣਦਾ ਹੈ।[107] ਕੇ. ਐਸ. ਬੋਸ ਅਨੁਸਾਰ ਬਹੁਤ ਸਾਰੇ ਉਤਪਤੀ ਦੇ ਸਿਧਾਂਤ ਸਵਰਗ ਅਤੇ ਧਰਤੀ ਦੇ ਸੁਮੇਲ ਤੋਂ ਮੁੱਢਲੇ ਮਨੁੱਖ ਅਤੇ ਜਾਨਵਰ ਦੇ ਪੈਦਾ ਹੋਣ ਨੂੰ ਮੰਨਦੇ ਹਨ। ਸਵਰਗ ਵਿਚ ਸੂਰਜ ‘ਗਰਮੀ’ ਅਤੇ ਧਰਤੀ ‘ਗਿੱਲ’ ਦਾ ਖੇਤਰ ਹੈ। ਸਵਰਗ ਨਰ ਅਤੇ ਧਰਤੀ ਮਾਦਾ ਹੈ। ਇਹ ਮੇਲ ਖਾਂਦੇ ਤੱਤ ਸ਼ਿਵ ਅਤੇ ਗੰਗਾ, ਲਿੰਗ ਅਤੇ ਯੋਨੀ, ਸਵਰਗ ਅਤੇ ਧਰਤੀ, ਨਰ ਅਤੇ ਮਾਦਾ ਇਹਨਾਂ ਸਭ ਨੂੰ ਗਤੀਸ਼ੀਲ ਅਗਨੀ ਨਾਲ ਸੰਬੰਧਿਤ ਪਾਣੀ ਦੇ ਪੱਖ ਤੋਂ ਵੇਖਿਆ ਜਾ ਸਕਦਾ ਹੈ। ਇਹ ਦੋਵੇਂ ਦੋ ਜ਼ਰੂਰੀ ਤੱਤਾਂ ਦੀ ਪ੍ਰਤੀਨਿਧਤਾ ਕਰਦੇ ਹੋਏ ਬ੍ਰਹਿਮੰਡ ਦੀਆਂ ਪ੍ਰਕਿਰਿਆਵਾਂ ਨੂੰ ਚਲਾਉਂਦੇ ਅਤੇ ਸਰਵੋਤਮ ਪਰਮਾਤਮਾ ਵਿਚ ਸਮਾਏ ਹੋਏ ਹਨ।[108]

---

103 ਹਰਿ ਸੰਗਿ ਰਾਤੇ **ਭਾਹਿ** ਨ ਜਲੈ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 201.

104 ਕਈ ਕੋਟਿ ਪਵਣ ਪਾਣੀ **ਬੈਸੰਤਰ**।। ਉਹੀ, ਪੰਨਾ 275.

105 ਆਗੈ ਦੇਖਉ **ਡਉ** ਜਲੈ ਪਾਛੈ ਹਰਿਓ ਅੰਗੂਰੁ।। ਉਹੀ, ਪੰਨਾ 20.

106 ਅਨਦੁ ਕਰੈ ਸਾਸਿ ਸਾਸਿ ਸਮ੍ਹਾਰੈ ਨਾ ਪੋਹੈ **ਅਗਨਾਰਿ** ।। ਉਹੀ, ਪੰਨਾ 379.

107 ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ।। ਉਹੀ, ਪੰਨਾ 1036.

108 “In many creation myths, it was from the union of Heaven and earth the original humans and animals emerged, Heaven is the realm of sun and heat, earth is the realm of moist sand. Heaven is male, earth is female”

K.S. Boss, ‘Water, fire and serpents: The structure of mind and the nature of symbols’, *The Journal of Religious Studies*, p. 8.

ਗੁਰਬਾਣੀ ਵਿਚ ਨਿੰਦਾ, ਕਾਮ, ਕ੍ਰੋਧ, ਲੋਭ, ਮੋਹ, ਮਾਇਆ, ਤ੍ਰਿਸ਼ਨਾ ਆਦਿ ਵਿਕਾਰਾਂ ਨੂੰ ਵੀ ਅਗਨੀ ਨਾਲ ਤੁਲਨਾਇਆ ਗਿਆ ਹੈ। ਜਿਸ ਲਈ 'ਬਿਖਾਗਨਿ'[109] ਸ਼ਬਦ ਵਰਤਿਆ ਗਿਆ ਹੈ, ਇਹ ਵਿਕਾਰਾਂ ਦੀ ਅਗ ਜੀਵ ਨੂੰ ਅਤਮਕ ਤੌਰ ਤੇ ਮਾਰ ਦਿੰਦੀ ਹੈ। ਮਨੁੱਖ ਅੰਦਰਲੀਆਂ ਇਹਨਾਂ ਅਗਨੀਆਂ ਨੂੰ ਪਰਮਾਤਮਾ ਦਾ ਨਾਮ ਰੂਪੀ ਜਲ ਪਾਉਣ ਨਾਲ ਸ਼ਾਂਤ ਕੀਤਾ ਜਾ ਸਕਦਾ ਹੈ:

ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 21-22)

ਬਾਣੀ ਵਿਚ 'ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ'[110] ਕਹਿ ਕੇ ਇਹ ਸਭ ਤੱਤ ਪਰਮਾਤਮਾ ਦਾ ਹੀ ਰੂਪ ਦਸੇ ਹਨ।

**(5) ਅਕਾਸ਼**: ਖ਼ਾਲੀ ਸਥਾਨ ਵਾਲੇ ਪੁਲਾੜ ਲਈ ਅਕਾਸ਼ ਸ਼ਬਦ ਵਰਤਿਆ ਜਾਂਦਾ ਹੈ। ਜਿਹੜਾ ਕਿ ਸਮਾਂ, ਧੁਨੀ ਅਤੇ ਈਥਰ ਦਾ ਸੁਮੇਲ ਹੈ। ਗੁਰਬਾਣੀ ਵਿਚ ਇਸ ਲਈ ਗਗਨ,[111] ਅਕਾਸ਼[112], ਅਸਮਾਨ[113], ਅੰਬਰ[114], ਵਿਉਮ[115], ਗੈਣ[116] ਆਦਿ ਸ਼ਬਦ ਆਏ ਹਨ। ਧਰਤੀ ਅਤੇ ਅਕਾਸ਼ ਵਿਚਕਾਰਲੀ ਥਾਂ ਨੂੰ 'ਮਹੀਅਲ'[117] ਕਿਹਾ ਗਿਆ ਹੈ। ਜਿਸ ਦੇ ਅੱਖਰੀ ਅਰਥ 'ਮਧਯ' ਜਾਂ 'ਵਿਚਕਾਰ' ਕੀਤੇ ਜਾਂਦੇ ਹਨ।[118] ਅਕਾਸ਼ ਨਾਲ ਸੰਬੰਧਿਤ ਚੰਦ, ਸੂਰਜ, ਤਾਰੇ, ਤਾਰਿਕਾ ਮੰਡਲ, ਅੰਬਰ, ਖੰਡ, ਮੰਡਲ, ਬਿਜਲੀ, ਬਦਲ, ਮੀਂਹ ਆਦਿ ਸ਼ਬਦ ਵੀ ਬਾਣੀ ਵਿਚ ਵਰਤੇ ਗਏ ਹਨ।

---

109 ਗੁਰਿ ਕਹਿਆ ਏਹ ਰਸਹਿ **ਬਿਖਾਗਨਿ**।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1347.

110 ਉਹੀ, ਪੰਨਾ 1020.

111 ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ **ਗਗਨਾ** ਗਾਵਏ।। ਉਹੀ, ਪੰਨਾ 456.

112 ਆਨੀਲੇ ਕਾਗਦੁ ਕਾਟੀਲੇ ਗੂਡੀ **ਆਕਾਸ** ਮਧੇ ਭਰਮੀਅਲੇ।। ਉਹੀ, ਪੰਨਾ 972.

113 ਜਿਮੀ ਪੁਛੈ **ਅਸਮਾਨ** ਫਰੀਦਾ ਖੇਵਟ ਕਿੰਨਿ ਗਏ।। ਉਹੀ, ਪੰਨਾ 488.

114 ਓਇ ਜੁ ਦੀਸਹਿ **ਅੰਬਰਿ** ਤਾਰੇ।। ਉਹੀ, ਪੰਨਾ 329.

115 ਜਿਸਹਿ ਧਾਰ੍ਯਿਉ ਧਰਤਿ ਅਰੁ **ਵਿਉਮੁ** ਅਰੁ ਪਵਣੁ ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ।। ਉਹੀ, ਪੰਨਾ 1399.

116 ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ **ਗੈਣ**।। ਉਹੀ, ਪੰਨਾ 136.

117 ਜਲਿ ਥਲਿ **ਮਹੀਅਲਿ** ਰਵਿ ਰਹਿਆ ਸਾਚੜਾ ਸਿਰਜਣਹਾਰੋ।। ਉਹੀ, ਪੰਨਾ 579.

118 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 810.

ਅਨੇਕ ਧਰਤੀਆਂ ਵਾਂਗ ਅਣਗਿਣਤ ਅਕਾਸ਼ ਹਨ, ਜਿਹਨਾਂ ਵਿਚ ਅਣਗਿਣਤ ਮੰਡਲ ਬਣਾਏ ਹਨ। ਪਰਮਾਤਮਾ ਨੇ ਧਰਤੀ ਤੋਂ ਅਕਾਸ਼ ਨੂੰ ਵਿਛੋੜ ਕੇ ਵਿਚਕਾਰ ਬਦਲਾਂ ਦੀ ਚਾਨਣੀ ਤਾਣ ਦਿਤੀ ਹੈ। ਗੁਰਬਾਣੀ ਵਿਚ ਬੱਦਲਾਂ ਦੀ ਸੰਖਿਆ ਛਿਆਨਵੇਂ ਕਰੋੜ ਦਸੀ ਗਈ ਹੈ:

ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1292)

ਪਰਮਾਤਮਾ ਨੇ ਅਕਾਸ਼ ਨੂੰ ਬਿਨਾਂ ਥੰਮ੍ਹਾਂ ਤੋਂ ਹੁਕਮ ਰਾਹੀਂ ਬੰਨ੍ਹ ਕੇ ਰੱਖਿਆ ਹੋਇਆ ਹੈ। ਅਕਾਸ਼ ਵਿਚ ਚੰਦ ਤੇ ਸੂਰਜ ਅਜਿਹੇ ਸਰੋਤ ਹਨ, ਜਿਹਨਾਂ ਦੇ ਰਾਹੀਂ ਦਿਨ ਅਤੇ ਰਾਤ ਬਣਦੇ ਹਨ। ਅਜਿਹਾ ਹੋਣਾ ਪਰਮਾਤਮਾ ਦਾ ਅਸਚਰਜ ਚੋਜ ਹੈ। ਧਰਤੀ ਵਾਂਗ ਅਕਾਸ਼ ਵੀ ਜੀਵਾਂ ਦੇ ਰਹਿਣ ਲਈ ਬਣਾਇਆ ਗਿਆ ਹੈ:

ਧਰਤਿ ਅਕਾਸੁ ਕੀਏ ਬੈਸਣ ਕਉ ਥਾਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 839)

ਬਾਣੀ ਵਿਚ ਦਸਿਆ ਹੈ ਕਿ 'ਚੰਦਰਮਾ' ਸੂਰਜ ਤੋਂ ਰੋਸ਼ਨੀ ਲੈ ਕੇ ਚਾਨਣ ਕਰਦਾ ਹੈ।[119] 1564 ਈ. ਵਿਚ ਗਲੈਲਿਉ ਨਾਂ ਦੇ ਵਿਗਿਆਨੀ ਨੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਨਾਲ ਸਾਂਝ ਪਾਉਂਦਿਆਂ ਚੰਦ ਨੂੰ ਪ੍ਰਕਾਸ਼ਹੀਣ ਅਤੇ ਠੰਢਾ ਕਿਹਾ ਹੈ ਜੋ ਸੂਰਜ ਦੀ ਰੋਸ਼ਨੀ ਪੈਣ ਤੇ ਪ੍ਰਕਾਸ਼ ਕਰਦਾ ਹੈ। ਗੁਰਬਾਣੀ ਵਿਚ ਪਰਮਾਤਮਾ ਦੇ ਦੈਵੀ ਪ੍ਰਕਾਸ਼ ਦੀ ਰੋਸ਼ਨੀ ਦਾ ਵੀ ਜ਼ਿਕਰ ਹੈ। ਚਮਕਦੇ ਤਾਰੇ, ਸੂਰਜ, ਅਕਾਸ਼ੀ ਬਿਜਲੀ ਆਦਿ ਇਸ ਪ੍ਰਕਾਸ਼ ਦੀ ਲਿਸ਼ਕੋਰ ਦਾ ਮੁਕਾਬਲਾ ਨਹੀਂ ਕਰ ਸਕਦੇ:

ਝਿਲਮਿਲ ਝਿਲਕੈ ਚੰਦੁ ਨ ਤਾਰਾ।।
ਸੂਰਜ ਕਿਰਣਿ ਨ ਬਿਜੁਲਿ ਗੈਣਾਰਾ।।
ਅਕਥੀ ਕਥਉ ਚਿਹਨੁ ਨਹੀਂ ਕੋਈ ਪੂਰਿ ਰਹਿਆ ਮਨਿ ਭਾਇਦਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1033)

---

[119] ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1033.

ਗੁਰੂ ਨਾਨਕ ਦੇਵ ਜੀ ਅਕਾਸ਼ ਨੂੰ ਪਰਮਾਤਮਾ ਦੀ ਆਰਤੀ ਲਈ ਸ਼ਿੰਗਾਰੇ ਗਏ ਥਾਲ਼ ਨਾਲ ਤੁਲਨਾਉਂਦੇ ਹਨ। ਅਕਾਸ਼ ਵਿਚਲੇ ਤਾਰਿਕਾ ਮੰਡਲ ਨੂੰ ਆਰਤੀ ਦਾ ਥਾਲ ਅਤੇ ਤਾਰਿਆਂ ਨੂੰ ਇਸ ਥਾਲ਼ ਵਿਚ ਪਏ ਕੀਮਤੀ ਮੋਤੀ ਦੱਸਿਆ ਹੈ। ਇਸ ਥਾਲ਼ ਵਿਚ 'ਚੰਦ' ਅਤੇ 'ਸੂਰਜ' ਦੋ ਦੀਵੇ ਰੱਖੇ ਹੋਏ ਹਨ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 13)

**2. ਸਮਾਂ**:

ਸਮੇਂ ਲਈ ਕਾਲ ਸ਼ਬਦ ਵਰਤਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕਾਲ ਦੇ ਅਰਥ ਸਮਾਂ, ਵੇਲਾ, ਮੌਤ, ਯਮ, ਦੁਰਭਿਖ, ਦੁਕਾਲ, ਮਹਾਂਕਾਲ, ਕਾਲਸ ਦਾ ਸੰਖੇਪ, ਕਾਲਾ, ਸਿਆਹੀ, ਸਿਆਹ, ਜਨਮ ਸਮਾਂ, ਕੱਲ੍ਹ ਆਉਣ ਵਾਲਾ ਦਿਨ, ਲੋਹਾ, ਛਨੀ, ਗ੍ਰਹਿ ਜਾਂ ਛਨਿਛਰ, ਸ਼ਿਵ, ਕੋਇਲ, ਕੋਕਿਲਾ ਆਦਿ ਹਨ।[120] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੇਂ ਨਾਲ ਸੰਬੰਧਿਤ ਵਿਸੂਏ, ਚਸਿਆਂ, ਘੜੀਆਂ, ਪਹਰਾਂ, ਥਿਤਾਂ, ਵਾਰਾਂ, ਮਹੀਨਿਆਂ, ਰੁੱਤਾਂ ਅਤੇ ਦਿਨ-ਰਾਤ ਆਦਿ ਦਾ ਵਰਣਨ ਪ੍ਰਾਪਤ ਹੁੰਦਾ ਹੈ:

ਵਿਸੂਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ।।

ਸੂਰਜੁ ਏਕੋ ਰੁਤਿ ਅਨੇਕ।। ਨਾਨਕ ਕਰਤੇ ਕੇ ਕੇਤੇ ਵੇਸ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 12-13)

ਇਹ ਸਭ ਸਮੇਂ ਦੀਆਂ ਇਕਾਈਆਂ ਹਨ। ਡਾ. ਤਾਰਨ ਸਿੰਘ ਅਨੁਸਾਰ,"ਅੱਖ ਦੇ ਪੰਦਰਾਂ ਫੋਰਾਂ ਦਾ ਇਕ ਵਿਸਾ ਹੁੰਦਾ ਹੈ। 15 ਵਿਸਿਆਂ ਦਾ ਇਕ ਚਸਾ ਹੁੰਦਾ ਹੈ, 30 ਚਸਿਆਂ ਦਾ ਇਕ ਪਲ ਹੁੰਦਾ ਹੈ, 60 ਪਲਾਂ ਦੀ ਇਕ ਘੜੀ ਹੁੰਦੀ ਹੈ, ਸਾਢੇ ਸਤ ਘੜੀਆਂ ਦਾ ਇਕ ਪਹਿਰ ਹੁੰਦਾ ਹੈ, ਅਠ ਪਹਿਰਾਂ ਦਾ ਇਕ ਵਾਰ ਬਣਦਾ ਹੈ ਅਤੇ ਇਸੇ ਤਰ੍ਹਾਂ 15 ਥਿਤਾਂ, 7 ਵਾਰ, 12 ਮਹੀਨੇ, 6 ਰੁਤਾਂ, ਬੇਅੰਤ ਸਾਲ ਸਦੀਆਂ ਦੇ ਯੁਗ ਬਣਦੇ ਲੰਘਦੇ ਆ ਰਹੇ ਹਨ।"[121]

ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਰਾਗ ਵਿਚ ਰਚਿਤ 'ਪਹਿਰ' ਬਾਣੀ ਵੀ ਸਮੇਂ ਨਾਮ ਸੰਬੰਧਿਤ ਹੈ। ਇਸ ਬਾਣੀ ਵਿਚ ਮਨੁੱਖ ਦਾ

---

[120] ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 282.

[121] ਤਾਰਨ ਸਿੰਘ, *ਬਾਰਹਮਾਹ ਦਰਪਣ,* ਨਿਊ ਬੁੱਕ ਕੰਪਨੀ, ਜਲੰਧਰ, ਸੰਸਕਰਨ-ਦੂਜਾ, 2002, ਪੰਨਾ 3.

ਮਾਤਾ ਦੇ ਉਦਰ ਵਿਚ ਪ੍ਰਵੇਸ਼ ਕਰਨ ਤੋਂ ਲੈ ਕੇ ਮੌਤ ਤਕ ਦੇ ਸਮੇਂ ਨੂੰ ਰਾਤ ਦੇ ਚਾਰ ਪਹਿਰਾਂ ਵਿਚ ਵੰਡਿਆ ਗਿਆ ਹੈ।

**ਦਿਨ ਰਾਤ**: ਬਿਲਾਵਲੁ ਰਾਗ ਵਿਚ ਗੁਰੂ ਅਮਰਦਾਸ ਜੀ ਨੇ 'ਵਾਰ ਸਤ'[122] ਅਤੇ ਮਾਝ ਰਾਗ ਵਿਚ ਗੁਰੂ ਅਰਜਨ ਦੇਵ ਨੇ 'ਦਿਨ ਰੈਣਿ'[123] ਸਿਰਲੇਖ ਅਧੀਨ ਰਚੀ ਬਾਣੀ ਰਾਹੀਂ ਦਿਨ-ਰਾਤ ਵਿਚ ਕੀਤੇ ਜਾਣ ਵਾਲੇ ਕੰਮਾਂ ਨੂੰ ਦ੍ਰਿੜ੍ਹ ਕਰਵਾਇਆ ਹੈ। ਭਗਤ ਕਬੀਰ ਜੀ ਨੇ ਵੀ ਗਉੜੀ ਰਾਗ ਵਿਚ 'ਵਾਰੁ'[124] ਸਿਰਲੇਖ ਅਧੀਨ ਦਿਨਾਂ ਦਾ ਜ਼ਿਕਰ ਕੀਤਾ ਹੈ। ਦਿਨਾਂ ਨਾਲ ਸੰਬੰਧਿਤ ਇਹ ਬਾਣੀਆਂ ਐਤ, ਸੋਮ ਆਦਿ ਸੱਤਾਂ ਦਿਨਾਂ ਦੇ ਨਾਮ ਅਧਾਰਿਤ ਲਿਖੀਆਂ ਹੋਈਆਂ ਹਨ। ਗੁਰੂ ਅਰਜਨ ਦੇਵ ਜੀ 'ਦਿਨ ਰੈਣਿ' ਬਾਣੀ ਰਾਹੀਂ ਦਿਨ-ਰਾਤ ਵਿਚ ਮਨੁੱਖ ਵਲੋਂ ਕੀਤੇ ਜਾਣ ਵਾਲੇ ਕੰਮਾਂ ਵਿਚੋਂ ਸ਼ੁਭ ਕਰਮ/ਨੈਤਿਕ ਕਰਮ ਅਤੇ ਪਰਮਾਤਮਾ ਦਾ ਨਾਮ ਜਪਣ ਨੂੰ ਸ੍ਰੇਸ਼ਠ ਕੰਮ ਦਸਦੇ ਹਨ। ਜਿਹੜਾ ਵਿਅਕਤੀ ਦਿਨ-ਰਾਤ ਪਰਮਾਤਮਾ ਨੂੰ ਸੇਵਦਾ ਹੈ ਉਸ ਤੋਂ ਬਲਿਹਾਰ ਜਾਂਦੇ ਹਨ। ਮਨੁੱਖੀ ਜੀਵਨ ਦੇ ਸਮੇਂ ਵਿਚ ਉਹੀ ਵੇਲਾ, ਘੜੀ ਸਫਲ ਹੈ, ਜਦੋਂ ਪਰਮਾਤਮਾ ਯਾਦ ਆਉਂਦਾ ਹੈ।[125]

**ਲੋਕ ਭਾਸ਼ਾ ਅਤੇ ਗੁਰਬਾਣੀ ਵਿਚ ਪ੍ਰਾਪਤ ਦਿਨਾਂ ਦਾ ਜ਼ਿਕਰ:**

| **ਲੋਕ ਭਾਸ਼ਾ ਵਿਚ** | **ਗੁਰੂ ਅਮਰਦਾਸ ਜੀ** | **ਭਗਤ ਕਬੀਰ ਜੀ** |
|---|---|---|
| ਐਤਵਾਰ | ਆਦਿਤਵਾਰ | ਆਦਿਤ |
| ਸੋਮਵਾਰ | ਸੋਮਵਾਰਿ | ਸੋਮਵਾਰਿ |
| ਮੰਗਲਵਾਰ | ਮੰਗਲਵਾਰ | ਮੰਗਲਵਾਰੇ |
| ਬੁੱਧਵਾਰ | ਬੁਧਵਾਰਿ | ਬੁਧਵਾਰਿ |
| ਵੀਰਵਾਰ | ਵੀਰਵਾਰਿ | ਬ੍ਰਿਹਸਪਤਿ |
| ਸ਼ੁਕਰਵਾਰ | ਸੁਕ੍ਰਵਾਰ | ਸੁਕ੍ਰਿਤ |
| ਸ਼ਨੀਵਾਰ | ਛਨਿਛਰਵਾਰ | ਥਾਵਰ |

122 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 841.

123 ਉਹੀ, ਪੰਨਾ 136.

124 ਉਹੀ, ਪੰਨਾ 344.

125 ਸਾ ਵੇਲਾ ਸਾ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ।। ਉਹੀ, ਪੰਨਾ 540 .

**ਥਿਤਾਂ**: ਸੂਰਜ ਅਤੇ ਚੰਦ ਦੋਹਾਂ ਦੀ ਚਾਲ ਅਨੁਸਾਰ ਸਾਲ ਵਿਚਲੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਕੀਤੀ ਜਾਂਦੀ ਹੈ। ਸੂਰਜ ਦੀ ਚਾਲ ਅਨੁਸਾਰ ਵੰਡੇ ਦਿਨਾਂ ਨੂੰ 'ਸੰਗ੍ਰਾਂਦੀ' ਕਿਹਾ ਜਾਂਦਾ ਹੈ ਅਤੇ ਚੰਦ ਦੀ ਚਾਲ ਅਨੁਸਾਰ ਵੰਡੇ ਦਿਨਾਂ ਨੂੰ 'ਤਿਥਿ' ਕਿਹਾ ਜਾਂਦਾ ਹੈ। ਜਿਹਨਾਂ ਨੂੰ ਅਗੇ ਦੋ ਪੱਖਾਂ ਹਨੇਰਾ ਅਤੇ ਚਾਨਣ ਵਿਚ ਵੰਡਿਆ ਗਿਆ ਹੈ:

(**ੳ**) **ਹਨੇਰਾ ਪੱਖ**: ਹਨੇਰ ਪੱਖ ਨੂੰ 'ਕ੍ਰਿਸ਼ਨ ਪੱਖ' ਆਖਿਆ ਜਾਂਦਾ ਹੈ, ਜਿਸ ਲਈ ਬਦੀ ਸ਼ਬਦ ਵਰਤਿਆ ਜਾਂਦਾ ਹੈ। ਇਸ ਪੱਖ ਦੇ ਪੰਦਰਵੇਂ ਦਿਨ ਨੂੰ 'ਮੱਸਿਆ' ਕਿਹਾ ਜਾਂਦਾ ਹੈ। ਇਸ ਦਿਨ ਚੰਦ ਨਜ਼ਰ ਨਹੀਂ ਆਉਂਦਾ ਅਤੇ ਘੁੱਪ ਹਨੇਰਾ ਹੁੰਦਾ ਹੈ।

(**ਅ**) **ਚਾਨਣ ਪੱਖ**: ਚਾਨਣ ਪੱਖ ਨੂੰ 'ਸ਼ੁਕਲ ਪੱਖ' ਆਖਿਆ ਜਾਂਦਾ ਹੈ, ਜਿਸ ਲਈ 'ਸੁਦੀ' ਸ਼ਬਦ ਵਰਤਿਆ ਜਾਂਦਾ ਹੈ। ਇਸ ਦੇ ਪੱਖ ਦੇ ਪੰਦਰਵੇਂ ਦਿਨ ਨੂੰ ਪੁੰਨਿਆ ਜਾਂ ਪੂਰਨਮਾਸ਼ੀ ਕਿਹਾ ਜਾਂਦਾ ਹੈ। ਇਸ ਦਿਨ ਚੰਦ ਪੂਰਾ ਨਜ਼ਰ ਆਉਣ ਕਾਰਨ ਚਾਨਣ ਹੁੰਦਾ ਹੈ।

ਮੱਸਿਆ ਅਤੇ ਪੁੰਨਿਆ ਵਾਲੇ ਦਿਨਾਂ ਨੂੰ ਛੱਡ ਕੇ ਬਾਕੀ ਦਿਨਾਂ ਨੂੰ 14-14 ਦਿਨਾਂ ਵਿਚ ਵੰਡਿਆ ਗਿਆ ਹੈ। ਥਿਤਿ ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਦਾ ਸ਼ਬਦ 'ਸਥਾ' ਹੈ। ਡਾ. ਨਵਰਤਨ ਸਿੰਘ ਕਪੂਰ ਇਸ ਸ਼ਬਦ ਦੇ ਕਈ ਗੁਝੇ ਭੇਦ ਦਸਦੇ ਹਨ ਕਿ ਇਸ ਦੇ ਅਗੇਤਰ ਜਾਂ ਪਿਛੇਤਰ ਜੋੜ ਕੇ ਕਈ ਸ਼ਬਦ ਬਣਦੇ ਹਨ ਜਿਵੇਂ: ਸਥਿਤੀ (ਹਾਲਾਤ); ਸਥਾਨ (ਜਗ੍ਹਾ, ਥਾਂ); ਸਥਿਤ (ਟਿਕਾਉ) ਆਦਿ।[126] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਿਤੀ ਸਿਰਲੇਖ ਅਧੀਨ ਤਿੰਨ ਬਾਣੀਆਂ ਦਰਜ਼ ਹਨ:

**(1) ਗੁਰੂ ਨਾਨਕ ਦੇਵ ਜੀ ਦੀ ਰਚਨਾ**: ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ[127]

**(2) ਗੁਰੂ ਅਰਜਨ ਦੇਵ ਜੀ ਦੀ ਰਚਨਾ**: ਥਿਤੀ ਗਉੜੀ ਮਹਲਾ ੫[128]

---

[126] ਨਵਰਤਨ ਕਪੂਰ, ' 'ਥਿੱਤੀ' (ਗਉੜੀ ਮਹਲਾ ੫) ਦਾ ਅਧਿਆਤਮਕ ਸੰਦੇਸ਼ ', *ਨਾਨਕ ਪ੍ਰਕਾਸ਼ ਪਤ੍ਰਿਕਾ*, ਸੰਪਾ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1986, ਪੰਨਾ 53.

[127] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 838.

[128] ਉਹੀ, ਪੰਨਾ 296.

**(3) ਭਗਤ ਕਬੀਰ ਜੀ ਦੀ ਰਚਨਾ:** ਰਾਗੁ ਗਉੜੀ ਥਿੰਤੀ ਕਬੀਰ ਜੀ ਕੀਂ[129]

**ਲੋਕ ਭਾਸ਼ਾ ਅਤੇ ਗੁਰਬਾਣੀ ਵਿਚ ਪ੍ਰਾਪਤ ਥਿਤਾਂ ਦਾ ਜ਼ਿਕਰ:**

| **ਲੋਕ ਭਾਸ਼ਾ** | **ਗੁਰੂ ਨਾਨਕ ਦੇਵ ਜੀ** | **ਗੁਰੂ ਅਰਜਨ ਦੇਵ ਜੀ** | **ਭਗਤ ਕਬੀਰ ਜੀ** |
|---|---|---|---|
| ਏਕਮ (ਪਹਿਲਾ ਪ੍ਰਵੇਸਟਾ) | ਏਕਮ | ਏਕਮ | ਪਰਿਵਾ |
| ਦੂਜ | ਦੂਜ | ਦੁਤੀਆ | ਦੁਤੀਆ |
| ਤੀਜ | ਤ੍ਰਿਤੀਆ | ਤ੍ਰਿਤੀਆ | ਤ੍ਰਿਤੀਆ |
| ਚੌਥ | ਚਉਥਿ | ਚਤੁਰਥਿ | ਚਉਥਹਿ |
| ਪੰਚਮੀ | ਪੰਚਮੀ | ਪੰਚਮਿ | ਪਾਂਚੈ |
| ਛਠ | ਖਸਟੀ | ਖਸਟਮਿ | ਛਠਿ |
| ਸਤੋ | ਸਪਤਮੀ | ਸਪਤਮਿ | ਸਾਤੈਂ |
| ਅਠੋਂ | ਅਸਟਮੀ | ਅਸਟਮੀ | ਅਸਟਮੀ |
| ਨੌਮੀ | ਨਉਮੀ | ਨਉਮੀ | ਨਉਮੀ |
| ਦਸਮੀਂ | ਦਸਮੀ | ਦਸਮੀ | ਦਸਮੀਂ |
| ਏਕਾਦਸੀ | ਏਕਾਦਸੀ | ਏਕਾਦਸੀ | ਏਕਾਦਸੀ |
| ਦੁਆਦਸੀ | ਦੁਆਦਸਿ | ਦੁਆਦਸੀ | ਬਾਰਸਿ |
| ਤੇਰਸਿ | ਤੇਰਸਿ | ਤ੍ਰਉਦਸੀ | ਤੇਰਸਿ |
| ਚੌਦਸ | ਚਉਦਸਿ | ਚਉਦਹਿ | ਚਉਦਸਿ |
| ਮੱਸਿਆ ਜਾਂ ਮੌਸ | ਅਮਾਵਸਿਆ | ਅਮਾਵਸਿ | ਅੰਮਾਵਸਿ |
| ਪੁੰਨਿਆ | ਸਸੀਅਰ | ਪੂਰਨਮਾ | ਪੂਨਿਉ |

ਇਹਨਾਂ ਰਚਨਾਵਾਂ ਵਿਚ ਬਾਣੀਕਾਰਾਂ ਨੇ ਮੱਸਿਆ ਅਤੇ ਪੁੰਨਿਆ ਦੇ ਨਾਲ 14-14 ਥਿਤਾਂ ਦਾ ਵਰਣਨ ਕੀਤਾ ਹੈ। ਗੁਰਬਾਣੀ ਵਿਚ ਹਰ ਤਿੱਥ/ਦਿਹਾੜੇ ਰਾਹੀਂ ਸਮੇਂ ਦੇ ਸ਼ੁਭ ਜਾਂ ਅਸ਼ੁਭ ਹੋਣ ਨੂੰ

---

[129] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.

ਨਕਾਰ ਕੇ ਹਰ ਵਕਤ ਪਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਦਿਤਾ ਹੈ।

**ਰੁੱਤਾਂ**: ਰੁੱਤਾਂ ਨਾਲ ਸੰਬੰਧਿਤ ਗੁਰੂ ਅਰਜਨ ਦੇਵ ਜੀ ਦੁਆਰਾ ਰਾਮਕਲੀ ਰਾਗ ਵਿਚ ਰਚਿਤ 'ਰਾਮਕਲੀ ਮਹਲਾ ੫ ਰੁਤੀ ਸਲੋਕ'[130] ਬਾਣੀ ਅਤੇ ਦੋ ਬਾਰਾਂਮਾਹੇ ਮਿਲਦੇ ਹਨ। ਤੁਖਾਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਬਾਰਹਾ ਮਾਹ ਤੁਖਾਰੀ'[131] ਅਤੇ ਮਾਝ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਬਾਰਹਾ ਮਾਹ ਮਾਂਝ'[132] ਹੈ। ਇਹਨਾਂ ਸਾਰੀਆਂ ਬਾਣੀਆਂ ਵਿਚ ਪੰਜਾਬ ਦੀਆਂ ਛੇ ਰੁੱਤਾਂ ਵਿਚ ਬਦਲਦੇ ਮੌਸਮ ਦਾ ਮਨੁੱਖੀ ਮਨ ਉਤੇ ਪੈਂਦਾ ਪ੍ਰਭਾਵ ਦਰਸਾਇਆ ਗਿਆ ਹੈ। ਜਿਹੜਾ ਕਿ ਪ੍ਰਭੂ ਦੀ ਭਗਤੀ ਕਰਨ ਵਾਲੇ ਨੂੰ ਪੋਹ ਨਹੀਂ ਸਕਦਾ।

ਸਾਲ ਦੀਆਂ ਛੇ ਰੁੱਤਾਂ ਵਿਚ ਹਰੇਕ ਰੁੱਤ ਦੋ ਮਹੀਨੇ ਦੀ ਹੁੰਦੀ ਹੈ। ਡਾ. ਮਨਮੋਹਨ ਸਹਿਗਲ ਨੇ ਗੁਰਬਾਣੀ ਵਿਚ ਰੁੱਤਾਂ ਨਾਲ ਸੰਬੰਧਿਤ ਅਧਿਆਤਮਕ ਸੰਦੇਸ਼ ਨੂੰ ਇਸ ਤਰ੍ਹਾਂ ਬਿਆਨਿਆ ਹੈ[133]:

| **ਮਹੀਨੇ** | **ਰੁੱਤ** | **ਰੁੱਤ ਮੁਤਾਬਿਕ ਵਾਯੂ-ਮੰਡਲ** | **ਅਧਿਆਤਮਕ ਵਾਤਾਵਰਨ ਸੰਬੰਧੀ ਹਦਾਇਤ** |
|---|---|---|---|
| ਜੇਠ, ਹਾੜ | ਗਰਮੀ | ਧੁੱਪ, ਗਰਮੀ | ਆਤਮਾ ਦਾ ਪ੍ਰਭੂ ਰੂਪੀ ਪਤੀ ਤੋਂ ਵਿਛੜਨਾ, ਵਿਯੋਗ ਅਤੇ ਅਣਗਹਿਲੀ ਭਰੀ ਹਾਲਤ। |
| ਸਾਵਣ, ਭਾਦੋਂ | ਵਰਖਾ | ਅਨੰਦ (ਸਹੇਲੀਆਂ ਨਾਲ ਝੂਟੇ) | ਪ੍ਰਭੂ-ਬਖਸ਼ਸ਼ ਦਾ ਹੋਣਾ, ਫੁੱਲਾਂ ਵਿਚੋਂ ਰਸ ਦੀ ਪ੍ਰਾਪਤੀ। |
| ਅਸੂ, ਕਤਕ | ਸਰਦੀ | ਪ੍ਰਕਿਰਤੀ ਦੀ ਸਜ ਧਜ ਧਰਤੀ ਦੀ ਤ੍ਰਿਪਤੀ | ਪ੍ਰਭੂ ਰੂਪੀ ਪਤੀ ਦੀ ਗੈਰ ਹਾਜ਼ਰੀ ਵਿਚ ਦੁੱਖ, ਸ਼ਿੰਗਾਰ ਵਲੋਂ ਬੇਮੁਖਤਾ ਆਦਿ। |

130 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 927.

131 ਉਹੀ, ਪੰਨਾ 1107.

132 ਉਹੀ, ਪੰਨਾ 133.

133 ਮਨਮੋਹਨ ਸਹਿਗਲ, *ਸ੍ਰੀ ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ*, ਭਾਸ਼ਾ ਵਿਭਾਗ, ਪਟਿਆਲਾ, 1987, ਪੰਨੇ 777-78.

| **ਮਹੀਨੇ** | **ਰੁੱਤ** | **ਰੁੱਤ ਮੁਤਾਬਿਕ ਵਾਯੂ-ਮੰਡਲ** | **ਅਧਿਆਤਮਕ ਵਾਤਾਵਰਨ ਸੰਬੰਧੀ ਹਦਾਇਤ** |
|---|---|---|---|
| ਮਘਰ, ਪੋਹ | ਕਕਰ | ਬਹੁਤ ਜ਼ਿਆਦਾ ਠੰਢ | ਪ੍ਰਭੂ ਪਤੀ ਦੀ ਮਿਲਣ ਸੀਤਲਤਾ, ਵਿਯੋਗ ਅਗ ਦਾ ਅੰਤ। |
| ਮਾਘ, ਫਗਣ | ਹਿਮਕਰ | ਹਰਿਆਲੀ ਦੀ ਸ਼ੋਭਾ ਠੰਢੀ ਹਵਾ | ਪ੍ਰਭੂ ਰੂਪੀ ਪਤੀ ਨਾਲ ਆਤਮਾ ਰੂਪੀ ਵਹੁਟੀ ਦਾ ਵਿਆਹ, ਸਹੇਲੀਆਂ ਦਾ ਗੀਤ ਗਾਉਣਾ, ਆਤਮਾ ਦੀ ਇੱਛਾ-ਪੂਰਤੀ, ਸੁੰਦਰ ਸੇਜ ਲਾੜੇ ਨਾਲ ਮਿਲਾਪ। |
| ਚੇਤ, ਵਿਸਾਖ | ਬਸੰਤ | ਸੁਖ ਦੇਣ ਵਾਲੀ | ਪੂਰਨ ਮਿਲਾਪ ਤਨ, ਮਨ, ਸਾਹ, ਪ੍ਰਫੁਲਤਾ, ਏਕਤਾ। |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿਚੋਂ ਬਹੁਤੇ ਰਾਗ ਰੁੱਤਾਂ ਦੇ ਅਨੁਸਾਰ ਗਾਏ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ 'ਰੁਤੀਂ' ਸਿਰਲੇਖ ਅਧੀਨ ਬਾਣੀ ਨੂੰ ਉਚਾਰਿਆ ਹੈ। ਜਿਸ ਵਿਚ ਦੱਸਿਆ ਹੈ ਕਿ ਉਹ ਰੁੱਤ, ਮਹੀਨਾ, ਮਹੂਰਤ, ਘੜੀ, ਪਲ ਸਭ ਚੰਗਾ ਹੈ ਜਦੋਂ ਪਰਮਾਤਮਾ ਦੀ ਭਗਤੀ ਕੀਤੀ ਜਾਵੇ:

ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 927)

ਸਮੇਂ ਨਾਲ ਸੰਬੰਧਿਤ ਸਾਰੀਆਂ ਰਚਨਾਵਾਂ ਵਿਚ ਪਰਮਾਤਮਾ ਦੇ ਸਿਮਰਨ ਵਿਚ ਲਗ ਕੇ ਜੀਵਨ ਬਸਰ ਕਰਨ ਦਾ ਉਪਦੇਸ਼ ਹੈ।

**3. ਜੀਵ ਜੰਤੂ:**

ਧਰਤੀ ਉਪਰਲੀਆਂ ਸਜੀਵ ਵਸਤਾਂ ਨੂੰ ਦੋ ਭਾਗਾਂ ਜੀਵ ਜੰਤੂ ਅਤੇ ਬਨਸਪਤੀ ਵਿਚ ਵੰਡਿਆ ਹੋਇਆ ਹੈ। ਗੁਰਬਾਣੀ ਅਨੁਸਾਰ ਇਹਨਾਂ ਸਭ ਦਾ ਜੀਵਨ ਅਨੇਕ ਖਾਣੀਆਂ ਰਾਹੀਂ ਪੈਦਾ ਹੁੰਦਾ ਹੈ ਪਰ ਚਾਰ ਢੰਗਾਂ ਜਾਂ ਖਾਣੀਆਂ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਦਾ ਜ਼ਿਕਰ ਵਧੇਰੇ

ਆਇਆ ਹੈ। ਇਹਨਾਂ ਖਾਣੀਆਂ ਰਾਹੀਂ ਉਪਜੇ ਜੀਵਾਂ ਨੂੰ ਚੁਰਾਸੀ ਲਖ ਜੂਨ ਕਿਹਾ ਗਿਆ ਹੈ।[134] ਪਹਿਲੀਆਂ ਤਿੰਨ ਖਾਣੀਆਂ ਦਾ ਸੰਬੰਧ ਜੀਵ-ਜੰਤੂਆਂ ਨਾਲ ਹੈ। ਜਿਹਨਾਂ ਵਿਚ ਲੱਤਾਂ ਨਾਲ ਤੁਰਨ ਵਾਲੇ, ਰੀਂਗਣ ਵਾਲੇ, ਉਡਣ ਵਾਲੇ ਆਦਿ ਜਲੀ-ਥਲੀ ਸਭ ਜੀਵ ਆ ਜਾਂਦੇ ਹਨ। ਚੌਥੀ ਸਥਿਰ ਰਹਿਣ ਵਾਲੀ ਸ਼੍ਰੇਣੀ ਜਿਹੜੀ ਕਿ ਜ਼ਮੀਨ ਫਾੜ ਕੇ ਉਗਦੀ ਹੈ, ਉਸ ਨੂੰ ਉਤਭੁਜ ਕਿਹਾ ਜਾਂਦਾ ਹੈ, ਇਸ ਵਿਚ ਬਨਸਪਤੀ ਆਉਂਦੀ ਹੈ। ਆਮ ਭਾਸ਼ਾ ਵਿਚ ਸਜੀਵਾਂ ਦੀ ਜਿਹੜੀ ਸ਼੍ਰੇਣੀ ਆਪਣਾ ਭੋਜਨ ਆਪ ਨਹੀਂ ਬਣਾਉਂਦੀ ਸਗੋਂ ਉਤਭੁਜ ਸ੍ਰੇਣੀ ਉਤੇ ਨਿਰਭਰ ਹੈ ਉਹਨਾਂ ਨੂੰ 'ਜੀਵ-ਜੰਤੂ' ਕਿਹਾ ਜਾਂਦਾ ਹੈ। ਲੱਤਾਂ ਨਾਲ ਤੁਰਨ ਵਾਲੇ ਜੀਵਾਂ ਲਈ ਬਾਣੀ ਵਿਚ ਜੰਗਮ[135] ਸ਼ਬਦ ਵਰਤਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਜੀਵ-ਜੰਤੂਆਂ ਦੇ ਸੁਭਾਉ ਅਤੇ ਬਿਰਤੀਆਂ ਰਾਹੀਂ ਮਨੁੱਖ ਨੂੰ ਅਧਿਆਤਮਕ ਸੰਦੇਸ਼ ਦਿਤਾ ਗਿਆ ਹੈ। ਡਾ. ਰਜਿੰਦਰ ਸਿੰਘ ਅਨੁਸਾਰ "ਬਾਣੀਕਾਰਾਂ ਨੇ ਕਰਤੇ ਨੂੰ ਉਹਦੀ ਕਿਰਤ ਵਿਚੋਂ ਲਭਣ ਲਈ ਚੋਹਾਂ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਜੋ ਜੀਵ-ਜੰਤੂਆਂ ਅਤੇ ਪੌਦਿਆਂ ਦੀ ਸਿਰਜਨ ਕਿਰਿਆ ਦੀਆਂ ਸੂਚਕ ਹਨ, 'ਚੋਂ ਅਲੰਕਾਰਾਂ, ਰੂਪਕਾਂ, ਉਪਮਾਵਾਂ, ਚਿੰਨ੍ਹਾਂ, ਪ੍ਰਤੀਕਾਂ ਨੂੰ ਮਾਧਿਅਮ ਦੇ ਰੂਪ ਵਿਚ ਵਰਤ ਕੇ ਇਲਾਹੀ ਸੁਨੇਹੇ ਨੂੰ ਜਨ ਸਾਧਾਰਨ ਤਕ ਪਹੁੰਚਾਉਣ ਦਾ ਸਫਲ ਯਤਨ ਕੀਤਾ ਹੈ।"[136] ਜੀਵਾਂ ਦੇ ਅਧਿਐਨ ਨਾਲ ਸੰਬੰਧਿਤ ਵਿਗਿਆਨ ਨੂੰ 'ਜੀਵ-ਵਿਗਿਆਨ' ਕਿਹਾ ਜਾਂਦਾ ਹੈ, ਵਿਗਿਆਨ ਦੀ ਭਾਸ਼ਾ ਵਿਚ ਇਸ ਨੂੰ 'ਜ਼ੁਆਲੋਜੀ' ਕਿਹਾ ਜਾਂਦਾ ਹੈ। ਇਸ ਸ਼ਬਦ ਨੂੰ ਘੜਨਹਾਰੇ ਦੋ ਯੂਨਾਨੀ ਸ਼ਬਦ ਹਨ, ਜਿਹਨਾਂ ਵਿਚੋ ਪਹਿਲਾ ਸ਼ਬਦ 'ਜ਼ੂਨ' (zoon) ਹੈ। ਜਿਸ ਦੇ ਅਰਥ ਹਨ 'ਜਾਨਵਰ' ਜਾਂ 'ਪ੍ਰਾਣੀ' ਅਤੇ ਦੂਜਾ ਸ਼ਬਦ 'ਲੋਗੋਸ' (logos) ਹੈ, ਜਿਸ

---

134 ਲਖ ਚਉਰਾਸੀਹ ਜੀਅ ਉਪਾਏ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 111.

135 ਅਸਥਾਵਰ ਜੰਗਮ ਕੀਟ ਪਤੰਗਾ।। ਉਹੀ, ਪੰਨਾ 325.

136 ਰਾਜਿੰਦਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵ-ਜੰਤੂ ਅਤੇ ਪੌਦਿਆਂ ਦਾ ਚ੍ਰਿੱਤਣ,* ਸ੍ਵੈ ਪ੍ਰਕਾਸ਼ਨ, ਜੰਮੂ, ਸੰਸਕਰਣ-ਦੂਜਾ, 2011, ਪੰਨਾ 64.

ਦਾ ਅਰਥ 'ਅਧਿਐਨ' ਹੈ।[137] ਜੀਵ ਜੰਤੂਆਂ ਦੇ ਪ੍ਰਮੁੱਖ ਲੱਛਣ ਇਸ ਤਰ੍ਹਾਂ ਦੱਸੇ ਜਾ ਸਕਦੇ ਹਨ:

(1) ਜੀਵ-ਜੰਤੂ ਆਪਣਾ ਆਹਾਰ ਖ਼ੁਦ ਨਹੀਂ ਬਣਾ ਸਕਦੇ, ਇਹਨਾਂ ਦਾ ਆਹਾਰ ਪੌਦੇ ਜਾਂ ਦੂਜੇ ਜੀਵ-ਜੰਤੂ ਹੁੰਦੇ ਹਨ।

(2) ਜੀਵ-ਜੰਤੂ ਇਕ ਥਾਂ ਟਿਕ ਕੇ ਜਾਂ ਸਥਿਰ ਨਹੀਂ ਰਹਿ ਸਕਦੇ।

(3) ਜੀਵ-ਜੰਤੂਆਂ ਦੇ ਆਕਾਰ ਵਿਚ ਸਮਾਨਤਾ ਨਹੀਂ ਹੁੰਦੀ। ਇਹਨਾਂ ਦਾ ਆਕਾਰ ਖ਼ੁਰਦਬੀਨ ਪ੍ਰੋਟੋਜ਼ੋਨਲ ਤੋਂ ਲੈ ਕੇ ਨੀਲੀ ਵੇਲ ਮੱਛੀ ਤੱਕ ਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਚੁਗਿਰਦੇ ਵਿਚਲੇ ਜੀਵਾਂ ਦੀ ਵਰਗ ਵੰਡ ਜਲੀ, ਥਲੀ, ਰੀਂਗਣ ਵਾਲੀਆਂ, ਸਤਨਧਾਰੀ, ਹਵਾ ਵਿਚ ਉਡਣ ਵਾਲੀਆਂ ਅਤੇ ਕੀਟ ਆਦਿ ਜੀਵ ਜਾਤੀਆਂ ਵਿਚ ਕੀਤੀ ਜਾ ਸਕਦੀ ਹੈ।

**(ੳ)** ਜੀਵਾਂ ਵਿਚੋਂ ਕੀਟਾਂ ਨੂੰ ਛੱਡ ਕੇ ਬਾਕੀ ਸਭ ਦੀ ਜਾਤੀ ਨੂੰ ਵਿਗਿਆਨ ਦੀ ਭਾਸ਼ਾ ਵਿਚ 'ਵਰਟੀਬਰੇਟਾ' ਜਾਂ 'ਕਰੇਨਿਏਟਾ' (Craniata) ਕਿਹਾ ਜਾਂਦਾ ਹੈ। 'ਕਰੇਇਨਟਾ' ਸ਼ਬਦ ਖੋਪੜੀ ਨੂੰ ਦਰਸਾਉਂਦੇ ਸ਼ਬਦ 'ਕਰੇਨਿਅਮ' (Cranium) ਤੋਂ ਬਣਿਆ ਹੈ।[138] ਇਸ ਸ਼੍ਰੇਣੀ ਵਿਚ ਆਉਣ ਵਾਲੇ ਜੀਵ ਖੋਪੜੀ ਸਾਹਿਤ ਜਾਂ ਰੀੜ੍ਹਧਾਰੀ ਹੁੰਦੇ ਹਨ। ਇਹ ਜੀਵ-ਸ਼੍ਰੇਣੀ ਅੰਗਾਂ ਦੀ ਧਾਰਨੀ ਹੋਣ ਕਾਰਨ ਕੋਈ ਵੀ ਸਰੀਰਕ ਕਿਰਿਆ ਕਰਨ ਦੇ ਸਮਰਥਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਜੀਵਾਂ ਦਾ ਵਰਣਨ ਨਿਮਨਲਿਖਤ ਚਾਰ ਉਪ ਜਾਤੀਆਂ ਰਾਹੀਂ ਅਨੁਸਾਰ ਕੀਤਾ ਜਾ ਸਕਦਾ ਹੈ:

**ਜਲੀ ਜੀਵ** (Pisces)

**ਜਲੀ ਥਲੀ ਜੀਵ** (Amphibia)

**ਹਵਾ ਵਿਚ ਉਡਣ ਵਾਲੇ** (Aves)

---

137 ਸੁਰਜੀਤ ਸਿੰਘ ਢਿੱਲੋਂ, *ਜ਼ੁਆਲੋਜੀ ਵਿਸ਼ਾ-ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 311.

138 ਸੁਰਜੀਤ ਸਿੰਘ ਢਿੱਲੋਂ ਅਤੇ ਬਲਜੀਤ ਕੌਰ, *ਵਾਤਾਵਰਨ ਵਿਸ਼ਾ-ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 58.

**ਰੀਂਗਣ ਵਾਲੇ ਜੀਵ** (Reptilia)

**ਥਣਧਾਰੀ** (Mammalia)

**ਜਲੀ ਜੀਵ**: ਪਾਣੀ ਵਿਚ ਰਹਿਣ ਵਾਲੇ ਜੀਵਾਂ ਲਈ ਵਿਗਿਆਨ ਦੀ ਭਾਸ਼ਾ ਵਿਚ 'ਪਾਇਸਜ਼' (Pisces) ਸ਼ਬਦ ਵਰਤਿਆ ਜਾਂਦਾ ਹੈ। ਸੁਰਜੀਤ ਸਿੰਘ ਢਿਲੋਂ ਅਨੁਸਾਰ ਇਸ ਸ਼ਬਦ ਦਾ ਆਧਾਰ ਲਾਤੀਨੀ ਭਾਸ਼ਾ ਦਾ ਸ਼ਬਦ 'ਪਿਸਿਸ' ਹੈ, ਜਿਸ ਦਾ ਅਰਥ 'ਮੱਛੀ' ਹੈ। ਮੱਛੀਆਂ ਦੀ ਸ਼੍ਰੇਣੀ ਨੂੰ ਇਸ ਨਾਮ ਨਾਲ ਜਾਣਿਆ ਜਾਂਦਾ ਹੈ।[139] ਸਭ ਤੋਂ ਪਹਿਲਾਂ ਜੀਵਨ ਜਲੀ ਜੀਵਾਂ ਤੋਂ ਹੀ ਸ਼ੁਰੂ ਹੁੰਦਾ ਹੈ। ਗੁਰਬਾਣੀ ਵਿਚ ਮੱਛੀ ਲਈ ਮੀਨ,[140] ਆੜ[141] ਆਦਿ ਸ਼ਬਦ ਵਰਤੇ ਗਏ ਹਨ। ਮੱਛੀ ਦਾ ਜੀਵਨ ਹੀ ਪਾਣੀ ਹੈ, ਪਾਣੀ ਬਿਨਾਂ ਮੱਛੀ ਤੜਪ-ਤੜਪ ਕੇ ਮਰ ਜਾਂਦੀ ਹੈ। ਥੋੜੇ ਪਾਣੀ ਵਿਚ ਮੱਛੀ ਵਿਰਲਾਪ ਕਰਦੀ ਹੈ, ਜਿੰਨਾ ਪਾਣੀ ਵਧੇਰੇ ਹੁੰਦਾ ਹੈ, ਮੱਛੀ ਉਤਨੀ ਅਧਿਕ ਖੁਸ਼ ਹੁੰਦੀ ਹੈ। ਗੁਰਬਾਣੀ ਵਿਚ ਮੱਛੀ ਦੀ ਪਾਣੀ ਨਾਲ ਅਤੁਟ ਪ੍ਰੀਤ ਨੂੰ ਬਿਆਨਿਆ ਗਿਆ ਹੈ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ॥

ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 60)

ਗੁਰਬਾਣੀ ਵਿਚ ਭਗਤ-ਜਨ ਦੇ ਪ੍ਰਭੂ ਤੋਂ ਸੰਯੋਗ ਅਤੇ ਵਿਯੋਗ ਦੇ ਜਜ਼ਬਿਆਂ ਨੂੰ ਮੱਛੀ ਦੇ ਬਿੰਬ ਰਾਹੀਂ ਰੂਪਮਾਨ ਕੀਤਾ ਗਿਆ ਹੈ। ਮਨੁੱਖ ਨੂੰ ਮੌਤ ਦੇ ਅਚਾਨਕ ਵਾਰ ਕਰਨ ਦਾ ਭਾਵ ਸਮਝਾਉਣ ਲਈ ਮੱਛੀ, ਜਾਲ, ਕੁੰਡੀ ਦੇ ਦ੍ਰਿਸ਼ਟਾਂਤ ਰਾਹੀਂ ਸਾਵਧਾਨ ਕੀਤਾ ਗਿਆ ਹੈ:

ਭਾਈ ਰੇ ਇਉ ਸਿਰਿ ਜਾਣਹੁ ਕਾਲੁ॥

ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 55)

---

[139] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 272 .

[140] ਤੂੰ ਜਲਨਿਧਿ ਹਮ ਮੀਨ ਤੁਮਾਰੇ॥ ਉਹੀ, ਪੰਨਾ 100.

[141] ਤੂ ਕੈਸੇ ਆੜਿ ਫਾਥੀ ਜਾਲਿ॥ ਉਹੀ, ਪੰਨਾ 1275.

ਗੁਰਬਾਣੀ ਅੰਦਰ ਪਾਣੀ ਵਿਚ ਰਹਿਣ ਵਾਲ਼ੇ ਬਿਆਲੀ ਲਖ ਜੀਵਾਂ ਬਾਰੇ ਵੀ ਸੰਕੇਤ ਦਿੱਤਾ ਗਿਆ ਹੈ।[142] ਜਿਹੜਾ ਕਿ ਜੀਵਾਂ ਦੀਆਂ ਚੁਰਾਸੀ ਲਖ ਜੂਨਾਂ ਦਾ ਅੱਧ ਮੰਨਿਆ ਜਾਂਦਾ ਹੈ।

**ਜਲੀ ਥਲੀ ਜੀਵ**: ਜਿਹੜੇ ਜੀਵ ਜਲ ਅਤੇ ਥਲ ਦੋਵਾਂ ਥਾਂਵਾਂ ਉਤੇ ਜੀਵਨ ਬਿਤਾਉਂਦੇ ਹਨ ਉਹਨਾਂ ਨੂੰ 'ਜਲੀ-ਥਲੀ' ਜੀਵ ਕਿਹਾ ਜਾਂਦਾ ਹੈ। ਵਿਗਿਆਨ ਦੀ ਭਾਸ਼ਾ ਇਹਨਾਂ ਲਈ ਐਮਫੀਬੀਆ (Amphibia) ਸ਼ਬਦ ਵਰਤਿਆ ਜਾਂਦਾ ਹੈ। ਇਹ ਸ਼ਬਦ ਯੂਨਾਨੀ ਸ਼ਬਦਾਂ ਐਮਫੀ (Amphi) ਅਤੇ ਬਾਇਓਸ (Bios) ਤੋਂ ਮਿਲ ਕੇ ਬਣਿਆ ਹੈ। ਜਿਸ ਵਿਚ ਐਮਫੀ (Amphi) ਦੇ ਅਰਥ 'ਦੋ' ਅਤੇ ਬਾਇਓਸ (Bios) ਦੇ ਅਰਥ 'ਜੀਵਨ' ਹਨ।[143] ਇਹਨਾਂ ਜੀਵਾਂ ਵਿਚ ਡੱਡੂ ਅਤੇ ਸੈਲਮੇਂਡਰ ਆਉਂਦੇ ਹਨ। ਗੁਰਬਾਣੀ ਵਿਚ ਜਲੀ ਥਲੀ ਜੀਵਾਂ ਵਿਚੋਂ ਡੱਡੂ ਦਾ ਜ਼ਿਕਰ ਆਉਂਦਾ ਹੈ, ਜਿਸ ਲਈ ਮੇਂਡਕ, ਦਾਦਰ ਆਦਿ ਸ਼ਬਦ ਵਰਤੇ ਗਏ ਹਨ। ਡੱਡੂ ਰਾਹੀਂ ਬਾਣੀਕਾਰਾਂ ਨੇ ਮਨ ਦਾ ਵਿਕਾਰਾਂ ਦੇ ਚਿੱਕੜ ਵਿਚ ਖੁਭੇ ਰਹਿਣਾ, ਅਗਿਆਨਤਾ ਅਤੇ ਸੀਮਤ ਦ੍ਰਿਸ਼ਟੀ ਆਦਿ ਔਗੁਣਾਂ ਨੂੰ ਪੇਸ਼ ਕੀਤਾ ਹੈ:

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰਿ ਨਹੀ ਮੂਲਿ ਪਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 24)

ਨਿਰਮਲ ਪਾਣੀ ਵਿਚ ਰਹਿ ਕੇ ਵੀ ਡੱਡੂ ਨੂੰ ਉਸ ਦੀ ਕੋਈ ਕਦਰ ਨਹੀਂ ਹੁੰਦੀ, ਉਹ ਉਥੇ ਵੀ ਪਾਣੀ ਵਿਚਲਾ ਜਾਲਾ ਹੀ ਖਾਂਦਾ ਹੈ। ਇਵੇਂ ਹੀ ਮਨਮੁਖ ਵਿਅਕਤੀ ਸਤਿਸੰਗਤ ਵਿਚ ਜਾ ਕੇ ਵੀ ਔਗੁਣ ਹੀ ਲਭਦਾ ਫਿਰਦਾ ਹੈ। ਉਹ ਅੰਮ੍ਰਿਤ ਰੂਪੀ ਨਾਮ ਦੀ ਕੋਈ ਸਾਰ ਨਹੀਂ ਜਾਣਦਾ:

ਦਾਦਰ ਤੂ ਕਬਹਿ ਨ ਜਾਨਸਿ ਰੇ।।

ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 990)

---

[142] ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 485.

[143] ਸੁਰਜੀਤ ਸਿੰਘ ਢਿਲੋਂ, *ਜੁਆਲੋਜ਼ੀ ਵਿਸ਼ਾ-ਕੋਸ਼,* ਪੰਨਾ 11.

ਪੰਜਾਬੀ ਭਾਸ਼ਾ ਵਿਚ ਗਿਆਨਹੀਣ ਲਈ 'ਖੂਹ ਦਾ ਡੱਡੂ' ਸ਼ਬਦ ਵਰਤਿਆ ਜਾਂਦਾ ਹੈ। ਭਗਤ ਰਵਿਦਾਸ ਜੀ ਨੇ ਨਿੱਜ ਤਕ ਸੀਮਤ ਅਗਿਆਨੀ ਮਨ ਦੀ ਤੁਲਨਾ ਖੂਹ ਦੇ ਡੱਡੂ ਨਾਲ ਕੀਤੀ ਹੈ।[144] ਬਾਣੀ ਵਿਚ ਡੱਡੂ ਦਾ ਦ੍ਰਿਸ਼ਟਾਂਤ ਦੇ ਕੇ ਤੀਰਥਾਂ ਉਤੇ ਭ੍ਰਮਣ ਕਰਨ ਵਾਲੇ ਮਨੁੱਖ ਨੂੰ ਵੀ ਸਮਝਾਇਆ ਗਿਆ ਹੈ ਕਿ ਮਨ ਉਤੇ ਚੜ੍ਹੀ ਵਿਕਾਰਾਂ ਦੀ ਮੈਲ ਤੀਰਥਾਂ ਉਤੇ ਜਾ ਕੇ ਨਹਾਉਣ ਨਾਲ ਨਹੀਂ ਲੱਥਦੀ, ਜੇ ਇਸ ਨਾਲ ਮੁਕਤੀ ਮਿਲਦੀ ਤਾਂ ਡੱਡੂ ਨੇ ਤਾਂ ਕਦੋਂ ਦਾ ਮੁਕਤ ਹੋ ਜਾਣਾ ਸੀ:

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡਕੁ ਨਾਵਹਿ।।
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 484)

**ਉਡਣ ਵਾਲੇ ਜੀਵ**: ਜਿਹੜੇ ਜੀਵ ਪਰਾਂ ਨਾਲ ਉਡਦੇ ਹਨ, ਉਹਨਾਂ ਲਈ 'ਪੰਛੀ' ਜਾਂ 'ਪੰਖੇਰੂ' ਸ਼ਬਦ ਵਰਤਿਆ ਜਾਂਦਾ ਹੈ। ਵਿਗਿਆਨ ਦੀ ਭਾਸ਼ਾ ਵਿਚ ਇਹਨਾਂ ਜੀਵਾਂ ਲਈ 'ਐਵੀਜ਼' (Aves) ਸ਼ਬਦ ਵਰਤਿਆ ਹੈ। ਇਹ ਸ਼ਬਦ ਲਾਤੀਨੀ ਭਾਸ਼ਾ ਦੇ 'ਐਵਿਸ' (Avis) ਤੋਂ ਬਣਿਆ ਹੈ, ਜਿਸ ਦੇ ਅਰਥ ਪੰਛੀ ਦੇ ਹਨ।[145] ਪੰਛੀਆਂ ਲਈ ਗੁਰਬਾਣੀ ਵਿਚ ਪੰਖੀ,[146] ਕੁਪੰਖੀ,[147] ਖਗ,[148] ਪਰੰਦਏ,[149] ਬਿਹੰਗ,[150] ਪੰਖੇਰੂ,[151] ਆਦਿ ਸ਼ਬਦ ਵਰਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਪੰਛੀਆਂ ਦਾ ਜ਼ਿਕਰ ਵੱਖ-ਵੱਖ ਸੰਦਰਭਾਂ ਵਿਚ ਆਇਆ ਹੈ।

---

144 ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.

145 ਸੁਰਜੀਤ ਸਿੰਘ ਢਿਲੋਂ, *ਜੁਆਲੋਜ਼ੀ ਵਿਸ਼ਾ-ਕੋਸ਼*, ਪੰਨਾ 22.

146 **ਪੰਖੀ** ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 14.

147 ਸਰਵਰੁ ਹੰਸਿ ਨ ਜਾਣਿਆ ਕਾਗ **ਕੁਪੰਖੀ** ਸੰਗਿ।। ਉਹੀ, ਪੰਨਾ 1411.

148 **ਖਗ** ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ।। ਉਹੀ, ਪੰਨਾ 1269.

149 **ਪਰੰਦਏ** ਨ ਗਿਰਾਹ ਜਰ।। ਉਹੀ, ਪੰਨਾ 144.

150 ਤਰਵਰ ਬਿਰਖ **ਬਿਹੰਗ** ਭੁਇਅੰਗਮ ਘਰਿ ਪਿਰੁ ਧਨ ਸੋਹਾਗੈ।। ਉਹੀ, ਪੰਨਾ 1197.

151 ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ **ਪੰਖੇਰੂ**।। ਉਹੀ, ਪੰਨਾ 558.

**ਗੁਰਬਾਣੀ ਵਿਚ ਦਰਜ ਪੰਛੀਆਂ ਦੇ ਨਾਂ ਅਤੇ ਸੰਦਰਭ** :

| **ਪੰਛੀ** | **ਗੁਰਬਾਣੀ ਵਿਚ ਵਰਤੇ ਨਾਂ** | **ਗੁਰਬਾਣੀ ਵਿਚ ਜਿਸ ਸੰਦਰਭ ਵਿਚ ਵਰਤਿਆ ਗਿਆ** |
|---|---|---|
| ਲਮਢੀਂਗ | ਅਖਲੀ[152] | ਸਦਗੁਣ ਧਾਰਨ ਕਰਨ ਦਾ ਸੰਦੇਸ਼ ਦੇਣ ਲਈ। |
| ਇੱਲ | ਇਲ[153] | ਮੁਰਦਾਰ ਖਾਣ ਵਾਲੀ ਬਿਰਤੀ ਦੀ ਸੂਚਕ। |
| ਸੀਚਾਨਾ | ਸੀਚਾਨੇ[154] | ਮਨੁੱਖ ਦੇ ਕਾਲ ਵਸ ਹੋਣ ਦਾ ਸੰਕੇਤਕ। |
| ਹੰਸ | ਹੰਸ,[155] ਵਡਹੰਸ,[156] ਹੰਝ,[157] ਪਰਮਹੰਸ,[158] ਮਰਾਲ[159] | ਬੁਢਾਪੇ ਦੀ ਨਿਸ਼ਾਨੀ, ਉਜਲ ਮਤ, ਜੀਵਾਤਮਾ, ਸਥਿਰਤਾ, ਸ੍ਰੇਸ਼ਟ ਪੁਰਸ਼, ਗੁਰਮੁਖ ਲਈ। |
| ਕਾਂ | ਕਾਗ,[160] ਕਾਉ,[161] ਕਾਕ,[162] ਕਾਵ,[163] ਬਾਇਸ[164] | ਭੇੜੈ ਵਿਚਾਰਾਂ ਲਈ, ਗੁਣਹੀਣਤਾ ਦਰਸਾਉਣ ਲਈ, ਪ੍ਰੀਤਮ ਦਾ ਸੁਨੇਹਾ ਦੇਣ ਵਾਲਾ, ਗੰਦ ਖਾਣ ਵਾਲੀ ਬਿਰਤੀ ਲਈ, ਆਕੜ ਅਤੇ ਮਾਇਆ ਵਿਚ ਗ੍ਰਸੇ ਅਹੰਕਾਰੀ ਮਨ ਲਈ। |
| ਕੁੱਕੜ | ਕੁਕੜ,[165] ਕੁਰਕੁਟ[166] | ਮਨਮੁਖਾਂ ਦੁਆਰਾ ਕੀਤੀ ਗੁਰਮੁਖਾਂ ਦੀ ਰੀਸ ਦਰਸਾਉਣ ਲਈ। |

---

[152] **ਅਖਲੀ** ਊਂਡੀ ਜਲੁ ਭਰ ਨਾਲਿ ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1274.

[153] ਜਿਥੈ ਡਿਠਾ ਮਿਰਤਕੋ **ਇਲ** ਬਹਿਠੀ ਆਇ ।। ਉਹੀ, ਪੰਨਾ 322.

[154] **ਸੀਚਾਨੇ** ਜਿਉ ਪੰਖੀਆ ਜਾਲੀ ਬਧਿਕ ਹਾਥਿ।। ਉਹੀ, ਪੰਨਾ 55.

[155] ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ **ਹੰਸ** ਉਲਥੜੇ ਆਇ ।। ਉਹੀ, ਪੰਨਾ 75.

[156] ਮੈ ਜਾਨਿਆ **ਵਡ ਹੰਸੁ** ਹੈ ਤਾ ਮੈ ਕੀਆ ਸੰਗੁ ।। ਉਹੀ, ਪੰਨਾ 585.

[157] ਕੇਲ ਕਰੇਦੇ **ਹੰਝ** ਨੋ ਅਚਿੰਤੇ ਬਾਜ ਪਏ ।। ਉਹੀ, ਪੰਨਾ 1383.

[158] ਸਤਜੁਗਿ **ਪਰਮ ਹੰਸ** ਬੀਚਾਰੀ ।। ਉਹੀ, ਪੰਨਾ 1131.

[159] ਸੰਤ **ਮਰਾਲ** ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ।। ਉਹੀ, ਪੰਨਾ 1404.

[160] **ਕਾਗ** ਬਤਨ ਬਿਸਟਾ ਮਹਿ ਵਾਸ ।। ਉਹੀ, ਪੰਨਾ 239.

[161] ਭ੍ਰਮਿ ਭੂਲੇ ਜਿਉ ਸੁੰਞੈ ਘਰਿ **ਕਾਉ**।। ਉਹੀ, ਪੰਨਾ 123.

[162] ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ **ਕਾਕ** ਗ੍ਰਸਨਾ ਰਾਮ।। ਉਹੀ, ਪੰਨਾ 848.

[163] ਪਿਛੈ ਪਤਲਿ ਸਦਿਹੁ **ਕਾਵ**।। ਉਹੀ, ਪੰਨਾ 138.

[164] ਸੁਆਨ ਸੂਕਰ **ਬਾਇਸ** ਜਿਵੈ ਭਟਕਤੁ ਚਾਲਿਓ ਊਠਿ।। ਉਹੀ, ਪੰਨਾ 1105.

[165] ਹੰਸਾ ਸੇਤੀ ਚਿਤੁ ਉਲਾਸਹਿ **ਕੁਕੜ** ਦੀ ਓਡਾਰੀ।। ਉਹੀ, ਪੰਨਾ 322.

[166] ਇਕਤੁ ਪਤਰਿ ਭਰਿ ਉਰਕਟ **ਕੁਰਕਟ** ਇਕਤੁ ਪਤਰਿ ਭਰਿ ਪਾਨੀ।। ਉਹੀ, ਪੰਨਾ 476.

| ਪੰਛੀ | ਗੁਰਬਾਣੀ ਵਿਚ ਵਰਤੇ ਨਾਂ | ਗੁਰਬਾਣੀ ਵਿਚ ਜਿਸ ਸੰਦਰਭ ਵਿਚ ਵਰਤਿਆ ਗਿਆ |
|---|---|---|
| ਕਬੂਤਰ | ਕਪੋਤ[167] | ਮਨਮੁਖਤਾ ਪ੍ਰਗਟ ਹੋਣ ਦਾ ਸੂਚਕ । |
| ਕੁਹੀ | ਕੁਹੀਆ[168] | ਪਰਮਾਤਮਾ ਦੀ ਬੇਅੰਤਤਾ ਅਤੇ ਸਮਰਥਾ ਦਰਸਾਉਣ ਲਈ। |
| ਕੂੰਜ | ਕੂੰਜਾਂ[169] | ਇੰਦਰੀਆਂ ਅਤੇ ਮੌਤ ਦੀਆਂ ਲਖਾਇਕ। |
| ਕੋਇਲ | ਕੋਇਲ,[170] ਕੋਕਿਲ[171] | ਮਸਤ, ਅਡੋਲਤਾ, ਮਧੁਰ-ਮਿਠੀ ਸੁਰ, ਪ੍ਰਭੂ ਪ੍ਰੀਤ ਬਿਆਨਣ ਲਈ ਅਤੇ ਪ੍ਰਭੂ ਤੋਂ ਪਏ ਵਿਛੋੜੇ ਦਾ ਪ੍ਰਭਾਵ ਦਰਸਾਉਣ ਲਈ। |
| ਗਰੁੜ | ਗਰੁੜ[172] | ਮਾਇਆ ਰੂਪੀ ਜ਼ਹਿਰ ਦੀ ਦਵਾਈ ਅਤੇ ਵਿਸ਼ਨੂੰ ਦੀ ਸਵਾਰੀ। |
| ਗਿਰਝ | ਗਿਰਝਨ[173] | ਮੁਰਦਾਰ ਖਾਣ ਅਤੇ ਮਾੜੇ ਕੀਤੇ ਕਰਮ ਦੀ ਸਜ਼ਾ ਦੇਣ ਦੀਆਂ ਸੂਚਕ। |
| ਚਕਵੀ | ਚਕਵੀ,[174] ਚਕਈ[175] | ਗੂੜ੍ਹੀ ਪ੍ਰੀਤ ਦਾ ਦ੍ਰਿਸ਼ਟਾਂਤ ਦੇਣ ਲਈ। |
| ਚਕੋਰ-ਚਕੋਰੀ | ਚਕੋਰ[176]-ਚਕੋਰੀ[177] | ਗੂੜ੍ਹੀ ਪ੍ਰੀਤ ਦਾ ਦ੍ਰਿਸ਼ਟਾਂਤ ਦੇਣ ਲਈ। |
| ਚਰਗ | ਚਰਗ[178] | ਪਰਮਾਤਮਾ ਦੀ ਸਮਰਥਾ ਦਰਸਾਉਣ ਲਈ। |
| ਚਿੜੀ | ਚਿੜੀ,[179] ਚਟਾਰਾ[180] | ਸਬਰ ਸੰਤੋਖ ਦੀ ਧਾਰਨੀ। |

167 ਜਿਉ ਪੰਖੀ **ਕਪੋਤਿ** ਆਪੁ ਬਨ੍ਹਾਇਆ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 538.

168 ਸੀਹਾ ਬਾਜਾ ਚਰਗਾ **ਕੁਹੀਆ** ਏਨਾ ਖਵਾਲੇ ਘਾਹ।। ਉਹੀ, ਪੰਨਾ 144.

169 ਕਤਿਕ **ਕੂੰਜਾਂ** ਚੇਤਿ ਡਉ ਸਾਵਣਿ ਬਿਜੁਲੀਆਂ ।। ਉਹੀ, ਪੰਨਾ 488.

170 ਕਾਲੀ **ਕੋਇਲ** ਤੂ ਕਿਤ ਗੁਨ ਕਾਲੀ ।। ਉਹੀ, ਪੰਨਾ 794.

171 **ਕੋਕਿਲ** ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ।। ਉਹੀ ਪੰਨਾ 157.

172 **ਗਰੁੜੁ** ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ।। ਉਹੀ, ਪੰਨਾ 1260.

173 ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ **ਗਿਰਝਨ** ਖਾਈ।। ਉਹੀ, ਪੰਨਾ 693.

174 ਕਬੀਰ **ਚਕਈ** ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ।। ਉਹੀ, ਪੰਨਾ 1371.

175 ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ **ਚਕਵੀ** ਸੂਰ।। ਉਹੀ, ਪੰਨਾ 60.

176 ਜਉ ਤੁਮ ਚੰਦ ਤਉ ਹਮ ਭਏ ਹੈ **ਚਕੋਰਾ**।। ਉਹੀ, ਪੰਨਾ 658.

177 ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ **ਚਕੋਰੀ**।। ਉਹੀ, ਪੰਨਾ 208.

178 ਸੀਹਾ ਬਾਜਾ **ਚਰਗਾ** ਕੁਹੀਆ ਏਨਾ ਖਵਾਲੇ ਘਾਹ।। ਉਹੀ, ਪੰਨਾ 144.

179 ਅਧੁ ਗੁਲ੍ਹਾ **ਚਿੜੀ** ਕਾ ਚੁਗਣੁ ਗੈਣਿ ਚੜੀ ਬਿਲਲਾਇ।। ਉਹੀ, ਪੰਨਾ 1286.

180 ਚਿਰਗਟ ਫਾਰਿ **ਚਟਾਰਾ** ਲੈ ਗਇਓ ਤਰੀ ਤਾਗਰੀ ਛੂਟੀ।। ਉਹੀ, ਪੰਨਾ 480.

| **ਪੰਛੀ** | **ਗੁਰਬਾਣੀ ਵਿਚ ਵਰਤੇ ਨਾਂ** | **ਗੁਰਬਾਣੀ ਵਿਚ ਜਿਸ ਸੰਦਰਭ ਵਿਚ ਵਰਤਿਆ ਗਿਆ** |
|---|---|---|
| ਅਕਟਿੱਡਾ | ਅਕ ਤਿਡਾ[181] | ਸਬਰ ਸੰਤੋਖ ਰਖ ਕੇ ਭਾਣਾ ਮੰਨਣ ਦਾ ਲਖਾਇਕ। |
| ਪਪੀਹਾ | ਬਬੀਹਾ,[182] ਸਾਰੰਗ,[183] ਚਾਤ੍ਰਿਕ[184] | ਪਿਆਰੇ ਦੇ ਮਿਲਾਪ ਲਈ ਪੁਕਾਰ, ਤੜਪ ਅਤੇ ਤੀਬਰਤਾ ਲਈ। |
| ਤੋਤਾ | ਸੂਆ,[185] ਸੂਹਟਾ,[186] ਮੈਜਨ,[187] ਤੋਤ[188] | ਮਾਇਆ ਅਤੇ ਲਾਲਚ ਵਿਚ ਫਸੇ ਮਨ ਅਤੇ ਗੁਲਾਮ ਬਿਰਤੀ ਦਾ ਲਖਾਇਕ। |
| ਬਗਲਾ | ਬਗ,[189] ਬਗਲਾ,[190] | ਪਖੰਡ, ਨੀਵੀਂ ਮਤ, ਭੈੜੇ ਸੁਭਾਅ ਲਈ। |
| ਬਾਜ | ਬਾਜ[191] | ਪਰਮਾਤਮਾ ਦੀ ਸ਼ਕਤੀ ਦਰਸਾਉਣ ਦਾ ਸੂਚਕ। |
| ਬਾਸ਼ਾ | ਬਾਸਾ[192] | ਮਨ ਦੀ ਭਟਕਣਾ, ਭਰਮਣ ਅਤੇ ਝਪਟਣ ਦੀ ਬਿਰਤੀ ਦਰਸਾਉਣ ਲਈ। |
| ਮੁਰਗਾਬੀ | ਮੁਰਗਾਈ[193] | ਨਿਰਲੇਪਤਾ ਦਰਸਾਉਣ ਦੀ ਲਖਾਇਕ। |
| ਮੁਰਗੀ | ਮੁਰਗੀ[194] | ਪਖੰਡ ਦਾ ਪਾਜ ਉਘਾੜਨ ਲਈ। |
| ਮੋਰ | ਮੋਰ[195] | ਪਰਮਾਤਮਾ ਦੀਆਂ ਬਖਸ਼ਿਸਾ ਅਤੇ ਰਹਿਮਤਾਂ ਨਾਲ ਹੋਏ ਅਨੰਦ ਦਰਸਾਉਣ ਲਈ। |

---

[181] ਅਕ ਸਿਉ ਪ੍ਰੀਤਿ ਕਰੇ ਅਕ **ਤਿਡਾ** ਅਕ ਡਾਲੀ ਬਹਿ ਖਾਇ ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1286.

[182] **ਬਾਬੀਹਾ** ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ।। ਉਹੀ, 1285.

[183] **ਸਾਰਿੰਗ** ਪ੍ਰੀਤਿ ਬਸੈ ਜਲ ਧਾਰਾ।। ਉਹੀ, ਪੰਨਾ 164.

[184] ਤੇਰਾ ਨਾਮੁ ਬੂੰਦ ਹਮ **ਚਾਤ੍ਰਿਕ** ਤਿਖਹਾਰੇ।। ਉਹੀ, ਪੰਨਾ 100.

[185] ਬਾਧਿਓ ਜਿਉ ਨਲਿਨੀ ਭ੍ਰਮਿ **ਸੂਆ**।। ਉਹੀ, ਪੰਨਾ 255.

[186] **ਸੂਹਟੁ** ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ।। ਉਹੀ, ਪੰਨਾ 1010.

[187] ਸਿੰਮਲ ਰੁਖੁ ਸਰੀਰੁ ਮੈ **ਮੈਜਨ** ਦੇਖਿ ਭੁਲੰਨਿ੍।। ਉਹੀ, ਪੰਨਾ 729.

[188] ਗਨਿਕਾ ਉਧਰੀ ਹਰਿ ਕਹੈ **ਤੋਤ**।। ਉਹੀ, ਪੰਨਾ 1192.

[189] ਉਦਕ ਮਾਹਿ ਜੈਸੇ **ਬਗੁ** ਧਿਆਨੁ ਮਾਡੈ।। ਉਹੀ, ਪੰਨਾ 485.

[190] ਭਾਈ ਏਹੁ ਤਪਾ ਨ ਹੋਵੀ **ਬਗੁਲਾ** ਹੈ, ਉਹੀ, ਪੰਨਾ 315.

[191] ਹਰਣਾਂ **ਬਾਜਾਂ** ਤੈ ਸਿਕਦਾਰਾਂ ਏਨ੍ਾਂ ਪੜਿ੍ਆ ਨਾਉ।। ਉਹੀ, ਪੰਨਾ 288.

[192] ਜੈਸੇ **ਬਾਸਾ** ਮਾਸ ਦੇਤ ਝਾਟੁਲੀ, ਉਹੀ, ਪੰਨਾ 1216.

[193] ਜੈਸੇ ਜਲ ਮਹਿ ਕਮਲੁ ਨਿਰਾਲਮੁ **ਮੁਰਗਾਈ** ਨੈ ਸਾਣੇ।। ਉਹੀ, ਪੰਨਾ 938.

[194] ਹਉ ਤਉ ਕਿਉ **ਮੁਰਗੀ** ਮਾਰੈ।। ਉਹੀ, ਪੰਨਾ 1350.

[195] ਮੇਰ ਸੁਮੇਰ **ਮੋਰੁ** ਬਹੁ ਨਾਚੈ ਜਬ ਉਨਵੈ ਘਨ ਘਨਹਾਰੇ।। ਉਹੀ, ਪੰਨਾ 983.

ਬਾਣੀਕਾਰਾਂ ਨੇ ਇਕ ਪਰਮਾਤਮਾ ਨੂੰ ਛੱਡ ਕੇ ਹੋਰਾਂ ਦੀ ਪੂਜਾ ਕਰਨ ਵਾਲਿਆਂ ਨੂੰ ਨਿਆਸਰੇ ਦੱਸਿਆ ਹੈ। ਜਿਹਨਾਂ ਦੀ ਤੁਲਨਾ ਆਂਡਿਆਂ ਵਿਚੋਂ ਨਿਕਲੇ ਬੋਟਾਂ (ਪੰਛੀਆਂ ਦੇ ਬੱਚਿਆ) ਨਾਲ ਕੀਤੀ ਗਈ ਹੈ। ਇਹਨਾਂ ਬੋਟਾਂ ਦੇ ਖੰਭ ਨਹੀਂ ਨਿਕਲੇ ਹੁੰਦੇ, ਜਿਸ ਕਾਰਨ ਇਹ ਉੱਡ ਨਹੀਂ ਸਕਦੇ। ਇਕ ਪਰਮਾਤਮਾ ਤੋਂ ਬਿਨਾਂ ਦੂਜੇ ਦੀ ਸੇਵਾ ਕਰਨ ਵਾਲੇ ਵੀ ਬੋਟਾਂ ਵਾਂਗ ਕੇ ਨਿਆਸਰੇ ਹੋ ਕੇ ਮਰਦੇ ਹਨ:

ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 395)

ਪੰਛੀ ਲਈ ਪੰਖੇਰੂ ਸ਼ਬਦ ਵਰਤ ਕੇ ਕਰਮਾਂ ਅਤੇ ਕਲਪਨਾ ਦੇ ਖੰਭਾਂ ਦੇ ਸਹਾਰੇ ਉਡਣ ਵਾਲੇ ਚੰਚਲ ਮਨ ਨੂੰ ਵੀ ਸਮਝਾਇਆ ਗਿਆ ਹੈ:

ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1253)

ਗੁਰਬਾਣੀ ਵਿਚ ਪਰਮਾਤਮਾ ਨਾਲ ਮਿਲਾਪ ਦੀ ਬਿਹਬਲਤਾ ਦਰਸਾਉਣ ਲਈ ਕਈ ਪੰਛੀਆਂ ਰਾਹੀਂ ਜਗਿਆਸੂ ਦੀ ਲੋਚਾ ਅਤੇ ਕੋਮਲ ਭਾਵਾਂ ਨੂੰ ਸਾਕਾਰ ਕੀਤਾ ਗਿਆ ਹੈ, ਜਿਵੇਂ ਚਾਤ੍ਰਿਕ ਪੰਛੀ ਦੀ ਮੀਂਹ ਨਾਲ ਪ੍ਰੀਤ ਹੈ, ਇਸ ਪੰਛੀ ਦੀ ਪਿਆਸ ਸਵਾਂਤੀ ਬੂੰਦ ਨਾਲ ਸ਼ਾਂਤ ਹੁੰਦੀ ਹੈ। ਇਹ ਪੰਛੀ ਦੂਜਾ ਪਾਣੀ ਨਹੀਂ ਪੀਂਦਾ, ਇਵੇਂ ਹੀ ਹਰੀ-ਭਗਤ, ਹਰਿ-ਰਸ ਪੀ ਕੇ ਹੀ ਤ੍ਰਿਪਤ ਹੰਦਾ ਹੈ। ਗੁਰਬਾਣੀ ਵਿਚ ਜੀਵ ਨੂੰ ਵੀ ਪਰਮਾਤਮਾ ਨਾਲ ਇਸੇ ਤਰ੍ਹਾਂ ਦੀ ਪ੍ਰੀਤ ਪਾਉਣ ਲਈ ਕਿਹਾ ਗਿਆ ਹੈ।

ਪੰਛੀ ਚਕਵੀ ਅਤੇ ਸੂਰਜ ਦਾ ਬਿੰਬ ਪਰੰਪਰਾਈ ਹੈ, ਆਮ ਤੌਰ ਤੇ ਪ੍ਰਚਲਿਤ ਹੈ ਕਿ ਚਕਵੀ ਸੂਰਜ ਛਿਪਣ ਨਾਲ ਚਕਵੇ ਤੋਂ ਵਿਛੜ ਕੇ ਉਦਾਸ ਹੋ ਜਾਂਦੀ ਹੈ। ਚਕਵੀ ਦਾ ਚਕਵੇ ਨਾਲ ਮੁੜ ਮੇਲ ਸੂਰਜ ਚੜ੍ਹਨ 'ਤੇ ਹੁੰਦਾ ਹੈ। ਗੁਰਬਾਣੀ ਵਿਚ ਪ੍ਰਭੂ ਪ੍ਰੀਤ ਦੀ ਤੀਬਰ ਤਾਂਘ ਨੂੰ ਚਕਵੀ-ਸੂਰਜ ਦੇ ਬਿੰਬ ਰਾਹੀਂ ਰੂਪਮਾਨ ਕੀਤਾ ਗਿਆ ਹੈ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ।।

ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 60)

ਬਾਣੀ ਵਿਚ ਹੰਕਾਰੀ ਜੀਵਨ ਦੇ ਮੁਕਾਬਲਤਨ ਨਿਮਰ ਜੀਵਨ ਜਿਊਣ ਦੀ ਸ਼ਲਾਘਾ ਕੀਤੀ ਗਈ ਹੈ। ਚਿੜੀ ਅਤੇ ਅਕਤਿੱਡਾ ਦੋਵੇਂ ਛੋਟੇ ਜਿਹੇ ਪੰਛੀ ਹਨ, ਜਿਹੜੇ ਹਾਥੀ ਦੇ ਮੁਕਾਬਲੇ ਥੋੜੇ ਜਿਹੇ ਆਹਾਰ ਨਾਲ ਅਨੰਦਿਤ ਹੋ ਵਿਚਰਦੇ ਹਨ:

ਸਉ ਮਣ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ।।...

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ।।

ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1286)

ਤੋਤਾ ਇਕ ਸੋਹਣਾ ਪੰਛੀ ਹੈ, ਜਿਸ ਨੂੰ ਪਕੜ ਕੇ ਪਿੰਜਰੇ ਵਿਚ ਪਾ ਕੇ ਮਨੁੱਖ ਖੁਸ਼ੀ ਹਾਸਲ ਕਰਦਾ ਹੈ। ਇਹ ਪੰਛੀ ਪਿੰਜਰੇ ਵਿਚ ਮਾਲਕ ਵਲੋਂ ਦਿਤਾ ਭੋਜਨ ਖਾ ਕੇ ਪਿਆਰ ਦੀ ਬੋਲੀ ਬੋਲਦਾ ਹੈ:

ਸੂਹਟ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1010)

ਕਾਂ ਦੀ ਤੁਲਨਾ ਕੂੜ ਅਤੇ ਲੋਭ ਆਦਿ ਵਿਕਾਰਾਂ ਨਾਲ ਭਰੇ ਜੀਵ ਨਾਲ ਕੀਤੀ ਗਈ ਹੈ। ਲੋਭੀ ਜੀਵ ਦਾ ਧਰਤੀ ਉਤੇ ਆਉਣਾ ਇਵੇਂ ਹੁੰਦਾ ਹੈ ਜਿਵੇਂ ਕਾਂ ਸੁੰਞੇ ਘਰ ਆਉਂਦਾ ਹੈ, ਇਹ ਜਿਵੇਂ ਆਉਂਦਾ ਹੈ ਉਵੇਂ ਹੀ ਬੈਠ ਕੇ ਵਾਪਸ ਮੁੜ ਜਾਂਦਾ ਹੈ, ਉਸ ਦਾ ਆਉਣਾ ਵਿਅਰਥ ਹੁੰਦਾ ਹੈ:

ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ।।

ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 58)

**ਰੀਂਗਣ ਵਾਲੇ ਜੀਵ**: ਰੀੜ੍ਹ ਸਹਿਤ ਅਤੇ ਪੇਟ ਦੇ ਭਾਰ ਚਲਣ ਵਾਲੇ ਪ੍ਰਾਣੀਆਂ ਨੂੰ ਰੀਂਗਣ ਵਾਲੇ

ਜੀਵ ਕਿਹਾ ਜਾਂਦਾ ਹੈ। ਵਿਗਿਆਨ ਦੀ ਭਾਸ਼ਾ ਵਿਚ ਇਹਨਾਂ ਦਾ ਨਾਮ 'ਰਿਪਟਿਲੀਆ' ਹੈ। ਲਾਤੀਨੀ ਭਾਸ਼ਾ ਵਿਚੋਂ ਆਏ ਇਸ ਸ਼ਬਦ ਦਾ ਮੂਲ ਰੈਪੇਰੀ (Repere) ਹੈ। ਰੈਪੇਰੀ ਦਾ ਅਰਥ 'ਸੁਰਲ ਸੁਰਲ ਕੇ ਜਾਂ ਰੀਂਗ ਕੇ ਚਲਣਾ' ਹੈ। ਇਹਨਾਂ ਵਿਚ ਮੁੱਖ ਤੌਰ 'ਤੇ ਅਜਿਹੇ ਜੀਵ ਸ਼ਾਮਿਲ ਹੁੰਦੇ ਹਨ ਜਿਹੜੇ ਨਿਰੋਲ ਖ਼ੁਸ਼ਕ ਧਰਤੀ ਉਪਰ ਵਸਣ ਦੇ ਯੋਗ ਹੁੰਦੇ ਹਨ।[196] ਇਸ ਸ਼੍ਰੇਣੀ ਵਿਚ ਮਗਰਮੱਛ, ਕੱਛੂ, ਕਿਰਲੇ, ਸੱਪ ਆਦਿ ਜੀਵ ਸ਼ਾਮਿਲ ਹਨ। ਇਨ੍ਹਾਂ ਅਸਮਤਾਪੀ ਪ੍ਰਾਣੀਆਂ ਦੇ ਸਰੀਰ ਬਾਹਰੋਂ ਸਖ਼ਤ ਚਮੜੀ ਨਾਲ ਕੱਜੇ ਹੁੰਦੇ ਹਨ।[197] ਗੁਰਬਾਣੀ ਵਿਚ ਰੀਂਗਣ ਵਾਲੇ ਜੀਵਾਂ ਵਿਚੋਂ ਕੱਛੂ, ਸੱਪ ਅਤੇ ਮਗਰਮਛ ਦਾ ਜ਼ਿਕਰ ਵੱਖ-ਵੱਖ ਸੰਦਰਭਾਂ ਵਿਚ ਆਇਆ ਹੈ।

**ਗੁਰਬਾਣੀ ਵਿਚ ਦਰਜ ਰੀਂਗਣ ਵਾਲੇ ਜੀਵਾਂ ਦੇ ਨਾਂ ਅਤੇ ਸੰਦਰਭ:**

| **ਰੀਂਗਣ ਵਾਲੇ ਜੀਵ** | **ਗੁਰਬਾਣੀ ਵਿਚ ਵਰਤੇ ਨਾਂ** | **ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤਿਆ ਹੈ।** |
|---|---|---|
| ਸੱਪ | ਅਜਗਰ,[198] ਫਨੀ ਸੇਖ,[199] ਬਿਸੀਅਰ,[200] ਭੁਇਅੰਗਮ,[201] | ਬਾਣੀ ਵਿਚ ਸੱਪ ਜਾਂ ਸੱਪਣੀ ਸ਼ਬਦ ਮੁਖ ਤੌਰ ਤੇ ਮਾਇਆ ਲਈ ਵਰਤੇ ਗਏ ਹਨ। |
| ਕੱਛੂ | ਕਛੂਆ,[202] ਕੂਰਮਾ,[203] ਕੁੰਮੀ[204] | ਡਰ, ਸਹਿਮ, ਕੋਰੇਪਨ ਲਈ। |
| ਮਗਰਮੱਛ | ਤੰਦੂਆ,[205] ਗ੍ਰਾਹ[206] | ਪਰਮਾਤਮਾ ਦੇ ਨਾਮ ਦੀ ਬਰਕਤ ਨੂੰ ਉਚਤਾ ਦਰਸਾਉਣ ਲਈ। |

---

[196] ਸੁਰਜੀਤ ਸਿੰਘ ਢਿਲੋਂ, *ਜ਼ੁਆਲੋਜੀ ਵਿਸ਼ਾ-ਕੋਸ਼,* ਪੰਨਾ 248.

[197] ਸੁਰਜੀਤ ਸਿੰਘ ਢਿਲੋਂ ਅਤੇ ਬਲਜੀਤ ਕੌਰ, *ਵਾਤਾਵਰਨ ਵਿਸ਼ਾ-ਕੋਸ਼,* ਪੰਨਾ 272.

[198] ਅਣਹੋਦਾ **ਅਜਗਰੁ** ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 373.

[199] ਸਹਸ ਫਨੀ ਜਪਿਓ **ਸੇਖਨਾਗੈ** ਹਰਿ ਜਪਤਿਆ ਅੰਤੁ ਨ ਪਾਵੈਗੋ।। ਉਹੀ, ਪੰਨਾ 1309.

[200] ਜੈਸਾ ਸੰਗੁ **ਬਿਸੀਅਰ** ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ।। ਉਹੀ, ਪੰਨਾ 403.

[201] **ਭੁਇਅੰਗਮ** ਭ੍ਰਿੰਗ ਮਾਇਆ ਮਹਿ ਖਾਪੇ।। ਉਹੀ, ਪੰਨਾ 1160.

[202] ਘਰਿ ਘਰਿ ਮੁਸਰੀ ਮੰਗਲੁ ਗਾਵਹਿ **ਕਛੂਆ** ਸੰਖੁ ਬਜਾਵੈ।। ਉਹੀ, ਪੰਨਾ 477.

[203] ਜਾਂ ਚੈ ਘਰਿ **ਕੂਰਮਾ** ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ।। ਉਹੀ, ਪੰਨਾ 1292.

[204] **ਕੁੰਮੀ** ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ।। ਉਹੀ, ਪੰਨਾ 488.

[205] ਜਿਉ ਜਲ ਕੁੰਚਰੁ **ਤਦੂਐ** ਬਾਂਧਿਓ ਹਰਿ ਚੇਤਿਓ ਮੋਖ ਮੁਖਨੇ।। ਉਹੀ, ਪੰਨਾ 976.

[206] ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ **ਗਰਾਹ** ਤੇ ਛੂਟਾ ।। ਉਹੀ, ਪੰਨਾ 632.

ਗੁਰਬਾਣੀ ਵਿਚ ਭੁਇਅੰਗਮ, ਨਾਗ ਜਾਂ ਨਾਗਨੀ ਜੀਵ ਵਿਸ਼ੇਸ਼ ਤੌਰ ਤੇ ਮਾਇਆ ਦੁਆਰਾ ਡੰਗਣ ਦੀ ਬਿਰਤੀ ਬਾਰੇ ਦਸਣ ਲਈ ਵਰਤਿਆ ਗਿਆ ਹੈ। ਮਨ ਨੂੰ ਮੋਹਣ ਵਾਲੀ ਮਾਇਆ ਨੂੰ ਬਿਨਾਂ ਦੰਦਾਂ ਤੋਂ ਸੰਸਾਰ ਡਸਣ ਵਾਲੀ 'ਨਾਗਨੀ' ਕਿਹਾ ਹੈ:

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 510)

**ਥਣਧਾਰੀ ਜੀਵ**: ਬੱਚਿਆਂ ਨੂੰ ਸਤਨਾਂ ਨਾਲ ਖ਼ੁਰਾਕ ਦੇਣ ਵਾਲੇ ਜੀਵਾਂ ਨੂੰ ਥਣਧਾਰੀ ਜਾਂ ਸਤਨਧਾਰੀ ਜੀਵ ਕਿਹਾ ਜਾਂਦਾ ਹੈ। ਵਿਗਿਆਨ ਦੀ ਭਾਸ਼ਾ ਵਿਚ ਇਹਨਾਂ ਲਈ ਮੈਮੀਲੀਆ ਜਾਂ ਮੈਮਲਜ਼ ਸ਼ਬਦ ਵਰਤਿਆ ਗਿਆ ਹੈ। ਇਸ ਸ਼ਬਦ ਦਾ ਆਧਾਰ ਲਾਤੀਨੀ ਭਾਸ਼ਾ ਦਾ ਸ਼ਬਦ 'ਮੈਮਾ' ਹੈ, ਜਿਸ ਦੇ ਅਰਥ ਛਾਤੀ ਹਨ। ਮਦੀਨ ਪਸ਼ੂ ਦੀ ਛਾਤੀ ਅੰਦਰ ਦੁੱਧ ਉਪਜਾਊ ਗਲੈਂਡ ਜਾਂ ਗ੍ਰੰਥੀਆਂ ਹੁੰਦੀਆਂ ਹਨ, ਜਿਹਨਾਂ ਤੋਂ ਪੈਦਾ ਹੋਏ ਬੱਚੇ ਥਣਾਂ ਰਾਹੀਂ ਚੁੰਘ ਕੇ ਵੱਡੇ ਹੁੰਦੇ ਹਨ।[207] ਆਮ ਤੌਰ ਤੇ ਇਹਨਾਂ ਥਣਧਾਰੀ ਜੀਵਾਂ ਲਈ ਪਸ਼ੂ ਸ਼ਬਦ ਵਰਤਿਆ ਜਾਂਦਾ ਹੈ। ਮਨੁੱਖ ਵੀ ਇਹਨਾਂ ਪਸ਼ੂਆਂ ਵਿਚੋਂ ਇਕ ਪਸ਼ੂ ਹੈ। ਸਭਿਅਕ ਹੋਣ ਕਰ ਕੇ ਮਨੁੱਖ ਨੂੰ ਸ੍ਰੇਸ਼ਟ ਅਤੇ ਸਮਾਜਿਕ ਪਸ਼ੂ ਕਿਹਾ ਜਾਂਦਾ ਹੈ। ਜੇਕਰ ਮਨੁੱਖ ਆਪਣੇ ਇਸ ਜਨਮ ਵਿਚ ਪਰਮਾਤਮਾ ਦਾ ਨਾਮ ਨਹੀਂ ਲੈਂਦਾ ਅਤੇ ਕਰਮ ਬਾਕੀ ਜੀਵਾਂ ਵਾਲੇ ਰਖਦਾ ਹੈ ਤਾਂ ਬਾਕੀ ਪਸ਼ੂ ਜੀਵਾਂ ਨੂੰ ਉਸ ਨਾਲੋਂ ਉੱਤਮ ਮੰਨਿਆ ਗਿਆ ਹੈ। ਜਿਹੜੇ ਆਪਣੇ ਜੀਵਨ ਕਾਲ ਤੋਂ ਲੈ ਕੇ ਅੰਤਲੇ ਸਮੇਂ ਤਕ ਦੂਜਿਆਂ ਦਾ ਭਲਾ ਕਰਦੇ ਹਨ।

**ਗੁਰਬਾਣੀ ਵਿਚ ਦਰਜ ਥਣਧਾਰੀ ਜੀਵਾਂ ਦੇ ਨਾਂ ਅਤੇ ਸੰਦਰਭ**:

| **ਥਣਧਾਰੀ ਜੀਵ** | **ਗੁਰਬਾਣੀ ਵਿਚ ਦਰਜ ਥਣਧਾਰੀ ਜੀਵ** | **ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ।** |
|---|---|---|
| ਊਠ | ਉਸ਼ਟ,[208] ਸਾਂਡੀ[209] ਕਰਹਲਾ,[210] | ਬੇਮੁਹਾਰਪਣ ਅਤੇ ਭਟਕਣਾ ਦਾ ਸੂਚਕ। |

---

[207] ਸੁਰਜੀਤ ਸਿੰਘ ਢਿੱਲੋਂ, *ਜ਼ੁਆਲੋਜੀ ਵਿਸ਼ਾ ਕੋਸ਼,* ਪੰਨਾ 149.

[208] ਤੁਰੇ **ਉਸਟ** ਮਾਇਆ ਮਹਿ ਭੇਲਾ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1160.

[209] ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ **ਸਾਂਡੀ** ਗੋ।। ਉਹੀ, ਪੰਨਾ 718.

[210] ਮਨ **ਕਰਹਲਾ** ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ।। ਉਹੀ, ਪੰਨਾ 235.

| ਥਣਧਾਰੀ ਜੀਵ | ਗੁਰਬਾਣੀ ਵਿਚ ਦਰਜ ਥਣਧਾਰੀ ਜੀਵ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| ਸ਼ੇਰ | ਸੀਂਹ,[211] ਕੇਹਰ,[212] ਸਿੰਘ,[213] ਸਾਰਦੂਲ,[214] ਬਾਘ[215] | ਜਾਬਰ, ਖੂੰਖਾਂਰੂ, ਕਠੋਰਤਾ, ਨਿਰਦਾਇਤਾ, ਅਹੰਕਾਰੀ ਅਤੇ ਆਤਮਿਕ ਮੌਤ ਵਾਲੀ ਬਿਰਤੀ ਅਤੇ ਪੰਜ ਵਿਕਾਰਾਂ ਦਾ ਲਖਾਇਕ। |
| ਖ਼ਰਗੋਸ਼ | ਸਸਾ[216] | ਸਹਿਮੀ ਅਤੇ ਡਰਪੋਕ ਬਿਰਤੀ ਦਾ ਸੂਚਕ। |
| ਸੂਰ | ਸੂਅਰ,[217] ਸੂਕਰ[218] | ਅਪਵਿੱਤਰਤਾ, ਭ੍ਰਿਸ਼ਟ ਜੂਨ ਅਤੇ ਅਧਿਕ ਬੱਚੇ ਪੈਦਾ ਕਰਨ ਵਾਲੀ ਬਿਰਤੀ ਲਈ। |
| ਹਾਥੀ | ਅਸ੍ਵ,[219] ਹਸਤੀ,[220] ਕੁਵਲੀਆਪੀੜ,[221] ਕੁੰਚਰ,[222] ਗਇ,[223] ਗੈ,[224] ਗੈਵਰ,[225] ਗਜ,[226] ਗਜਿੰਦ,[227] ਫੀਲ,[228] ਮੈਂਗਲ,[229] | ਕਾਮੀ ਬਿਰਤੀ, ਹਉਮੈ, ਹੰਕਾਰ ਆਦਿ ਔਗੁਣਾਂ ਵਿਚ ਫਸੀ ਜੀਵਾਤਮਾ ਲਈ। |

211 ਰਾਜੇ **ਸੀਹ** ਮੁਕਦਮ ਕੁਤੇ।। ਸ੍ਰੀ ਗੁਰੂ ਗ੍ਰੰਥ ਸਾਹਿਬ,, ਪੰਨਾ 1288.

212 ਅਜ ਕੈ ਵਸਿ ਗੁਰਿ ਕੀਨੋ **ਕੇਹਰਿ** ਕੂਕਰ ਤਿਨਹਿ ਲਗਾਈ ਰੇ।। ਉਹੀ, ਪੰਨਾ 381.

213 **ਸਿੰਘ** ਰੁਚੈ ਸਦ ਭੋਜਨੁ ਮਾਸ।। ਉਹੀ, ਪੰਨਾ 1180.

214 ਗਊ ਕਉ ਚਾਰੇ **ਸਾਰਦੂਲੁ**।। ਉਹੀ, ਪੰਨਾ 898.

215 ਪਾਛੈ **ਬਾਘੁ** ਡਰਾਵਣੋ ਆਗੈ ਅਗਨਿ ਤਲਾਉ।। ਉਹੀ, ਪੰਨਾ 1410.

216 ਰੂਪ ਕੰਨਿਆ ਸੁੰਦਰਿ ਬੇਧੀ **ਸਸੈ** ਸਿੰਘ ਗੁਨ ਗਾਏ।। ਉਹੀ, ਪੰਨਾ 477.

217 ਹਕੁ ਪਰਾਇਆ ਨਾਨਕਾ ਉਸੁ **ਸੂਅਰ** ਉਸੁ ਗਾਇ ।। ਉਹੀ, ਪੰਨਾ 141.

218 **ਸੂਕਰ** ਜੋਨਿ ਵਲਿ ਵਲਿ ਅਉਤਰੈ ।। ਉਹੀ, ਪੰਨਾ 526.

219 ਕਨਿਕ **ਅਸ੍ਵ** ਹੈਵਰ ਭੂਮਿ ਦਾਨ।। ਉਹੀ, ਪੰਨਾ 265.

220 **ਹਸਤੀ** ਘੋੜੇ ਦੇਖਿ ਵਿਗਾਸਾ।। ਉਹੀ, ਪੰਨਾ 176.

221 **ਕੁਵਲੀਆਪੀੜੁ** ਆਪਿ ਮਰਾਇਦਾ ਪਿਆਰਾ, ਉਹੀ, ਪੰਨਾ 606.

222 ਕਾਮ ਮਾਇਆ **ਕੁੰਚਰ** ਕਉ ਬਿਆਪੈ।। ਉਹੀ, ਪੰਨਾ 1160.

223 ਕਬੀਰ ਹੈ **ਗਇ** ਬਾਹਨ ਸਘਨ ਘਨ ਲਾਖ ਧਜਾ ਫਹਰਾਹਿ।। ਉਹੀ, ਪੰਨਾ 1370.

224 ਕਬੀਰ ਹੈ **ਗੈ** ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ।। ਉਹੀ, ਪੰਨਾ 1372.

225 ਹੈਵਰ **ਗੈਵਰ** ਨੇਜੇ ਵਾਜੇ।। ਉਹੀ, ਪੰਨਾ 225.

226 ਕਈ ਜਨਮ **ਗਜ** ਮੀਨ ਕੁਰੰਗਾ।। ਉਹੀ, ਪੰਨਾ 176.

227 ਕਰੈ **ਗਜਿੰਦੁ** ਸੁੰਡ ਕੀ ਚੋਟ।। ਉਹੀ, ਪੰਨਾ 1165.

228 **ਫੀਲੁ** ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ।। ਉਹੀ, ਪੰਨਾ 477.

229 ਮਨੁ ਮੈ ਮਤੁ **ਮੈਗਲ** ਮਿਕਦਾਰਾ।। ਉਹੀ, ਪੰਨਾ 159.

| ਥਣਧਾਰੀ ਜੀਵ | ਗੁਰਬਾਣੀ ਵਿਚ ਦਰਜ ਥਣਧਾਰੀ ਜੀਵ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| | ਮਤਾਗਲ,[230] ਨਾਗਹ,[231] ਮਤੰਗ[232] | |
| ਹਿਰਨ | ਹਰਾ,[233] ਹਰਨ,[234] ਕੁਰੰਗ,[235] ਕੁਰੰਕ,[236] ਮਿਰਗ,[237] ਮਿਰੀਆ[238] | ਤ੍ਰਿਸ਼ਨਾਮਈ, ਦੁਨੀਆਂ ਤੋਂ ਬੇਮੁਹਤਾਜਤਾ, ਪਰਮਾਤਮਾ ਦੀ ਸਰਬ ਵਿਆਪਕਤਾ ਦਰਸਾਉਣ ਲਈ ਹਿਰਨ ਦੀ ਨਾਭੀ ਵਿਚਲੀ ਕਸਤੂਰੀ ਦਾ ਜ਼ਿਕਰ, ਗਿਆਨ ਇੰਦਰੇ ਲਈ। |
| ਕੁੱਤਾ | ਕੁਤਾ,[239] ਕੂਕਰ,[240] ਸੁਆਨ,[241] ਸਗਿ[242] | ਲਾਲਚੀ ਬਿਰਤੀ, ਭੌਂਕਣ ਅਤੇ ਗੰਦੀਆਂ ਆਦਤਾਂ ਗ੍ਰਹਿਣ ਕਰਨ ਸੰਬੰਧੀ ਪਰ ਫਿਰ ਵੀ ਕੁੱਤੇ ਦੀ ਵਫ਼ਾਦਾਰੀ ਦਰਸਾਈ ਗਈ ਹੈ। |
| ਗਊ | ਗਊ,[243] ਗਾਈ,[244] ਗੋਧਨ,[245] ਧੇਨ,[246] ਕੈਲੀ,[247] ਸੁਰਹ[248] | ਪੁੰਨ ਦਾਨ, ਨਿਮਰਤਾ, ਸਮਾਜਿਕ ਬੁਰਾਈਆਂ, ਕੁਰਾਹੇ ਪਈਆਂ ਇੰਦਰੀਆਂ, ਗੁਰਮੁਖਾਂ ਦਾ |

[230] ਮਨ ਕੀ ਮਤਿ **ਮਤਾਗਲੁ** ਮਤਾ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 351.

[231] ਆਰੂੜਤੇ **ਅਸ੍ਵ** ਰਥ ਨਾਗਹ ਬੁਝੰਤੇ ਪ੍ਰਭ ਮਾਰਗਹ।। ਉਹੀ, ਪੰਨਾ 1356.

[232] ਗੋਬਿੰਦ ਗੁਪਤ ਹੋਇ ਰਹਿਓ ਨਿਆਰੋ **ਮਾਤੰਗ** ਮਤਿ ਅਹੰਕਾਰ।। ਉਹੀ, ਪੰਨਾ 1229.

[233] ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ **ਹਰਾ**।। ਉਹੀ, ਪੰਨਾ 1084.

[234] ਕਬੀਰ **ਹਰਨਾ** ਦੂਬਲਾ ਇਹੁ ਹਰੀਆਰਾ ਤਾਲੁ।। ਉਹੀ, ਪੰਨਾ 1367.

[235] ਕਈ ਜਨਮ ਗਜ ਮੀਨ **ਕੁਰੰਗਾ** ।। ਉਹੀ, ਪੰਨਾ 176.

[236] **ਕੁਰੰਕ** ਨਾਦੈ ਨੇਹੁ।। ਉਹੀ, ਪੰਨਾ 838.

[237] ਬਨ ਕਾ **ਮਿਰਗੁ** ਮੁਕਤਿ ਸਭੁ ਹੋਗੁ।। ਉਹੀ, ਪੰਨਾ 324.

[238] ਸਕਤਾ ਸੀਹੁ ਮਾਰੇ ਸੈ **ਮਿਰਿਆ** ਸਭ ਪਿਛੈ ਪੈ ਖਾਇ।। ਉਹੀ, ਪੰਨਾ 1286.

[239] ਅੰਤਰਿ ਲੋਭੁ ਭਉਕੈ ਜਿਸੁ **ਕੁਤਾ**।। ਉਹੀ, ਪੰਨਾ 1046.

[240] ਬਿਨੁ ਸਿਮਰਨ **ਕੂਕਰ** ਹਰਕਾਇਆ।। ਉਹੀ, ਪੰਨਾ 239.

[241] ਅੰਤਰਿ ਬਿਆਪੈ ਲੋਭੁ **ਸੁਆਨੁ** ।। ਉਹੀ, ਪੰਨਾ 267.

[242] **ਸਗ** ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ।। ਉਹੀ, ਪੰਨਾ 1291.

[243] ਆਪੇ **ਗਊ** ਆਪੇ ਰਖਵਾਲਾ।। ਉਹੀ, ਪੰਨਾ 1021.

[244] ਦੇਖਤ **ਸਿੰਘੁ** ਚਰਾਵਤ ਗਾਈ।। ਉਹੀ, ਪੰਨਾ 481.

[245] ਬੇਨੁ ਬਜਾਵੈ **ਗੋਧਨੁ** ਚਰੈ।। ਉਹੀ, ਪੰਨਾ 988.

[246] **ਧੇਨੁ** ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।। ਉਹੀ, ਪੰਨਾ 133.

[247] ਬ੍ਰਹਮਣ **ਕੈਲੀ** ਘਾਤੁ ਕੰਞਕਾ ਅਣਚਾਰੀ ਕਾ ਧਾਨੁ।। ਉਹੀ, ਪੰਨਾ 1413.

[248] **ਸੁਰਹ** ਕੀ ਜੈਸੀ ਤੇਰੀ ਚਾਲ।। ਉਹੀ, ਪੰਨਾ 1196.

| ਥਣਧਾਰੀ ਜੀਵ | ਗੁਰਬਾਣੀ ਵਿਚ ਦਰਜ ਥਣਧਾਰੀ ਜੀਵ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| | | ਪਰਮਾਤਮਾ ਵਲ ਲੱਗਿਆ ਧਿਆਨ ਦਰਸਾਉਣ ਲਈ ਅਤੇ ਗਾਂ ਨੂੰ ਨਿਰਬਾਹ ਲਈ ਲੋੜੀਂਦੀਆਂ ਚੀਜ਼ਾਂ ਵਿਚ ਵੀ ਸ਼ਾਮਲ ਕੀਤਾ ਹੈ। |
| ਗਧਾ | ਗਰਧਪ,[249] ਗਦਹੁ,[250] ਖਰ[251] | ਮੂਰਖਤਾ ਦਰਸਾਉਣ ਲਈ, ਵਿਸ਼ੇ ਵਿਕਾਰਾਂ ਦੀ ਖੇਹ ਪ੍ਰਤੀ ਲਗਾਓ ਆਦਿ ਦਾ ਲਖਾਇਕ। |
| ਗਿਦੜ | ਜੰਬੁਕ,[252] ਸਿਆਲ,[253] ਸਿਆਰ,[254] | ਨਿਮਰਤਾ ਅਤੇ ਮਾੜੇ ਕਰਮਾਂ ਨੂੰ ਪ੍ਰਭੂ ਅਗੇ ਗਿਦੜ ਮੰਨਿਆ ਗਿਆ ਹੈ। |
| ਗੈਂਡਾ | ਗੈਂਡਾ[255] | ਪਖੰਡ ਕਰਨ ਵਾਲਿਆਂ ਨੂੰ ਸਮਝਾਉਣ ਲਈ। |
| ਘੋੜਾ | ਘੋੜੇ,[256] ਤਾਜੀ,[257] ਤੁਰੇ,[258] ਤੁਰੰਗ,[259] ਹੈਵਰ,[260] ਅਸ੍ਵ[261] | ਅਹੰਕਾਰੀ ਅਤੇ ਐਸ਼ੋ-ਇਸ਼ਰਤ ਦੀ ਸੂਚਕ, ਝੂਠੇ ਪਦਾਰਥਾਂ ਵਿਚ ਗ੍ਰਸੇ ਜੀਵ ਨੂੰ ਇਸ ਦੀ ਥੋੜ੍ਹਚਿਰੀ ਦਿਖਾਉਣ ਲਈ। |
| ਚੂਹਾ | ਘੀਸ,[262] ਮੂਸਾ,[263] ਚੂਹਾ,[264] ਊਂਦਰ[265] | ਜਮ ਦੇ ਰੂਪ ਵਿਚ, ਲੁਟਣ ਵਾਲੇ ਦੇ ਪ੍ਰਸੰਗ ਵਿਚ ਅਤੇ ਤ੍ਰਿਸ਼ਨਾ ਦੇ ਪ੍ਰਸੰਗ ਵਿਚ। |

249 **ਗਰਧਪ** ਵਾਂਗੂ ਲਾਹੇ ਪੇਟਿ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 201.

250 ਪਹਿਰਿ ਚੋਲਨਾ **ਗਦਹਾ** ਨਾਚੈ ਭੈਸਾ ਭਗਤਿ ਕਰਾਵੈ।। ਉਹੀ, ਪੰਨਾ 477 .

251 ਨਾਨਕ ਸੇ ਨਰ ਅਸਲਿ **ਖਰ** ਜਿ ਬਿਨੁ ਗੁਣ ਗਰਬੁ ਕਰੰਤਿ।। ਉਹੀ, ਪੰਨਾ 1246.

252 **ਸਿੰਘ** ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ।। ਉਹੀ, ਪੰਨਾ 858.

253 ਸੁਆਨ **ਸਿਆਲ** ਮਾਇਆ ਮਹਿ ਰਾਤਾ।। ਉਹੀ, ਪੰਨਾ 1160.

254 ਜਬ ਹੀ **ਸਿਆਰੁ** ਸਿੰਘ ਕਉ ਖਾਇ ।। ਉਹੀ, ਪੰਨਾ 1161.

255 **ਗੈਂਡਾ** ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।। ਉਹੀ, ਪੰਨਾ 1289.

256 ਹਸਤੀ **ਘੋੜੇ** ਪਾਖਰੇ ਲਸਕਰ ਲਖ ਅਪਾਰ।। ਉਹੀ, ਪੰਨਾ 63.

257 **ਤਾਜੀ** ਰਥ ਤੁਖਾਰ ਹਾਥੀ ਪਾਖਰੇ।। ਉਹੀ, ਪੰਨਾ 141.

258 **ਤੁਰੇ** ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ।। ਉਹੀ, ਪੰਨਾ 472.

259 ਕਬਹੂ ਤੁਰੇ **ਤੁਰੰਗ** ਨਚਾਵੈ।। ਉਹੀ, ਪੰਨਾ 1164.

260 ਕਨਿਕ ਕਾਮਿਨੀ **ਹੈਵਰ** ਗੈਵਰ ਬਹੁ ਬਿਧਿ ਦਾਨੁ ਦਾਤਾਰਾ।। ਉਹੀ, ਪੰਨਾ 642.

261 ਕਨਿਕ **ਅਸ੍ਵ** ਹੈਵਰ ਭੂਮਿ ਦਾਨ।। ਉਹੀ, ਪੰਨਾ 265.

262 ਬੈਠਿ ਸਿੰਘੁ ਘਰਿ ਪਾਨ ਲਗਾਵੈ **ਘੀਸ** ਗਲਉਰੇ ਲਿਆਵੈ।। ਉਹੀ, ਪੰਨਾ 477.

263 ਅਨਦਿਨੁ **ਮੂਸਾ** ਲਾਜੁ ਟੁਕਾਈ।। ਉਹੀ, ਪੰਨਾ 390.

264 ਜਮੁ **ਚੂਹਾ** ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ।। ਉਹੀ, ਪੰਨਾ 304.

265 **ਊਂਦਰ** ਦੂੰਦਰ ਪਾਸਿ ਧਰੀਜੈ।। ਉਹੀ, ਪੰਨਾ 905.

| ਥਣਧਾਰੀ ਜੀਵ | ਗੁਰਬਾਣੀ ਵਿਚ ਦਰਜ ਥਣਧਾਰੀ ਜੀਵ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| ਚੂਹੀ | ਮੂਸਰੀ[266] | ਇੰਦਰੀਆਂ ਦੀ ਲਖਾਇਕ। |
| ਚੀਤਾ | ਚੀਤਾ[267] | ਮਾਇਆ ਦਾ ਪ੍ਰਭਾਵ ਗ੍ਰਹਿਣ ਕਰਨ ਵਾਲੇ ਜੀਵਾਂ ਲਈ। |
| ਬਲਦ | ਬਲਦ,[268] ਧੌਲ,[269] ਬੈਲ,[270] ਬਰਧ[271] | ਗਿਆਨ ਇੰਦਰਿਆਂ ਅਤੇ ਸਤ ਸੰਤੋਖ ਲਈ। ਨਿੰਦਕ, ਤ੍ਰਿਸ਼ਨਾਲੂ ਅਤੇ ਮਨ ਨੂੰ ਵੀ ਬਲਦ ਨਾਲ ਤੁਲਨਾਇਆ ਹੈ। |
| ਬੱਕਰਾ-ਬੱਕਰੀ | ਬਕਰੀ,[272] ਬਕਰਾ,[273] ਅਜ[274] | ਨਿਮਰਤਾ ਅਤੇ ਕਰਮਕਾਂਡ ਦੀ ਸੂਚਕ। |
| ਬਘਿਆੜੀ | ਬਘਿਆੜੀ[275] | ਅੰਧ ਵਿਸ਼ਵਾਸਾਂ ਦਾ ਖੰਡਨ ਕਰਨ ਲਈ। |
| ਬਿੱਲਾ-ਬਿੱਲੀ | ਮਾਂਜਾਰ,[276] ਬਿਲਾਈ,[277] ਬਿਲਕ,[278] | ਹਲੀਮੀ, ਨਿਮਰਤਾ, ਗੁਰਮੁਖਾਂ ਦੀ ਪ੍ਰਭੂ ਮਿਲਣ ਦੀ ਤਾਂਘ ਅਤੇ ਇੰਦਰੀਆਂ ਦੀ ਪ੍ਰਤੀਕ, ਕਰਮ ਕਰ ਰਹੀਆਂ ਇੰਦਰੀਆਂ ਲਈ। |
| ਬਾਂਦਰ | ਬੰਤਰ,[279] ਕਪਿ,[280] ਮਰਕਟ[281] | ਸੰਤੋਖਹੀਣ ਬਿਰਤੀ, ਅਧਿਕ ਤ੍ਰਿਸ਼ਨਾ, ਜਨਮ |

---

[266] ਘਰਿ ਘਰਿ ਮੁਸਰੀ ਮੰਗਲੁ ਗਾਵਹਿ **ਕਛੂਆ** ਸੰਖੁ ਬਜਾਵੈ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 477.

[267] ਬੰਤਰ **ਚੀਤੇ** ਅਰੁ ਸਿੰਘਾਤਾ।। ਉਹੀ, ਪੰਨਾ 1160.

[268] ਓਹੁ ਤੇਲੀ ਸੰਦਾ **ਬਲਦੁ** ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ।। ਉਹੀ, ਪੰਨਾ 309.

[269] **ਧੌਲੁ** ਧਰਮੁ ਦਇਆ ਕਾ ਪੂਤੁ।। ਉਹੀ, ਪੰਨਾ 3.

[270] ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ **ਬੈਲੁ** ਹਮਾਰ।। ਉਹੀ, ਪੰਨਾ 345.

[271] **ਬਰਧ** ਪਚੀਸਕ ਸੰਗੁ ਕਾਚ।। ਉਹੀ, ਪੰਨਾ 1194.

[272] **ਬਕਰੀ** ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ।। ਉਹੀ, ਪੰਨਾ 735.

[273] ਅਭਾਖਿਆ ਕਾ ਕੁਠਾ **ਬਕਰਾ** ਖਾਣਾ।। ਉਹੀ, ਪੰਨਾ 472.

[274] **ਅਜ** ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ।। ਉਹੀ, ਪੰਨਾ 381.

[275] ਦਸ **ਬਿਘਿਆੜੀ** ਲਈ ਨਿਵਾਰਿ।। ਉਹੀ, ਪੰਨਾ 899.

[276] **ਮਾਂਜਾਰ** ਗਾਡਰ ਅਰੁ ਲੂਬਰਾ।। ਉਹੀ, ਪੰਨਾ 1160.

[277] ਘਰ ਕੀ **ਬਿਲਾਈ** ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ।। ਉਹੀ, ਪੰਨਾ 381.

[278] ਅਖੀ ਪ੍ਰੇਮ ਕਸਾਈਆ ਜਿਉ **ਬਿਲਕ** ਮਸਾਈ ਰਾਮ।। ਉਹੀ, ਪੰਨਾ 845.

[279] **ਬੰਤਰ** ਚੀਤੇ ਅਰੁ ਸਿੰਘਾਤਾ।। ਉਹੀ, ਪੰਨਾ 1160.

[280] ਜਿਉ **ਕਪਿ** ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ।। ਉਹੀ, ਪੰਨਾ 336.

[281] **ਮਰਕਟ** ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ।। ਉਹੀ, ਪੰਨਾ 336.

| ਥਣਧਾਰੀ ਜੀਵ | ਗੁਰਬਾਣੀ ਵਿਚ ਦਰਜ ਥਣਧਾਰੀ ਜੀਵ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| | | ਮਰਨ ਦਾ ਗੇੜ ਅਤੇ ਅਗਿਆਨੀ ਬਿਰਤੀ ਦਰਸਾਉਣ ਲਈ। |
| ਭੇਡ | ਭੇਡ,[282] ਗਾਡਰ,[283] | ਅਗਿਆਨਤਾ ਅਤੇ ਲਾਈ ਲਗ ਦੀ ਸੂਚਕ। |
| ਭੈਸਾ (ਝੋਟਾ) | ਭੈਸਾ[284], | ਵਿਸ਼ੇ ਵਿਕਾਰਾਂ ਵਿਚ ਗ੍ਰਸੇ ਮਨ ਲਈ। |
| ਮੱਝ | ਮਾਝਾ,[285] ਭੇਸ[286] | ਮੱਝ ਦਾ ਦੁੱਧ ਪਰਮਾਤਮਾ ਦੇ ਨਾਮ ਦੀ ਮਿਠਾਸ ਦਾ ਲਖਾਇਕ। |
| ਲੂੰਬੜੀ | ਲੂਬਰਾ[287] | ਛਲ ਕਪਟ ਅਤੇ ਮਾਇਆ ਦਾ ਪ੍ਰਭਾਵ ਦਰਸਾਉਣ ਲਈ। |
| ਲੇਲਾ | ਲੇਲਾ[288] | ਮਨ ਲਈ। |
| ਵੱਛੜਾ | ਬਛਰਾ,[289] | ਸੰਦੇਹ ਅਤੇ ਡਰ ਦਾ ਪ੍ਰਤੀਕ। |

ਇਹਨਾਂ ਜੀਵਾਂ ਵਿਚ ਹਾਥੀ ਕਾਮ ਦੇ ਰੋਗ ਵਿਚ ਗ੍ਰਸਤ ਹੈ, ਉਸ ਨੂੰ ਕਾਬੂ ਕਰਨ ਲਈ ਮਹਾਵਤ ਹਥਣੀ ਦਾ ਬੁਤ ਬਣਾ ਕੇ ਪੇਸ਼ ਕਰ ਦਿੰਦਾ ਹੈ। ਜਿਸ ਕਾਰਨ ਹਾਥੀ ਮਹਾਵਤ ਦੇ ਜਾਲ ਵਿਚ ਫਸ ਜਾਂਦਾ ਹੈ ਅਤੇ ਫਿਰ ਆਪਣੇ ਕੁੰਡੇ ਅਧੀਨ ਉਸ ਤੋਂ ਕਾਰਜ ਕਰਵਾਉਂਦਾ ਹੈ। ਇਸ ਤਰ੍ਹਾਂ ਕਾਮ ਵਾਸ਼ਨਾ ਵਿਚ ਅੰਧੇ ਅਤੇ ਹੰਕਾਰੀ ਮਨ ਨੂੰ ਵੀ ਹਾਥੀ ਨਾਲ ਤੁਲਨਾਇਆ ਗਿਆ ਹੈ। ਅਜਿਹੇ ਵਿਕਾਰਾਂ ਵਿਚ ਗ੍ਰਸਤ ਮਨ ਨੂੰ ਚਲਾਉਣ ਲਈ ਗੁਰੂ ਰੂਪੀ ਮਹਾਵਤ ਦੇ ਗਿਆਨ ਦਾ ਕੁੰਡਾ ਕੰਮ ਆਉਂਦਾ ਹੈ। ਇਸ ਗਿਆਨ ਦੇ ਕੁੰਡੇ ਦੀ ਮਾਰ ਤੋਂ ਬਿਨਾਂ ਇਹ ਹੰਕਾਰੀ ਹਾਥੀ

---

282 ਲੇਲੇ ਕਉ ਚੂਘੈ ਨਿਤ **ਭੇਡ**।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 326.

283 **ਗਾਡਰ** ਲੇ ਕਾਮਧੇਨੁ ਕਰਿ ਪੂਜੀ।। ਉਹੀ, ਪੰਨਾ 198.

284 ਮਾਤਾ **ਭੈਸਾ** ਅੰਮੁਹਾ ਜਾਇ।। ਉਹੀ, ਪੰਨਾ 326.

285 ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ **ਮਾਂਝਾ** ਦੁਧੁ।। ਉਹੀ, ਪੰਨਾ 1379.

286 ਗਊ **ਭੈਸ** ਮਗਉ ਲਾਵੇਰੀ।। ਉਹੀ, ਪੰਨਾ 695.

287 ਮਾਂਜਾਰ ਗਾਡਰ ਅਰੁ **ਲੂਬਰਾ**।। ਉਹੀ, ਪੰਨਾ 1160.

288 **ਲੇਲੇ** ਕਉ ਚੂਘੈ ਨਿਤ ਭੇਡ।। ਉਹੀ, ਪੰਨਾ 326.

289 **ਬਛਰੇ** ਬਿਨੁ ਗਾਇ ਅਕੇਲੀ।। ਉਹੀ, ਪੰਨਾ 874.

ਜਿਹਾ ਮਨ ਮੁੜ-ਮੁੜ ਕੁਰਾਹੇ ਪੈਂਦਾ ਹੈ:

ਮਨ ਕੁੰਚਰ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੈ ਤਹ ਜਾਇ।।

ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)

ਸ੍ਰਿਸ਼ਟੀ ਦੇ ਜਲੀ, ਥਲੀ ਅਤੇ ਹਵਾ ਵਿਚ ਉਡਣ ਵਾਲੇ ਸਭ ਜੀਵ ਮਾਇਆ ਦੇ ਘੇਰੇ ਵਿਚ ਹਨ। ਮਾਇਆ ਦਾ ਇਹ ਪ੍ਰਭਾਵ ਗੁਰੂ ਸ਼ਰਨ ਵਿਚ ਪੈ ਕੇ ਦੂਰ ਹੁੰਦਾ ਹੈ:

ਜਲ ਮਹਿ ਮੀਨ ਮਾਇਆ ਕੇ ਬੇਧੇ।। ਦੀਪਕ ਪਤੰਗ ਮਾਇਆ ਕੇ ਛੇਦੇ।।...

... ਬੰਤਰ ਚੀਤੇ ਅਰੁ ਸਿੰਘਾਤਾ।। ਮਾਂਜਾਰ ਗਾਡਰ ਅਰੁ ਲੂਬਰਾ।।

ਬਿਰਖ ਮੂਲ ਮਾਇਆ ਮਹਿ ਪਰਾ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1160)

ਮਾਇਆ ਵਿਚ ਗ੍ਰਸੇ ਇਹ ਸਾਰੇ ਜੀਵ ਪੰਜਾਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਚੋਂ ਕਿਸੇ ਨਾ ਕਿਸੇ ਵਿਕਾਰ ਵਿਚ ਜ਼ਰੂਰ ਫਸ ਕੇ ਦੁੱਖ ਪਾਉਂਦੇ ਹਨ। ਇਹਨਾਂ ਵਿਚੋਂ ਮਨੁੱਖ ਅਜਿਹਾ ਜੀਵ ਹੈ ਜਿਹੜਾ ਇਹਨਾਂ ਪੰਜਾਂ ਵਿਕਾਰਾਂ ਨਾਲ ਹੀ ਗ੍ਰਸਿਆ ਹੋਇਆ ਹੈ। ਜਿਸ ਕਾਰਨ ਉਹ ਪਰਮਾਤਮਾ ਦਾ ਨਾਮ ਲਏ ਬਿਨਾਂ ਨਹੀਂ ਬਚ ਸਕਦਾ ਹੈ:

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 486)

ਗੁਰਬਾਣੀ ਵਿਚ ਸਮਾਜ ਦੀ ਅਧੋਗਤੀ ਬਿਆਨਣ ਲਈ ਜ਼ੁਲਮੀ ਰਾਜਿਆਂ ਨੂੰ ਖੂੰਖਾਰ ਸ਼ੇਰ, ਅਹਿਲਕਾਰਾਂ ਨੂੰ ਕੁੱਤਿਆ ਅਤੇ ਨਿਹਥੇ ਲੋਕਾਂ ਨੂੰ ਗਾਂਵਾਂ ਦੇ ਵਗ ਨਾਲ ਤੁਲਨਾਇਆ ਗਿਆ ਹੈ। ਨਾਮ ਸਿਮਰਨ ਤੋਂ ਬਾਂਝੇ ਮਨਮੁਖ ਵਿਅਕਤੀ ਦਾ ਜੀਵਨ ਸੱਪ, ਸੂਰ, ਕੁੱਤੇ, ਕਾਂ ਅਤੇ ਗਧੇ ਦੀ ਨਿਆਈਂ ਹੈ। ਜਿਹੜਾ ਕਿ ਜੀਵਨ ਦਾ ਮਨੋਰਥ ਭੁੱਲ ਕੇ ਹੋਰ ਹੀ ਕੰਮਾਂ ਵਿਚ ਵਿਆਸਤ ਹੈ:

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।।

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1356)

ਗੁਰਬਾਣੀ ਵਿਚ ਸਿਮਰਨ ਵਿਹੂਣੇ ਦੇ ਮਨ ਦੀ ਚੰਚਲਤਾ ਦਰਸਾਉਣ ਲਈ ਹਿਰਨ ਦਾ ਬਿੰਬ ਵਰਤਿਆ ਗਿਆ ਹੈ। ਹਿਰਨ ਐਸਾ ਜਾਨਵਰ ਹੈ, ਜੋ ਘਾਹ ਪੱਠਾ ਚਰਨ ਲਈ ਬਗ਼ੀਚਿਆਂ ਵਿਚ ਵੜ ਕੇ ਨੁਕਸਾਨ ਕਰਦਾ ਹੈ:

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।।

(ਸ੍ਰੀ ਗੁਰੂ ਗ੍ਰੰਥ ਸਾਹਿਬ, 438)

'ਮਨਮੁਖ' ਵਿਅਕਤੀ ਨੂੰ ਮਿਰਗ ਨਾਲ ਤੁਲਨਾਇਆ ਗਿਆ ਹੈ, ਜਿਵੇਂ ਮਿਰਗ ਆਪਣੇ ਅੰਦਰ ਪਈ ਕਸਤੂਰੀ ਦੀ ਸਾਰ ਨਹੀਂ ਜਾਣਦਾ, ਇਸ ਨੂੰ ਪਾਉਣ ਲਈ ਬਾਹਰ ਭਟਕਦਾ ਫਿਰਦਾ ਹੈ। ਮਨਮੁਖ ਵਿਅਕਤੀ ਵੀ ਹਿਰਦੇ ਵਿਚ ਵਸਦੇ ਪਰਮਾਤਮਾ ਦੇ ਨਾਮ ਦੀ ਸਾਰ ਨਹੀਂ ਜਾਣਦਾ ਅਤੇ ਹੋਰ ਹੀ ਬਾਹਰੀ ਕਰਮਕਾਂਡਾਂ ਵਿਚ ਫਸਿਆ ਰਹਿੰਦਾ ਹੈ। ਗੁਰਬਾਣੀ ਵਿਚ ਮਨ ਦੀ ਤੁਲਨਾ ਅਨੇਕ ਪਸ਼ੂਆਂ ਹਾਥੀ, ਮਿਰਗ, ਊਠ, ਲੈਲਾ, ਝੋਟਾ, ਬਾਂਦਰ, ਆਦਿ ਨਾਲ ਕੀਤੀ ਹੈ।

ਬਾਣੀ ਵਿਚ ਇਹਨਾਂ ਪਸ਼ੂਆਂ ਤੋਂ ਇਲਾਵਾ ਕਈ ਮਿਥਿਹਾਸਿਕ ਪਸ਼ੂਆਂ ਦਾ ਵੀ ਜ਼ਿਕਰ ਆਇਆ ਹੈ ਜਿਵੇਂ ਕਿ 'ਸਿਖਰਿ' ਜਿਸ ਦਾ ਭਾਵ ਲੰਮੇ ਕੰਨਾਂ ਵਾਲਾ ਸਤ ਮੂੰਹਾਂ ਘੋੜਾ ਜੋ ਦੇਵਤਿਆਂ ਦੇ ਸਾਗਰ ਮੰਥਨ ਸਮੇਂ ਸਮੁੰਦਰ ਵਿਚੋਂ ਨਿਕਲਿਆ।

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 695)

**(ਅ) ਕੀਟ**: ਜੀਵਾਂ ਦੀਆਂ ਚੁਰਾਸੀ ਲੱਖ ਜੂਨਾਂ ਵਿਚੋਂ 'ਕੀਟ' ਵੀ ਇਕ ਜੂਨ ਹੈ। ਕੀਟ ਜਾਤੀ ਵਿਚ ਅੱਖ ਨਾਲ ਵਿਖਾਈ ਨਾ ਦੇਣ ਵਾਲੇ ਜੀਵਾਂ ਤੋਂ ਲੈ ਕੇ ਕੁਝ ਵੱਡੇ ਜੀਵ ਵੀ ਸ਼ਾਮਿਲ ਹਨ। ਇਹਨਾਂ ਕੀਟਾਂ ਦੀਆਂ ਅਨੇਕ ਜਾਤੀਆਂ ਹਨ, ਜਿਹਨਾਂ ਵਿਚ ਪਾਣੀ ਵਿਚ ਰਹਿਣ ਵਾਲੇ, ਵਿਸਟਾ ਵਿਚ ਰਹਿਣ ਵਾਲੇ, ਧਰਤੀ ਉਤੇ ਰਹਿਣ ਵਾਲੇ ਅਤੇ ਹਵਾ ਵਿਚ ਉਡਣ ਵਾਲੇ, ਸੈਲ

ਜਾਂ ਪਥਰਾਂ ਵਿਚ ਰਹਿਣ ਵਾਲੇ ਆਦਿ ਕੀਟ ਸ਼ਾਮਿਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਟ ਲਈ ਕੀਟ,[290] ਕੀੜਾ,[291] ਕੀਰਾ,[292] ਕਿਰਮ[293] ਅਤੇ ਕਿਰਮਾਇਣ[294] ਆਦਿ ਸ਼ਬਦ ਵਰਤੇ ਗਏ ਹਨ। 'ਕੀਟ' ਸ਼ਬਦ ਨਿਮਰਤਾ ਜਾਂ ਅਦਨਤਾ ਦਾ ਪ੍ਰਤੀਕ ਹੈ। ਇਹਨਾਂ ਅਦਨੇ ਜੀਵਾਂ ਵਿਚ ਵੀ ਪਰਮਾਤਮਾ ਦਾ ਵਸੇਬਾ ਹੈ:

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 988)

ਪਰਮਾਤਮਾ ਦਾ ਨਾਮ ਨਾ ਜਪਣ ਵਾਲੇ ਮਨਮੁਖ ਵਿਅਕਤੀ ਨੂੰ ਚੁਰਾਸੀ ਜੂਨਾਂ ਵਿਚੋਂ ਲੰਘਣਾ ਪੈਂਦਾ ਹੈ। ਜਿਹਨਾਂ ਵਿਚ 'ਕੀਟਾਂ' ਦੀ ਵੀ ਜੂਨ ਮੰਨੀ ਗਈ ਹੈ:

ਅਸਥਾਵਰ ਜੰਗਮ ਕੀਟ ਪਤੰਗਾ।। ਅਨਿਕ ਜਨਮ ਕੀਏ ਬਹੁ ਰੰਗਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 325)

ਵਿਗਿਆਨ ਦੀ ਭਾਸ਼ਾ ਵਿਚ ਕੀਟ ਲਈ ਆਰਥਰੋਪੋਡ (Arthropod) ਸ਼ਬਦ ਵਰਤਿਆ ਗਿਆ ਹੈ। ਸੁਰਜੀਤ ਸਿੰਘ ਅਨੁਸਾਰ ਆਰਥੋਪਰੋਡਾ ਸ਼ਬਦ ਦੋ ਯੂਨਾਨੀ ਸ਼ਬਦਾਂ ਆਰਥੋਨ (Arthron) ਅਤੇ ਪੋਅਸ (pous) ਤੋਂ ਮਿਲ ਕੇ ਬਣਿਆ ਹੈ। ਇਹਨਾਂ ਵਿਚ ਆਰਥੋਨ ਦੇ ਅਰਥ ਜੋੜ ਅਤੇ ਪੋਅਸ ਦੇ ਅਰਥ ਪੈਰ ਹਨ। ਜੋੜ ਜੜੀਆਂ ਟੰਗਾਂ ਵਾਲੇ ਪ੍ਰਾਣੀ ਜੀਵਾਂ ਦੇ ਕਬੀਲੇ ਨੂੰ ਇਹ ਨਾਮ ਦਿਤਾ ਗਿਆ ਹੈ। ਰੀੜ੍ਹ ਰਹਿਤ ਪ੍ਰਾਣੀ ਜੀਵਾਂ ਦਾ ਇਹ ਮੁੱਖ ਤੇ ਸਿਰਕੱਢ ਕਬੀਲਾ ਹੈ। ਜਿਸ ਵਿਚ ਝੀਂਗੇ ਕੇਕੜੇ, ਕੀਟ ਪਤੰਗੇ, ਕੰਨਖਜੂਰੇ ਤੇ ਘੁਮਾਰ ਜਿਹੇ ਬਹੁਟੰਗੇ ਸੁੰਡ, ਮਕੜੀਆਂ, ਚਿੱਚੜ ਆਦਿ ਸ਼ਾਮਿਲ ਹਨ।[295] ਗੁਰਬਾਣੀ ਵਿਚ ਇਹਨਾਂ ਕੀਟਾਂ ਦੇ ਗੁਣਾਂ ਅਤੇ ਔਗੁਣਾਂ ਰਾਹੀਂ ਮਨਮੁਖ ਵਿਅਕਤੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

---

[290] ਕਈ ਜਨਮ ਭਏ **ਕੀਟ** ਪਤੰਗਾ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 176.

[291] **ਕੀੜਾ** ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।। ਉਹੀ, ਪੰਨਾ 144.

[292] ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ **ਕੀਰਾ**।। ਉਹੀ, ਪੰਨਾ 163.

[293] ਤੇਰਾ ਕੀਆ **ਕਿਰਮ** ਜੰਤੁ।। ਉਹੀ, ਪੰਨਾ 1176.

[294] ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ **ਕਿਰਮਾਇਣਾ**।। ਉਹੀ, ਪੰਨਾ 1078.

[295] ਸੁਰਜੀਤ ਸਿੰਘ ਢਿਲੋਂ, *ਜੁਆਲੋਜ਼ੀ ਵਿਸ਼ਾ-ਕੋਸ਼,* ਪੰਨਾ 18

**ਗੁਰਬਾਣੀ ਵਿਚ ਦਰਜ ਕੀਟਾਂ ਦੇ ਨਾਂ ਅਤੇ ਸੰਦਰਭ:**

| **ਕੀਟ** | **ਗੁਰਬਾਣੀ ਵਿਚ ਦਰਜ ਕੀਟ** | **ਗੁਰਬਾਣੀ ਵਿਚ ਜਿਸ ਸੰਦਰਭ ਵਿਚ ਵਰਤਿਆ ਗਿਆ।** |
|---|---|---|
| ਅਠੂੰਹਾਂ (ਬਿੱਛੂ) | ਬਿਛੂਅ,[296] ਅਠੂੰਹਿਆ[297] | ਮਾਇਆ ਗ੍ਰਸਤ ਵਿਅਕਤੀ ਲਈ ਦੇ ਕਠੋਰ ਬਚਨ ਦਰਸਾਉਣ ਲਈ। |
| ਕੀੜੀ | ਚੀਂਟੀ,[298] ਪਪੀਲਕ[299] | ਤੁੱਛ ਮੰਨੇ ਜਾਂਦੇ ਜੀਵ ਦੁਆਰਾ ਸਿਮਰਨ ਰਾਹੀਂ ਗ੍ਰਹਿਣ ਕੀਤਾ ਬਲ ਦਰਸਾਉਣ ਲਈ। |
| ਜੂੰਆਂ | ਜੂਈ[300] | ਗੰਦਗੀ ਵਿਚ ਜੀਵਨ ਬਿਤਾਉਣ ਵਾਲਿਆਂ ਦਾ ਸੂਚਕ। |
| ਪਤੰਗਾ | ਪਤੰਗ[301] | ਆਪਾ ਵਾਰਨ ਦਾ ਪ੍ਰਤੀਕ। |
| ਪਿੱਸੂ (ਚਿਚੜ) | ਪਿਸਨੰ[302] | ਦੁੱਧ ਰੂਪੀ ਅੰਮ੍ਰਿਤ ਨੂੰ ਤਿਆਗ ਕੇ ਵਿਕਾਰਾਂ ਰੂਪੀ ਖ਼ੂਨ ਚੂਸਣ ਦੀ ਬਿਰਤੀ ਦੇ ਧਾਰਨੀ ਜੀਵਾਂ ਲਈ। |
| ਭਾਂਭੀਰੀ | ਭਾਂਭੀਰੀ[303] | ਪਰਮਾਤਮਾ ਵਿਚਕਾਰ ਪੈਦਾ ਹੋਈ ਹਉਮੈ ਦੀ ਕੰਧ ਬਾਰੇ ਦਸਿਆ ਹੈ। |
| ਭੰਵਰ | ਅਲਿ[304], ਅਲੀਅਲ[305], ਭਉਰ[306], ਭਵਰੁ[307], ਭ੍ਰਿੰਗ[308] | ਲੋਭੀ ਬਿਰਤੀ ਜਾਂ ਰਸ ਦਾ ਚਾਹਵਾਨ |

---

[296] ਸਾਕਤ ਬਚਨ **ਬਿਛੂਆ** ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 981.

[297] ਮੰਤ੍ਰੀ ਹੋਇ **ਅਠੂਹਿਆ** ਨਾਗੀ ਲਗੈ ਜਾਇ।। ਉਹੀ, ਪੰਨਾ 148.

[298] ਏਕਲ ਮਾਟੀ ਕੁੰਜਰ **ਚੀਟੀ** ਭਾਜਨ ਹੈਂ ਬਹੁ ਨਾਨਾ ਰੇ।। ਉਹੀ, ਪੰਨਾ 988.

[299] ਹੇ **ਪਪੀਲਕਾ** ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ।। ਉਹੀ, ਪੰਨਾ 1359.

[300] ਮਲੁ **ਜੂਈ** ਭਰਿਆ ਨੀਲਾ ਕਾਲਾ ਖਿਧੋਲੜਾ, ਉਹੀ, ਪੰਨਾ 306.

[301] ਦ੍ਰਿਸਟਿ ਰੋਗਿ ਪਚਿ ਮੁਏ **ਪਤੰਗਾ**।। ਉਹੀ, ਪੰਨਾ 1140.

[302] ਦੁਰਬਚਨ ਭੇਦ ਭਰਮੰ ਸਾਕਤ **ਪਿਸਨੰ** ਤ ਸੁਰਜਨਹ।। ਉਹੀ, ਪੰਨਾ 1358.

[303] **ਭਾਂਭੀਰੀ** ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ।। ਉਹੀ, ਪੰਨਾ 624 .

[304] ਅਬ ਉਰਝਿਓ **ਅਲਿ** ਕਮਲੇਹ ਬਾਸਨ ਮਾਹਿ, ਉਹੀ, ਪੰਨਾ 454.

[305] **ਅਲੀਅਲ** ਗੁੰਜਾਤ **ਅਲੀਅਲ** ਗੁੰਜਾਤ, ਉਹੀ, ਪੰਨਾ 462.

[306] **ਭਉਰੁ** ਉਸਤਾਦੁ ਨਿਤ ਭਾਖਿਆ, ਉਹੀ, ਪੰਨਾ 24.

[307] ਬਾਸਨ ਰੋਗਿ **ਭਵਰੁ** ਬਿਨਸਾਨੇ।। ਉਹੀ, ਪੰਨਾ 1140.

[308] ਭੁਇਅੰਗਮ **ਭ੍ਰਿੰਗ** ਮਾਇਆ ਮਹਿ ਖਾਪੇ।। ਉਹੀ, 1160.

| ਕੀਟ | ਗੁਰਬਾਣੀ ਵਿਚ ਦਰਜ ਕੀਟ | ਗੁਰਬਾਣੀ ਵਿਚ ਜਿਸ ਸੰਦਰਭ ਵਿਚ ਵਰਤਿਆ ਗਿਆ। |
|---|---|---|
| ਮੱਕੜੀ | ਮਕੁਰੀ[309] | ਕਰਮਕਾਂਡ ਦੇ ਜਾਲ ਦੀ ਲਖਾਇਕ। |
| ਮਧੂ ਮੱਖੀ | ਮਧੁਕਰ,[310] ਮਧੁਪ,[311] | ਸਾਧ ਸੰਗਤ ਵਿਚ ਵਿਅਸਤ ਰਹਿਣ ਦੇ ਧਾਰਨੀ ਲਈ। |
| ਮੱਛਰ | ਮਛਰ,[312] ਮਸਕੰ[313] | ਡਸ ਕੇ ਦੁਖ ਦੇਣ ਦਾ ਲਖਾਇਕ। |
| ਮੱਖੀ | ਮਖੀ,[314] | ਮਾਇਆ ਦੇ ਮੋਹ ਜਾਲ ਨੂੰ ਦਰਸਾਉਣ ਦੀ ਲਖਾਇਕ । |

ਗੁਰਬਾਣੀ ਅਨੁਸਾਰ ਜਿਵੇਂ ਗੰਦ ਉਤੇ ਬੈਠਣ ਵਾਲੀ ਮੱਖੀ ਨੂੰ ਚੰਦਨ ਦੀ ਕੋਈ ਸਾਰ ਨਹੀਂ ਹੁੰਦੀ, ਇਵੇਂ ਪਾਪੀ ਅਤੇ ਵਿਕਾਰਾਂ ਨਾਲ ਭਰੇ ਮਨ ਨੂੰ ਪਰਮਾਤਮਾ ਦੇ ਨਾਮ ਦੀ ਕੋਈ ਸਾਰ ਨਹੀਂ ਹੁੰਦੀ:

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ।।

ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1368)

ਪਰਮਾਤਮਾ ਦਾ ਨਾਮ ਵਿਹੂਣਾ ਮਨੁੱਖ ਮਾਇਆ ਦੀ ਜ਼ਹਿਰ ਵਿਚ ਇਸ ਤਰ੍ਹਾਂ ਪਚ-ਪਚ ਕੇ ਮਰਦਾ ਹੈ, ਜਿਵੇਂ ਪਤੰਗਾ ਅੱਗ ਦੇ ਅਗੇ ਸੜ ਕੇ ਮਰ ਜਾਂਦਾ ਹੈ:

ਨਾਮਹੀਣ ਗਏ ਮੂੜ ਨੰਗਾ।। ਪਚਿ ਪਚਿ ਮੁਏ ਬਿਖੁ ਦੇਖਿ ਪਤੰਗ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 367)

ਜੀਵ ਅਤੇ ਪਰਮਾਤਮਾ ਵਿਚਕਾਰ ਭਾਂਭੀਰੀ ਦੇ ਪਰਦੇ ਜਿਤਨੀ ਬਰੀਕ ਕੰਧ ਹੈ, ਪਰ ਹਉਮੈ ਕਾਰਨ ਮਨੁੱਖ ਨੂੰ ਪਰਮਾਤਮਾ ਨਜ਼ਰ ਨਹੀਂ ਆਉਂਦਾ:

---

[309] ਇਨ ਬਿਧਿ ਡੂਬੀ **ਮਾਕੁਰੀ** ਭਾਈ ਊਂਡੀ ਸਿਰ ਕੈ ਭਾਰੀ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 635.

[310] ਮਨੁ ਸੁ **ਮਧੁਕਰੁ** ਕਰਉ ਚਰਨ ਹਿਰਦੇ ਧਰਉ, ਉਹੀ, ਪੰਨਾ 694.

[311] ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ **ਮਧੁਪ** ਮਖੀਰਾ।। ਉਹੀ, ਪੰਨਾ 486.

[312] **ਮਛਰ** ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।। ਉਹੀ, ਪੰਨਾ 1108.

[313] **ਮਸਕੰ** ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ।। ਉਹੀ, ਪੰਨਾ 1359.

[314] ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ **ਮਖੀ** ਖਾਇਆ।। ਉਹੀ, ਪੰਨਾ 582 .

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ।।

ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 624)

ਭਉਰੇ ਦੀ ਫੂਲ ਦੀ ਖੁਸ਼ਬੋ ਨਾਲ ਪ੍ਰੀਤੀ ਹੈ, ਪਰ ਉਸ ਦੁਆਰਾ ਖ਼ੁਸ਼ਬੋ ਦਾ ਕੀਤਾ ਗਿਆ ਲਾਲਚ ਉਸ ਦੀ ਮੌਤ ਦਾ ਕਾਰਨ ਬਣਦਾ ਹੈ। ਇਸ ਜੀਵ ਦੀ ਤੁਲਨਾ ਮਨ ਨਾਲ ਕੀਤੀ ਗਈ ਹੈ। ਜਿਹੜਾ ਲੁਭਾਇਮਾਨ ਵਸਤੂਆਂ ਦੀ ਖਿੱਚ ਵਿਚ ਭਟਕਦਾ ਫਿਰਦਾ ਦੁੱਖ ਪਾਉਂਦਾ ਹੈ:

ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 439)

ਮਨਮੁਖ ਵਿਅਕਤੀ ਮਾਇਆ ਦੇ ਜਾਲ ਵਿਚ ਇਸ ਤਰ੍ਹਾਂ ਫਸ ਕੇ ਨਸ਼ਟ ਹੋ ਜਾਂਦਾ ਹੈ, ਜਿਵੇਂ ਮੱਕੜੀ ਆਪਣੇ ਬਣਾਏ ਜਾਲ ਵਿਚ ਆਪ ਹੀ ਫਸ ਕੇ ਮੁੜ ਨਿਕਲ ਨਹੀਂ ਪਾਉਂਦੀ। ਮਨਮੁਖ ਵਿਅਕਤੀ ਨੂੰ ਪਰਮਾਤਮਾ ਦਾ ਨਾਮ ਨਹੀਂ ਭਾਉਂਦਾ। ਇਸ ਮਨਮੁਖ ਵਿਅਕਤੀ ਦੇ ਸ਼ਬਦ ਬਿੱਛੂ ਦੇ ਡੰਗਣ ਜਿੰਨੇ ਦੁਖਦਾਈ ਹੁੰਦੇ ਹਨ, ਜਿਹਨਾਂ ਦੀ ਪੀੜ ਅਸਹਿ ਹੁੰਦੀ ਹੈ। ਬਾਣੀ ਵਿਚ ਅਜਿਹੇ ਵਿਅਕਤੀ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਗੁਰਬਾਣੀ ਵਿਚ ਮਾਇਆ ਵਿਚ ਗਲਤਾਨ ਮਨੁੱਖ ਨੂੰ ਵਿਸ਼ਟਾ ਦੇ ਕੀੜੇ ਸਮਾਨ ਮੰਨਿਆ ਗਿਆ ਹੈ। ਇਹ ਮਨਮੁਖ ਵਿਅਕਤੀ ਮਾਇਆ ਵਿਚ ਫਸੇ ਹੀ ਜਨਮ ਗਵਾ ਦਿੰਦੇ ਹਨ ਤੇ ਜਨਮ ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ। ਇਸ ਮਨਮੁਖ ਵਿਅਕਤੀ ਨੂੰ ਪਰਮਾਤਮਾ ਦਾ ਨਾਮ ਨਹੀਂ ਭਾਉਂਦਾ।

**4. ਬਨਸਪਤੀ:**

ਬਨਸਪਤੀ ਕੁਦਰਤ ਦਾ ਮਹੱਤਵਪੂਰਨ ਅੰਗ ਹੈ, ਜਿਸ ਉਤੇ ਜੀਵ-ਜੰਤੂਆਂ ਦਾ ਜੀਵਨ ਨਿਰਭਰ ਹੈ। 'ਬਨਸਪਤੀ' ਸ਼ਬਦ ਸੰਸਕ੍ਰਿਤ ਭਾਸ਼ਾ ਤੋਂ ਆਇਆ ਹੈ, ਜਿਸ ਦਾ ਅਰਥ ਇਕ ਵੱਡਾ ਜੰਗਲੀ ਦਰਖ਼ਤ ਹੈ। ਜਿਸ ਨੂੰ ਬੂਰ ਆਉਣ ਤੋਂ ਬਾਅਦ ਫਲ ਲਗਦੇ ਹਨ।[315] ਬਨਸਪਤੀ ਸ਼ਬਦ ਦੇ

---

[315] ਪ੍ਰੇਮ ਪਕਾਸ਼ ਸਿੰਘ (ਸੰਪਾ.), *ਸੰਸਕ੍ਰਿਤ ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 782.

ਸ਼ਬਦਿਕ ਅਰਥ ਕਰਦਿਆਂ ਨੰਜਲਾ ਰਾਠੌਰ ਲਿਖਦੀ ਹੈ ਕਿ "ਬਨਸਪਤੀ ਪੁਰਾਣਾ ਸ਼ਬਦ ਹੈ, ਜਿਸ ਦਾ ਪ੍ਰਚਲਣ ਵੈਦਿਕ ਕਾਲ ਤੋਂ ਚਲਿਆ ਆਉਂਦਾ ਹੈ। ਇਸ ਦਾ ਸਮਾਨ-ਅਰਥੀ ਸ਼ਬਦ 'ਵਨਸਪਤ' ਅਰਥਾਤ 'ਵਣ ਦਾ ਪਤੀ' ਹੈ। 'ਵਨਸਪਤ' ਸ਼ਬਦ ਸਭ ਤੋਂ ਪਹਿਲਾਂ ਬਿਰਖਾਂ ਲਈ ਵਰਤਿਆ ਜਾਂਦਾ ਸੀ।"[316]

ਗੁਰਬਾਣੀ ਵਿਚ ਬਨਸਪਤੀ ਲਈ 'ਬਨਰਾਇ' ਸ਼ਬਦ ਵੀ ਵਰਤਿਆ ਗਿਆ ਹੈ। ਭਾਈ ਵੀਰ ਸਿੰਘ ਅਨੁਸਾਰ 'ਬਨਰਾਇ' ਸ਼ਬਦ ਦੋ ਭਾਸ਼ਾਵਾਂ ਦੇ ਸੁਮੇਲ ਤੋਂ ਉਪਜਿਆ ਹੈ। ਜਿਸ ਵਿਚ 'ਬਨ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ 'ਜੰਗਲ ਜਾਂ ਵਣ' ਅਤੇ 'ਰਾਇ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮੂਲ 'ਰੋਈਦਾਨ' ਭਾਵ ਉਗਣਾ ਹੈ। ਇਸ ਲਈ ਬਨਰਾਇ ਸ਼ਬਦ ਦਾ ਅਰਥ 'ਜੰਗਲ ਵਿਚ ਉਗਣ ਵਾਲਾ' ਹੈ।[317] ਭਾਈ ਕਾਨ੍ਹ ਸਿੰਘ ਨਾਭਾ 'ਬਨਰਾਇ' ਸ਼ਬਦ ਦੇ ਅਰਥ 'ਵਨ ਦਾ ਰਾਜਾ' ਕਰਦੇ ਹਨ।[318] ਬਨਸਪਤੀ, ਪਰਮਾਤਮਾ ਦੁਆਰਾ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਰਾਹੀਂ ਪੈਦਾ ਕੀਤੀ ਕ੍ਰਿਤ ਵਿਚੋਂ ਚੌਥੇ ਭਾਗ 'ਉਤਭੁਜ' ਰਾਹੀਂ ਪੈਦਾ ਹੋਈ ਹੈ। "ਉਤਭੁਜ ਵਿਚ ਬਨਸਪਤੀ ਆਉਂਦੀ ਹੈ, ਜਿਸ ਦਾ ਅੰਕੁਰ ਜ਼ਮੀਨ ਨੂੰ ਪਾੜ ਕੇ ਨਿਕਲਦਾ ਹੈ।"[319] ਜਿਹੜਾ ਕਿ ਵਿਕਾਸ ਪ੍ਰਕਿਰਿਆ ਵਿਚੋਂ ਲੰਘਦਿਆਂ ਬਨਸਪਤੀ ਦਾ ਰੂਪ ਧਾਰਨ ਕਰ ਲੈਂਦੇ ਹਨ। ਬਨਸਪਤੀ ਵਿਗਿਆਨ (botany) ਨੇ ਇਹ ਸਿੱਧ ਕਰ ਦਿੱਤਾ ਹੈ ਕਿ ਬਨਸਪਤੀ ਵਿਚ ਵੀ ਜੀਵਨ ਹੈ।

ਭਗਤ ਕਬੀਰ ਜੀ ਬਨਸਪਤੀ ਵਿਚ ਜੀਵਨ ਦੀ ਹੋਂਦ ਨੂੰ ਮੰਨਦੇ ਹੋਏ, ਪਰਮਾਤਮਾ ਦੀ ਮੂਰਤੀ ਅੱਗੇ ਫੁੱਲ ਚੜ੍ਹਾਉਣ ਵਾਲੀ ਮਾਲਣ ਨੂੰ ਸੰਬੋਧਿਤ ਹੁੰਦੇ ਕਹਿੰਦੇ ਹਨ ਕਿ ਹੇ ਮਾਲਣ ਤੂੰ ਪਰਮਾਤਮਾ ਦੀ ਨਿਰਜਿੰਦ ਮੂਰਤੀ ਅੱਗੇ ਚੜ੍ਹਾਉਣ ਵਾਸਤੇ ਜਿਹਨਾਂ ਫੁੱਲਾਂ ਨੂੰ ਤੋੜ ਰਹੀ ਹੈ, ਉਹਨਾਂ ਵਿਚ ਜਿੰਦ ਹੈ। ਰੁੱਖ ਦੇ ਹਰ ਭਾਗ ਨੂੰ ਦੇਵਤਿਆਂ ਨਾਲ ਤੁਲਨਾਉਂਦੇ ਭਗਤ ਕਬੀਰ ਜੀ ਸਮਝਾਉਂਦੇ

---

316 नंजला राठौर, *पुराण-साहित्य में पर्यावरण संरक्षण,* डीसेन्ट बुकस, नई दिल्ली, 2001, पृष्ठ 140.

317 ਵੀਰ ਸਿੰਘ (ਭਾਈ), *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 475.

318 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 726.

319 ਗੁਰਚਰਨ ਸਿੰਘ (ਸੰਪਾ), *ਸ੍ਰੀ ਗੁਰੂ ਗ੍ਰੰਥ ਕੋਸ਼,* ਜਿਲਦ-ਪਹਿਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 12.

ਹਨ ਕਿ ਪੱਤੇ ਬ੍ਰਹਮਾ ਦਾ ਰੂਪ ਹਨ, ਵਿਸ਼ਨੂੰ ਟਾਹਣੀ ਦਾ ਅਤੇ ਫੁਲ ਸ਼ਿਵ ਜੀ ਦਾ ਪ੍ਰਤੀਕ ਹਨ। ਜੇਕਰ ਇਹਨਾਂ ਤਿੰਨਾਂ ਦੇਵਤਿਆਂ ਨੂੰ ਤੋੜ ਦਿਤਾ ਜਾਵੇ ਤਾਂ ਸੇਵਾ ਕਿਸ ਦੀ ਕੀਤੀ ਜਾ ਸਕਦੀ ਹੈ:

ਪਾਤੀ ਤੋਰੈ ਮਾਲਨੀ ਪਾਤੀ ਪਾਤੀ ਜੀਉ...

...ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ।।

ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 479)

ਬਨਸਪਤੀ ਨਾਲ ਸੰਬੰਧਿਤ ਵਣ, ਬਨੁ, ਉਦਿਆਨ, ਜੰਗਲ, ਅਟਵੀ, ਬਾਗ, ਬਾੜੀ, ਬਗੀਚਾ, ਰੁਖ, ਦਰਖ਼ਤ, ਬਿਰਖ, ਦ੍ਰੁਮ, ਤ੍ਰਿਣ, ਪੇੜ, ਤਰਵਰ, ਤਰੂਆ, ਘਾਹ, ਖੜ, ਵੇਲ, ਖੇਤੀ ਆਦਿ ਨਾਲ ਮਿਥਿਹਾਸਿਕ ਰੁਖ ਸੁਰਤਰ,[320] ਕਲਪ ਤਰ (ਕਲਿਪ ਬ੍ਰਿਛ)[321] ਅਤੇ ਪਾਰਜਾਤ[322] ਦਾ ਜ਼ਿਕਰ ਵੀ ਗੁਰਬਾਣੀ ਵਿਚ ਆਇਆ ਹੈ। ਸੁਰਤਰ, ਕਲਪ ਤਰ ਅਤੇ ਪਾਰਜਾਤ ਦੇਵਤਿਆਂ ਦੇ ਰੁੱਖ ਮੰਨੇ ਜਾਂਦੇ ਹਨ, ਜਿਹੜੇ ਕਿ ਸਾਰੀਆਂ ਮਨੋਂਕਾਮਨਾਵਾਂ ਪੂਰੀਆਂ ਕਰਦੇ ਹਨ।

ਗੁਰਬਾਣੀ ਵਿਚ ਰੁੱਖਾਂ ਦੇ ਅਲੱਗ-ਅਲੱਗ ਹਿੱਸਿਆਂ ਜਿਵੇਂ: ਦਾਣਾ, ਅੰਕੁਰ, ਕਰੂੰਬਲ, ਸ਼ਾਖਾ, ਤਣਾ, ਡਾਲੀ, ਪੱਤੇ, ਫ਼ਲ, ਫੁੱਲ, ਤ੍ਰਿਣ, ਸੂਲ, ਕਾਸਟ, ਲਕੜੀ, ਵੇਲ, ਝਾੜੀ, ਹਰਾ, ਹਰਿਆਵਲ, ਛਾਂ, ਜੜ੍ਹ, ਆਦਿ ਦਾ ਵੀ ਵਰਣਨ ਮਿਲਦਾ ਹੈ। ਗੁਰਬਾਣੀ ਵਿਚ ਪਰਮਾਤਮਾ ਨੂੰ ਇਸ ਜਗਤ ਰੂਪੀ ਦਰਖ਼ਤ ਦੀ ਜੜ੍ਹ ਮੰਨਿਆ ਗਿਆ ਹੈ। ਪਰਮਾਤਮਾ ਲਈ ਵਰਤਿਆ 'ਹਰੀ' ਨਾਮ ਉਸ ਦੇ ਸਦਾ 'ਹਰਿਆ' ਭਾਵ ਨਿਤ ਨਵੀਨਤਾ ਤੋਂ ਹੈ। ਪਰਮਾਤਮਾ ਆਪ ਵੀ ਹਰਿਆ ਭਰਿਆ ਹੈ, ਜਿਸ ਨੇ ਇਹ ਹਰਿਆ-ਭਰਿਆ ਜਗਤ ਪੈਦਾ ਕੀਤਾ ਹੈ:

ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 24)

---

320 ਸੁਖ ਸਾਗਰ **ਸੁਰਿਤਰੁ** ਚਿੰਤਾਮਨਿ ਕਾਮਧੇਨ ਬਸਿ ਜਾ ਕੇਰੇ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1106.

321 ਏਕ ਨਾਮ **ਕਲਿਪ ਤਰ** ਤਾਰੇ ।। ਉਹੀ, ਪੰਨਾ 330.

322 ਗੁਰੁ ਤੀਰਥੁ ਗੁਰੁ **ਪਾਰਜਾਤੁ** ਗੁਰੁ ਮਨਸਾ ਪੂਰਣਹਾਰੁ ।। ਉਹੀ, ਪੰਨਾ 52.

ਸਮੁੱਚੀ ਜੀਵਨ ਉਤਪਤੀ ਨੂੰ ਰੁੱਖਾਂ-ਬਿਰਖਾਂ ਦਾ ਪੁੰਗਰਨਾ ਆਖਿਆ ਗਿਆ ਹੈ। ਹਰ ਦਾ ਅਰਥ ਹਰਾ ਹੈ, ਜੋ ਕਿ ਹਰੇ ਭਰੇ ਜੰਗਲਾਂ ਨਾਲ ਸੰਬੰਧਿਤ ਹੈ। 'ਹਰਿ ਨਾਮ' ਨਾਮ ਪਰਮਾਤਮਾ ਦੇ ਨਾਮ ਜਪਣ ਨਾਲ ਨਿੱਤ ਹਰਿਆ ਹੋਣ ਨੂੰ ਪ੍ਰਗਟ ਕਰਦਾ ਹੈ।[323]

ਗੁਰਬਾਣੀ ਵਿਚ ਅਨੇਕ ਜਗ੍ਹਾ ਪਰਮਾਤਮਾ ਨੂੰ 'ਸਫਲ ਰੁਖੜਾ',[324] 'ਖੁਸ਼ਬੋ ਦਾਰ ਰੁਖ'[325] ਅਤੇ ਗੁਰੂ ਲਈ 'ਰੁਖੜਾ', 'ਤਰਵਰ'[326] ਆਦਿ ਸ਼ਬਦ ਵਰਤੇ ਗਏ ਹਨ। ਹੋਰ ਧਰਮ ਗ੍ਰੰਥਾਂ ਵਿਚ ਵੀ ਪਰਮਾਤਮਾ ਲਈ ਰੁੱਖ, ਬਿਰਖ, ਤਰਵਰ ਆਦਿ ਸ਼ਬਦ ਵਰਤੇ ਗਏ ਹਨ, ਜਿਹੜੇ ਕਿ ਗੁਰਬਾਣੀ ਵਿਚ ਵਰਤੇ ਇਸ ਸ਼ਬਦ ਤੋਂ ਆਰਥਕ ਪੱਖੋਂ ਭਿੰਨ ਹੈ। ਡਾ. ਸ਼ੇਰ ਸਿੰਘ ਅਨੁਸਾਰ "ਸਰਗੁਣ ਹਾਲਤ ਵਿਚ, ਜਦ 'ਖਾਲਕੁ ਖਲਕ ਮਹਿ' ਹੈ ਤਾਂ ਇਹ ਤਰੋਵਰ ਵਾਂਗ ਹੈ ਤੇ 'ਉਪਜਾਊ ਇਕਤਰਾ' ਦੇ ਨਿਯਮ ਵਿਚ ਕੁਦਰਤ (nature) ਹੈ ਤੇ ਇਸ ਤਰ੍ਹਾਂ ਨਿੱਤ ਨਵਾਂ ਤੇ ਨਵਤਨ ਹੈ ਪਰ ਇਹ ਨਵੀਨਤਾ (ਅਦਲਾ ਬਦਲੀ) ਮਨੁੱਖੀ ਮਨਾਂ ਵਾਸਤੇ ਹੈ, ਰੱਬ ਲਈ ਨਹੀਂ ਹੈ। ਸਰਗੁਣਤਾ ਵਿਚ ਹੈ ਨਿਰਗੁਣਤਾ ਵਿਚ ਨਹੀਂ।"[327] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਵਾਂ ਉਤੇ ਜੀਵ ਅਤੇ ਪਰਮਾਤਮਾ ਦੇ ਰਿਸ਼ਤੇ ਦਾ ਜ਼ਿਕਰ ਬਨਸਪਤੀ ਵਿਚੋਂ ਦ੍ਰਿਸ਼ਟਾਂਤ ਅਤੇ ਸੰਕੇਤ ਲੈ ਕੇ ਕੀਤਾ ਗਿਆ ਹੈ। ਪਰਮਾਤਮਾ ਇਕ ਪਾਸੇ ਬਨਸਪਤੀ ਦਾ ਸਿਰਜਕ ਹੈ ਅਤੇ ਦੂਜੇ ਪਾਸੇ ਸੰਭਾਲਣ ਵਾਲਾ 'ਮਾਲੀ'

---

323 "Har, means Green and is associated with Evergreen Forests, large trees, forests, birds, beasts, water and fertility: Harjas, Har ras are other words indicating juicy liquids. Har Nam singnifies the name of God Har. The association of green with God seems evident for India for the reason that ecologically India is a Tropical country where the original vegetation Isone or the other type of evergreen forest with green foliage and shade."
Gopal Singh Puri, *Enviornmenal Perception in Sikh Faith*, Guru Nanak Dev Mission, Patiala, 1993, p. 5.

324 ਸਾਹਿਬ ਸਫਲਿਓ ਰੁਖੜਾ ਅੰਮ੍ਰਿਤ ਜਾ ਕਾ ਨਾਉ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 557.

325 ਨਾਨਕ ਗੁਰੂ ਸੰਤੋਖ ਰੁਖੁ ਧਰਮੁ ਫੁਲੁ ਫਲ ਗਿਆਨ।।
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨ।। ਉਹੀ, ਪੰਨਾ 147.

326 ਤਰਵਰ ਫੂਲੇ ਬਨ ਹਰੇ ।। ਉਹੀ, 1190.

327 ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 252.

ਵੀ ਆਪ ਹੀ ਹੈ।[328] ਇਸ ਮਾਲੀ ਰੂਪ ਪਰਮਾਤਮਾ ਨੇ ਜਗਤ ਰੂਪੀ ਬਾਗ਼ ਵਿਚ ਅਨੇਕ ਭਾਂਤ ਦੀ ਬਨਸਪਤੀ ਲਿਆ ਕੇ ਜੜੀ ਹੈ, ਜਿਹੜੀ ਵਧ ਫੂਲ ਰਹੀ ਹੈ, ਇਸ ਵਿਚੋਂ ਕੋਈ ਵੀ ਨਿਹਫਲ ਨਹੀਂ ਹੈ:

ਸਿੰਚਨਹਾਰੈ ਏਕੈ ਮਾਲੀ।। ਖਬਰਿ ਕਰਤੁ ਹੈ ਪਾਤ ਪਤ ਡਾਲੀ।।

ਸਗਲਿ ਬਨਸਪਤਿ ਆਣਿ ਜੜਾਈ।। ਸਗਲੀ ਫੂਲੀ ਨਿਫਲ ਨ ਕਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 385)

ਗੁਰਬਾਣੀ ਵਿਚ ਬਨਸਪਤੀ ਦੀ ਗਿਣਤੀ-ਮਿਣਤੀ ਕਦਾਚਿਤ ਨਹੀਂ ਕੀਤੀ ਗਈ ਪਰ ਸਮੁੱਚੀ ਬਨਸਪਤੀ ਦੀ ਗਲ ਕਹਿਣ ਲਈ 'ਭਾਰ ਅਠਾਰਹ'[329] ਸ਼ਬਦ ਵਰਤਿਆ ਗਿਆ ਹੈ। "ਖਿਆਲ ਕੀਤਾ ਜਾਂਦਾ ਹੈ ਕਿ ਜੇ ਸਾਰੇ ਬਿਰਛਾਂ ਬੂਟਿਆਂ ਅਤੇ ਬੇਲਾਂ ਦਾ ਇਕ-ਇਕ ਪੱਤਾ ਅਥਵਾ ਫੂਲ ਲੀਤਾ ਜਾਵੇ, ਤਾਂ ਅਠਾਰਹ ਭਾਰ, ਅਰਥਾਤ ਨੱਵੇ ਮਣ ਕੱਚੇ, ਹੋ ਜਾਂਦੇ ਹਨ।"[330]

ਦੁਨੀਆ ਨੂੰ ਵੀ ਇਕ ਬਾਗ਼ ਜਾਂ ਬਗ਼ੀਚੇ ਦੀ ਤਰ੍ਹਾਂ ਮੰਨਿਆ ਹੈ। ਡਾ. ਮਨਮੋਹਨ ਸਹਿਗਲ ਦੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੁਨੀਆ ਨੂੰ ਇਕ ਅਜਿਹੇ ਬਗ਼ੀਚੇ ਦੇ ਰੂਪ ਵਿਚ ਚਿਤਰਿਆ ਗਿਆ ਹੈ, ਜਿਸ ਵਿਚ ਨਾਮ ਰੂਪੀ ਖ਼ਜ਼ਾਨੇ ਦਾ ਕਲਪ ਬ੍ਰਿਛ ਵੀ ਹੈ ਅਤੇ ਉਸ ਦੇ ਚਾਰੇ ਪਾਸੇ ਵਿਸ਼ੇ ਵਿਕਾਰਾਂ ਦੀਆਂ ਕੰਡਿਆਲੀਆਂ ਝਾੜੀਆਂ ਵੀ ਮੌਜੂਦ ਹਨ। ਦੋਹਾਂ ਨੂੰ ਮਾਇਆ ਰੂਪੀ ਮਾਲੀ ਸਿੰਜ ਰਿਹਾ ਹੈ।[331] ਕੋਈ ਸੱਚਾ ਬਨਸਪਤੀ ਮਾਹਿਰ (ਗੁਰੂ) ਹੀ ਜੀਵ ਨੂੰ ਕਲਪ ਬ੍ਰਿਛ ਦੀ ਪਛਾਣ ਅਤੇ ਚਾਰੇ ਪਾਸੇ ਫੈਲੇ ਵਿਸ਼ੇ-ਵਿਕਾਰਾਂ ਕੰਡਿਆਂ ਤੋਂ ਆਪਣੇ ਪੱਲੇ ਨੂੰ ਬਚਾ ਕੇ ਨਾਮ ਰੂਪੀ ਅੰਮ੍ਰਿਤ ਫਲ ਤਕ ਪਹੁੰਚਣ ਦਾ ਢੰਗ ਦਸ ਸਕਣ ਦੇ ਸਮਰਥ ਹੈ:

ਏਕੁ ਬਗੀਚਾ ਪੇਡ ਘਨ ਕਰਿਆ।। ਅੰਮ੍ਰਿਤ ਨਾਮੁ ਤਹਾ ਮਹਿ ਫਲਿਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 385)

---

328 ਖਾਕ ਨੂਰ ਕਰਦੰ ਆਲਮ ਦੁਨੀਆਇ।।
ਅਸਮਾਨ ਜਿਮੀ ਦਰਖ਼ਤਆਬ ਪੈਦਾਇਸਿ ਖੁਦਾਇ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 723.

329 ਆਪੇ ਭਾਰ ਅਠਾਰਹ ਬਣਸਪਤਿ ਆਪੇ ਹੀ ਫਲ ਲਾਇ।।
ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ।। ਉਹੀ, ਪੰਨਾ 554.

330 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 44.

331 ਮਨਮੋਹਨ ਸਹਿਗਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਭਿਆਚਾਰਕ ਸੰਦੇਸ਼,* ਪੰਨਾ 774.

**ਗੁਰਬਾਣੀ ਵਿਚ ਦਰਜ ਦਰਖ਼ਤਾਂ ਦੇ ਨਾਂ ਅਤੇ ਸੰਦਰਭ:**

| ਦਰਖ਼ਤ | ਗੁਰਬਾਣੀ ਵਿਚ ਦਰਜ ਦਰਖ਼ਤ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| ਅੱਕ | ਅਕ[332] | ਕੁੜਤਣ ਅਤੇ ਜ਼ਹਰੀਲੇਪੁਣ ਦਾ ਲਖਾਇਕ। |
| ਅਗਰ | ਅਗਰਿ[333] | ਸੁਗੰਧੀ ਛੱਡਣ ਦਾ ਲਖਾਇਕ। |
| ਅੰਬ | ਅੰਬ,[334] | ਪ੍ਰਭੂ ਪ੍ਰੀਤ ਦਰਸਾਉਣ ਲਈ। |
| ਇਰੰਡ | ਇਰੰਡ,[335] ਹਿਰਡ[336] | ਗੁਣਹੀਣਤਾ ਦਰਸਾਉਣ ਲਈ। |
| ਸਰ੍ਹੋਂ | ਸਰਸਉ[337] | ਕਚੇ ਗੁਰੂ ਅਤੇ ਦਿਖਾਵੇ ਲਈ ਕੀਤੇ ਫੋਕਟ ਦੇ ਕਰਮਕਾਂਡਾਂ ਦੇ ਪ੍ਰਸੰਗ ਲਈ। |
| ਸਿੰਬਲ | ਸਿੰਬਲ,[338] ਸਿੰਮਲ,[339] | ਹੰਕਾਰ ਦਾ ਪ੍ਰਤੀਕ। |
| ਹਲਦੀ | ਹਰਦੀ[340] | ਵੱਖਰੀ ਹੋਂਦ ਗਵਾ ਕੇ ਪਰਮਾਤਮਾ ਨਾਲ ਇਕਰੂਪਤਾ ਦਰਸਾਉਣ ਲਈ। |
| ਹਿੰਗ | ਹਿੰਙ,[341] ਹੀਗੁ[342] | ਕਰਮਕਾਂਡਾਂ ਦੀ ਚਿੰਬੜੀ ਬਦਬੋ ਦਰਸਾਉਣ ਲਈ। |
| ਕਣਕ | ਕਣਕ[343] | ਜਜਮਾਨ ਨੂੰ ਸਦਗੁਣੀ ਭੋਜਨ ਦਾ ਸੰਕੇਤ ਦੇਣ ਲਈ। |
| ਕਮਲ | ਕਮਲੁ,[344] ਕਉਲਾ,[345] ਪੰਕਜ,[346] ਬਾਰਿਜ,[347] | ਨਿਰਲੇਪਤਾ ਅਤੇ ਖੇੜਾ ਦਰਸਾਉਣ ਦਾ ਸੂਚਕ। |

---

332 ਖਖੜੀਆ ਸੁਹਾਵੀਆ ਲਗੜੀਆ **ਅਕ** ਕੰਠਿ ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 319.

333 ਕਸਤੂਰਿ ਕੁੰਗੂ **ਅਗਰਿ** ਚੰਦਨਿ ਲੀਪਿ ਆਵੈ ਚਾਉ ।। ਉਹੀ, ਪੰਨਾ 14.

334 ਜਿਉ ਕੋਕਿਲ ਕਉ **ਅੰਬੁ** ਬਾਲਹਾ, ਉਹੀ, ਪੰਨਾ 693.

335 ਤੁਮ ਚੰਦਨ ਹਮ **ਇਰੰਡ** ਬਾਪੁਰੇ ਸੰਗਿ ਤੁਮਾਰੇ ਬਾਸਾ।। ਉਹੀ, ਪੰਨਾ 486.

336 ਜਿਉ ਚੰਦਨ ਨਿਕਟਿ ਵਸੈ **ਹਿਰਡੁ** ਬਪੁੜਾ, ਉਹੀ, ਪੰਨਾ 861.

337 ਕਾਚੀ **ਸਰਸਉਂ** ਪੇਲਿ ਕੈ ਨਾ ਖਲਿ ਭਈ ਨ ਤੇਲੁ।। ਉਹੀ, ਪੰਨਾ 1377.

338 ਜੈਸੇ **ਸਿੰਬਲੁ** ਦੇਖਿ ਸੂਆ ਬਿਗਸਾਨਾ।। ਉਹੀ, ਪੰਨਾ 1165.

339 **ਸਿੰਮਲ** ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍।। ਉਹੀ, ਪੰਨਾ 729.

340 ਕਬੀਰ **ਹਰਦੀ** ਪੀਅਰੀ ਚੂੰਨਾਂ ਊਜਲ ਭਾਇ।। ਉਹੀ, ਪੰਨਾ 1367.

341 ਫਰੀਦਾ ਰਹੀ ਸੁ ਬੇੜੀ **ਹਿੰਙੁ** ਦੀ ਗਈ ਕਥੂਰੀ ਗੰਧੁ।। ਉਹੀ, ਪੰਨਾ 1379.

342 ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ **ਹੀਗੁ** ਗੋ।। ਉਹੀ, ਪੰਨਾ 718.

343 ਜਤੁ ਸਤੁ ਚਾਵਲ ਦਇਆ **ਕਣਕ** ਕਰਿ ਪ੍ਰਾਪਤਿ ਪਾਤੀ ਧਾਨੁ।। ਉਹੀ,ਪੰਨਾ 1329.

344 ਬ੍ਰਹਮ **ਕਮਲੁ** ਪੁਤੁ ਮੀਨੁ ਬਿਆਸਾ।। ਉਹੀ, ਪੰਨਾ 503.

345 ਪਰਗਾਸੁ ਭਇਆ **ਕਉਲੁ** ਖਿਲਿਆ।। ਉਹੀ, ਪੰਨਾ 249.

346 ਰਜ **ਪੰਕਜ** ਮਹਿ ਲੀਓ ਨਿਵਾਸ।। ਉਹੀ, ਪੰਨਾ 1162.

347 **ਬਾਰਿਜੁ** ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ।। ਉਹੀ, ਪੰਨਾ 1394.

| ਦਰਖ਼ਤ | ਗੁਰਬਾਣੀ ਵਿਚ ਦਰਜ ਦਰਖ਼ਤ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| | ਪੁੰਡਰਕ,[348] ਪਦਮਨਿ[349] | |
| ਕਪਾਹ | ਕਪਾਹ,[350] ਕਪਾਸ[351] | ਕੀਤੇ ਮਾੜੇ ਕਰਮਾਂ ਦਾ ਫਲ ਭੁਗਤਣ ਲਈ। |
| ਕਮਾਦ | ਕਮਾਦ,[352] ਗਾਨੇ,[353] ਈਖ,[354] ਮਿਠਾ[355] | ਕੀਤੇ ਮਾੜੇ ਕਰਮਾਂ ਦੀ ਸਜ਼ਾ ਭੁਗਤਣ ਲਈ। |
| ਕਪੂਰ | ਕਪੂਰ[356] | ਸੁਗੰਧ ਫੈਲਾਉਣ ਦੇ ਸੰਦਰਭ ਲਈ। |
| ਕਾਨਾ | ਕਾਨੁ[357] | ਹਉਮੈ ਦੀ ਅਗਨੀ ਵਿਚ ਜਲੇ ਮਨਮੁਖ ਦਾ ਲਖਾਇਕ। |
| ਕਸੁੰਭ | ਕਸੁੰਭ[358] | ਥੋੜ੍ਹਚਿਰੀ ਦਰਸਾਉਣ ਲਈ। |
| ਕਾਹ | ਕਾਹ[359] | ਮੌਤ ਦੀ ਸੂਚਕ। |
| ਕਿੱਕਰ | ਕਿਕਰ[360] | ਕਰਮਾਂ ਦਾ ਫਲ ਭੁਗਤਣ ਦਾ ਸੂਚਕ। |
| ਕੁਸਾ | ਕੁਸਪਾਤੀ,[361] ਦਭ[362] | ਨਿਮਰਤਾ ਸਹਿਣਸ਼ੀਲਤਾ ਆਦਿ ਗੁਣਾਂ ਨੂੰ ਧਾਰਨ ਕਰਨ ਦੀ ਪ੍ਰਤੀਕ। |

---

[348] ਪਹਿਲ ਪੁਰੀਏ **ਪੁੰਡਰਕ** ਵਨਾ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 693.

[349] ਬਿਮਲ ਮਝਾਰਿ ਬਸਸਿ ਨਿਰਮਲ ਜਲ **ਪਦਮਨਿ** ਜਾਵਲ ਰੇ।। ਉਹੀ, ਪੰਨਾ 990.

[350] ਦਇਆ **ਕਪਾਹ** ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।। ਉਹੀ, ਪੰਨਾ 471.

[351] ਲੋਹਾ ਮਾਰਣਿ ਪਾਈਐ ਢਹੈ ਨ ਹੋਇ **ਕਪਾਸ**।। ਉਹੀ, ਪੰਨਾ 143.

[352] ਵੁਠੈ ਅੰਨੁ **ਕਮਾਦੁ** ਕਪਾਹਾ ਸਭਸੈ ਪੜਦਾ ਹੋਵੈ।। ਉਹੀ, ਪੰਨਾ 150.

[353] ਮਿਲਿ ਸਤਿਗੁਰ ਮੀਠ ਰਸ **ਗਾਨੇ**।। ਉਹੀ, ਪੰਨਾ 170.

[354] ਸਬਦਿ ਰਤੇ ਮੀਠੇ ਰਸ **ਈਖ**।। ਉਹੀ, ਪੰਨਾ 152.

[355] ਵੇਖੁ ਜਿ **ਮਿਠਾ** ਕਟਿਆ ਕਟਿ ਕੁਟਿ ਬਧਾ ਪਾਇ।। ਉਹੀ, ਪੰਨਾ 142.

[356] ਚੋਆ ਚੰਦਨ ਅਗਰ **ਕਪੂਰਿ**।। ਉਹੀ, ਪੰਨਾ 226.

[357] ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ **ਕਾਨੁ**।। ਉਹੀ, 63.

[358] ਮਨਮੁਖੁ ਰੰਗੁ **ਕਸੁੰਭੁ** ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ।। ਉਹੀ, ਪੰਨਾ 985.

[359] ਝੂਠਿ ਵਿਗੁਤੀ ਤਾ ਪਿਰ ਮੁਤੀ **ਕੁਕਹ** ਕਾਹ ਸਿ ਫੁਲੇ।। ਉਹੀ, ਪੰਨਾ 1108.

[360] ਫਰੀਦਾ ਲੋੜੈ **ਦਾਖ** ਬਿਜਉਰੀਆਂ ਕਿਕਰਿ ਬੀਜੈ ਜਟੁ।। ਉਹੀ, ਪੰਨਾ 1379.

[361] ਗਿਆਨੁ ਜਨੇਊ ਧਿਆਨੁ **ਕੁਸਪਾਤੀ**।। ਉਹੀ, ਪੰਨਾ 355.

[362] ਫਰੀਦਾ ਥੀਉ ਪਵਾਹੀ **ਦਭੁ**।। ਉਹੀ, ਪੰਨਾ 1378.

| ਦਰਖ਼ਤ | ਗੁਰਬਾਣੀ ਵਿਚ ਦਰਜ ਦਰਖ਼ਤ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| ਕੇਸਰ | ਕੇਸਰ,[363] ਕੰਗੂ[364], ਕੁੰਕਮ[365] | ਗੁਰਮੁਖਾਂ ਦੇ ਸੁਭਾਉ ਦੀ ਸੁਗੰਧੀ ਦਰਸਾਉਣ ਲਈ। |
| ਕੇਲੇ | ਕੇਲੇ,[366] ਕਦਲੀ[367] | ਮਨਮੁਖ ਦੀ ਕੀਤੀ ਸੰਗਤ ਨਾਲ ਮਿਲੀ ਸਜ਼ਾ ਦਰਸਾਉਣ ਲਈ । |
| ਕੋਧਰਾ (ਬਾਜਰਾ) | ਕੋਧ੍ਰਾ,[368] ਕੋਧਉ[369] | ਵਿਕਾਰਾਂ ਦੀ ਅਸਰਹੀਣਤਾ ਦਰਸਾਉਣ ਲਈ। |
| ਖਜੂਰ | ਖਜੂਰੀਂ[370] | ਅੰਮ੍ਰਿਤ ਮਈ ਭੋਜਨ ਦੀ ਲਖਾਇਕ। |
| ਖਖੜੀਆਂ | ਕਕਰੀ[371] | ਵਿਕਾਰਾਂ ਦੀ ਕੁੜਤਣ ਦਰਸਾਉਣ ਲਈ। |
| ਖੁੰਬ | ਖੂੰਬਰਾਜ[372] | ਥੋੜ੍ਹਚਿਰੀ ਦਰਸਾਉਣ ਲਈ। |
| ਚੌਂਪਤੀ | ਪਬਣਿ,[373] ਪੁਰਾਇਨ[374] | ਜੀਵਨ ਦੀ ਥੋੜ੍ਹਚਿਰੀ ਦਰਸਾਉਣ ਲਈ। |
| ਚੰਦਨ | ਚੰਦਨ,[375] ਪਰਮਲ,[376] ਮੈਲਾਗਰ,[377] ਸ੍ਰੀਖੰਡ[378] | ਸਤਸੰਗਤ ਦੀ ਸੁਗੰਧੀ ਦਰਸਾਉਣ ਲਈ। |
| ਜੌਂ | ਜਉ[379] | ਸਬਰ ਸੰਤੋਖ ਦਾ ਪ੍ਰਤੀਕ। |

---

[363] ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ **ਕੇਸਰੋ** ਲੇ ਛਿਟਕਾਰੇ।। ਉਹੀ, ਪੰਨਾ 694.

[364] ਕਰਣੀ **ਕੁੰਗੂ** ਜੇ ਰਲੈ ਘਟ ਅੰਤਰਿ ਪੂਜਾ ਹੋਇ।। ਉਹੀ, ਪੰਨਾ 489.

[365] ਘਸਿ **ਕੁੰਕਮ** ਚੰਦਨੁ ਗਾਰਿਆ।। ਉਹੀ, ਪੰਨਾ 655.

[366] ਕਬੀਰ ਮਾਰੀ ਮਰਉ ਕੁਸੰਗ ਕੀ **ਕੇਲੇ** ਨਿਕਟਿ ਜੁ ਬੇਰਿ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1369.

[367] **ਕਦਲੀ** ਪੁਹਪ ਧੂਪ ਪਰਗਾਸ ।। ਉਹੀ, ਪੰਨਾ 1162.

[368] ਗਹਿਲਾ ਲੋਕੁ ਨ ਜਾਣਦਾ ਹੰਸੁ ਨ **ਕੋਧ੍ਰਾ** ਖਾਇ ।। ਉਹੀ, ਪੰਨਾ 1381.

[369] ਫਾਟੇ ਨਾਕਨ ਟੂਟੇ ਕਾਧਨ **ਕੋਦਉ** ਕੋ ਭੁਸੁ ਖਈਹੈ।। ਉਹੀ, ਪੰਨਾ 524.

[370] ਜਲ ਕੀ ਮਾਛੁਲੀ ਚਰੈ **ਖਜੂਰਿ**।। ਉਹੀ, ਪੰਨਾ 718.

[371] ਰਾਜਾ ਰਾਮ **ਕਕਰੀਆ** ਬਰੇ ਪਕਾਏ।। ਉਹੀ, ਪੰਨਾ 477.

[372] ਜੈਸੇ ਭਾਦਉ **ਖੂੰਬਰਾਜੁ** ਤੂ ਤਿਸ ਤੇ ਖਰੀ ਉਤਾਵਲੀ।। ਉਹੀ, ਪੰਨਾ 1196.

[373] **ਪਬਣਿ** ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।। ਉਹੀ, ਪੰਨਾ 23.

[374] ਜਲ **ਪੁਰਾਇਨਿ** ਰਸ ਕਮਲ ਪਰੀਖ।। ਉਹੀ, ਪੰਨਾ 152.

[375] ਤੁਮ **ਚੰਦਨ** ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।। ਉਹੀ, ਪੰਨਾ 48.

[376] ਅਕਹੁ **ਪਰਮਲ** ਭਏ ਅੰਤਰਿ ਵਾਸਨਾ ਵਸਾਈ।। ਉਹੀ, ਪੰਨਾ 565.

[377] **ਮੈਲਾਗਰ** ਸੰਗੇਣ ਨਿੰਮੁ ਬਿਰਖ ਸਿ ਚੰਦਨਹ।। ਉਹੀ, ਪੰਨਾ 1360.

[378] ਕਾਠਹੁ **ਸ੍ਰੀਖੰਡ** ਸਤਿਗੁਰਿ ਕੀਅਉ, ਉਹੀ, ਪੰਨਾ 1399.

[379] ਕਬੀਰ ਸਾਧੂ ਕੀ ਸੰਗਤਿ ਰਹਉ **ਜਉ** ਕੀ ਭੂਸੀ ਖਾਉ।। ਉਹੀ, ਪੰਨਾ 1369.

| ਦਰਖ਼ਤ | ਗੁਰਬਾਣੀ ਵਿਚ ਦਰਜ ਦਰਖ਼ਤ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| ਢਾਕ | ਢਾਕ[380] | ਸਤਿ ਸੰਗਤ ਦਾ ਅਸਰ ਦਰਸਾਉਣ ਲਈ। |
| ਤਿਲ | ਤਿਲ[381] | ਨਿਗੁਰੇ ਦੀ ਹਾਲਤ ਦਸਣ ਲਈ |
| ਤੂੰਬੜੀ | ਤੂੰਬੜੀ,[382] ਤੁੰਮਾ,[383] ਲਉਕੀ[384] | ਮਨਮੁਖਾਂ ਦੇ ਕੁੜੱਤਣ ਭਰੇ ਸੁਭਾਉ ਲਈ। |
| ਤੁਲਸੀ | ਤੁਲਸੀ[385] | ਫੋਕਟ ਦੇ ਧਰਮ ਵਿਸ਼ਵਾਸ ਦਰਸਾਉਣ ਲਈ। |
| ਦਾਖ | ਦਾਖ[386] | ਬੀਜੇ ਕਰਮਾਂ ਦਾ ਫਲ ਦਰਸਾਉਣ ਲਈ। |
| ਧਤੂਰਾ | ਧਤੂਰਾ[387] | ਮਨਮੁਖਾਂ ਦਾ ਸੁਭਾਉ। |
| ਨਾਰੀਅਲ | ਨਲੀਏਰ,[388] ਸਿਧਉਰਾ[389] | ਆਪਾ ਵਾਰਨ ਦਾ ਸੂਚਕ। |
| ਨਿੰਮ | ਨਿਮ,[390] ਨੀਂਬੁ[391] | ਮਨਮੁਖਾਂ ਦੇ ਸੁਭਾਉ ਦਾ ਪ੍ਰਤੀਕ। |
| ਪਲਾਹ | ਪਲਾਸ[392] | ਗੁਣਹੀਣਤਾ ਦਾ ਲਖਾਇਕ। |
| ਪਿਪਲ | ਪੀਪ[393] | ਫੋਕਟ ਦੇ ਧਰਮ ਵਿਸ਼ਵਾਸ ਦਾ ਸੂਚਕ। |
| ਬੋਹੜ | ਬਟਕ[394] | ਪਰਮਾਤਮਾ ਦੀ ਸਰਵ ਵਿਆਪਕਤਾ ਦਰਸਾਉਣ ਲਈ। |

---

380 ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ **ਢਾਕ** ਪਲਾਸ।। ਉਹੀ, ਪੰਨਾ 1365.

381 ਜਿਉ ਬੂਆੜੁ **ਤਿਲੁ** ਖੇਤ ਮਾਹਿ ਦੁਹੇਲਾ।। ਉਹੀ, ਪੰਨਾ 280.

382 ਜਿਨ੍ਹ ਵੇਲਿ ਨ **ਤੂੰਬੜੀ** ਮਾਇਆ ਠਗੇ ਠਗਿ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1413.

383 ਪੇਖੰਦੜੋ ਕੀ ਭੁਲੁ **ਤੁੰਮਾ** ਦਿਸਮੁ ਸੋਹਣਾ।। ਉਹੀ, ਪੰਨਾ 708.

384 **ਲਉਕੀ** ਅਠਸਠਿ ਤੀਰਥ ਨ੍ਹਾਈ।। ਉਹੀ, ਪੰਨਾ 656.

385 ਨਾ ਸੁਚਿ ਸੰਜਮੁ **ਤੁਲਸੀ** ਮਾਲਾ।। ਉਹੀ, ਪੰਨਾ 1035.

386 ਫਰੀਦਾ ਲੋੜੈ **ਦਾਖ** ਬਿਜਉਰੀਆਂ ਕਿਕਰਿ ਬੀਜੈ ਜਟੁ।। ਉਹੀ, ਪੰਨਾ 1379.

387 **ਤੁਮੀ ਤੁਮਾ** ਵਿਸੁ ਅਕੁ ਧਤੂਰਾ ਨਿਮੁ ਫਲੁ।। ਉਹੀ, ਪੰਨਾ 147.

388 **ਨਾਲੀਏਰ** ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ।। ਉਹੀ, ਪੰਨਾ 972.

389 ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ **ਸੰਧਉਰਾ**।। ਉਹੀ, ਪੰਨਾ 338.

390 **ਨਿੰਮੁ** ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ।। ਉਹੀ, ਪੰਨਾ 1244.

391 **ਨੀਂਬੁ** ਭਇਓ ਆਂਬੁ ਆਂਬੁ ਭਇਓ **ਨੀਂਬੁ** ਕੇਲਾ ਪਾਕਾ ਝਾਰਿ।। ਉਹੀ, ਪੰਨਾ 972.

392 ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ **ਪਲਾਸ** ਸੰਗਿ ਹਰਿ ਬੁਹੀਆ ।। ਉਹੀ, ਪੰਨਾ 834

393 ਸੰਗਤਿ ਸੰਤ ਸੰਗਿ ਲਗਿ ਊਚੇ ਜਿਉ **ਪੀਪ** ਪਲਾਸ ਖਾਇ ਲੀਜੈ।। ਉਹੀ, ਪੰਨਾ 1325.

394 **ਬਟਕ** ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ।। ਉਹੀ, ਪੰਨਾ 340.

| ਦਰਖ਼ਤ | ਗੁਰਬਾਣੀ ਵਿਚ ਦਰਜ ਦਰਖ਼ਤ | ਗੁਰਬਾਣੀ ਵਿਚ ਜਿਸ ਸੰਦਰਭ ਲਈ ਵਰਤੇ ਹਨ। |
|---|---|---|
| ਬੇਰ | ਬੇਰ[395] | ਮਾੜੀ ਸੰਗਤ ਦਾ ਅਸਰ ਦਰਸਾਉਣ ਲਈ। |
| ਬਿਸਲਿ | ਬਿਸਲਿ[396] | ਔਸ਼ਧੀ। |
| ਬਾਂਸ | ਬਾਂਸ[397] | ਮਾੜੇ ਸੁਭਾਉ ਕਾਰਨ ਸਤਿ ਸੰਗਤ ਦੇ ਨਾ ਹੋਏ ਅਸਰ ਨੂੰ ਦਰਸਾਉਣ ਲਈ। |
| ਭੰਗ | ਭਾਂਗ[398] | ਨਸ਼ਾ ਵਰਤਣ ਤੋਂ ਵਿਵਰਜਿਤ ਕਰਨ ਲਈ। |
| ਮਜੀਠ | ਮਜੀਠ[399] | ਨਾਮ ਦੇ ਚੜ੍ਹੇ ਰੰਗ ਦੀ ਪਕਿਆਈ ਦਰਸਾਉਣ ਲਈ। |
| ਮਹਿੰਦੀ | ਮਹਿੰਦੀ[400] | ਪਰਮਾਤਮਾ ਦੇ ਨਾਮ ਦਾ ਰੰਗ ਚੜ੍ਹਾਉਣ ਸੰਬੰਧੀ। |
| ਮਹੂਆ | ਮਹੂਆ[401] | ਭਗਤੀ ਦੇ ਰਸ ਲਈ। |
| ਮੁੰਜ | ਸਾਲੀ[402] | ਨਿਮਰਤਾ ਵਿਚ ਰਹਿ ਕੇ ਕੀਤੀ ਸੇਵਾ ਦਾ ਮਿਲਿਆ ਫਲ ਦਰਸਾਉਣ ਲਈ। |
| ਮੋਠ | ਮੋਠ[403] | ਮਨ ਦੀ ਕਠੋਰਤਾ ਦਾ ਪ੍ਰਤੀਕ। |
| ਲਸਣ | ਲਸਨ[404] | ਮਨਮੁਖ ਦਾ ਸੁਭਾਉ ਪ੍ਰਗਟ ਹੋਣ ਦਾ ਪ੍ਰਤੀਕ। |
| ਲੌਂਗ | ਲਉਗ[405] | ਸਚੇ ਵਣਜ ਦਾ ਪ੍ਰਤੀਕ। |

ਬਨਸਪਤੀ ਕੇਵਲ ਸੁੰਦਰਤਾ ਦੀ ਪ੍ਰਤੀਕ ਹੀ ਨਹੀਂ ਸਗੋਂ ਇਹ ਮਨੁੱਖਾਂ ਅਤੇ ਹੋਰ ਜੀਵਾਂ ਲਈ ਇਕ ਵਰਦਾਨ ਹੈ। ਕਰਤਾ ਪੁਰਖ ਨੇ ਜੀਵਾਂ ਦੇ ਸਾਹ ਲੈਣ ਲਈ ਆਕਸੀਜਨ ਪ੍ਰਦਾਨ ਕਰਨ ਵਾਲੀ ਹਰੀ-ਭਰੀ ਬਨਸਪਤੀ ਨੂੰ ਰਚਿਆ ਹੈ। ਜੀਵ-ਜੰਤੂਆਂ ਦਾ ਜੀਵਨ ਬਨਸਪਤੀ ਉਤੇ ਨਿਰਭਰ ਕਰਦਾ ਹੈ।

---

395 ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ **ਬੇਰਿ**।। ਉਹੀ, ਪੰਨਾ 1369.

396 ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ **ਬਿਸਲਿ** ਆਣਿ ਤੋਖੀਲੇ ਹਰੀ।। ਉਹੀ, ਪੰਨਾ 695.

397 ਚੰਦਨ ਕੈ ਨਿਕਟੇ ਬਸੈ **ਬਾਂਸੁ** ਸੁਗੰਧੁ ਨ ਹੋਇ।। ਉਹੀ, ਪੰਨਾ 1365.

398 ਕਬੀਰ ਭਾਂਗ ਮਾਛੁਲੀ ਸੁਰਾ **ਪਾਨਿ** ਜੋ ਜੋ ਪ੍ਰਾਨੀ ਖਾਂਹਿ ।। ਉਹੀ, ਪੰਨਾ 1377.

399 ਸਚਾ ਰੰਗੁ **ਮਜੀਠ** ਕਾ ਗੁਰਮੁਖਿ ਬ੍ਰਹਮ ਬੀਚਾਰੁ ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 786.

400 ਪ੍ਰਭਿ ਆਣਿ ਆਣਿ **ਮਹਿੰਦੀ** ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ।। ਉਹੀ, ਪੰਨਾ 837.

401 ਗੁੜੁ ਕਰਿ ਗਿਆਨੁ ਧਿਆਨੁ ਕਰਿ **ਮਹੂਆ** ਭਉ ਭਾਠੀ ਮਨ ਧਾਰਾ।। ਉਹੀ, ਪੰਨਾ 969.

402 ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ **ਸਾਲੀ**।। ਉਹੀ, ਪੰਨਾ 967.

403 ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ **ਮੋਠ** ਜਿਨੇਹਾ।। ਉਹੀ, ਪੰਨਾ 960.

404 ਕਬੀਰ ਸਾਕਤੁ ਐਸਾ ਹੈ ਜੈਸੀ **ਲਸਨ** ਕੀ ਖਾਨਿ।। ਉਹੀ, ਪੰਨਾ 1365.

405 ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ **ਲਉਗ** ਸੁਪਾਰੀ।। ਉਹੀ, ਪੰਨਾ 1123.

ਜੀਵਾਂ ਦੇ ਜੀਵਨ ਦੀਆਂ ਹੋਰ ਲੋੜਾਂ ਜਿਵੇਂ ਭੋਜਨ, ਰਹਿਣ-ਸਹਿਣ ਮੁੱਖ ਤੌਰ ਉਤੇ ਬਨਸਪਤੀ ਉਤੇ ਹੀ ਨਿਰਭਰ ਕਰਦਾ ਹੈ। ਇਸੇ ਕਰ ਕੇ ਪਰਮਾਤਮਾ ਵਾਂਗ ਬਨਸਪਤੀ ਤੋਂ ਪ੍ਰਾਪਤ ਸੁੱਖਾਂ ਨੂੰ ਸਾਹਮਣੇ ਰੱਖ ਕੇ ਇਸ ਦੇ ਗੁਣਾਂ ਦੇ ਵਿਸ਼ਾਲ ਭੰਡਾਰੇ ਨੂੰ ਬਾਣੀ ਵਿਚ ਲਾਲ, ਜਵਾਹਰ, ਮਾਣਕਾਂ ਨਾਲ ਤੁਲਨਾਇਆ ਹੈ:

ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ।।

ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 59)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ' ਨੂੰ 'ਸੋਨੇ ਦਾ ਰੁੱਖ' ਕਿਹਾ ਗਿਆ ਹੈ। ਜਿਸ ਦੇ ਮੁੱਖ ਵਿਚੋਂ ਨਿਕਲੇ 'ਸ੍ਰੇਸ਼ਟ ਵਚਨ' ਰਤਨ ਹਨ, ਜਿਹਨਾਂ ਨੂੰ ਸੁਣ ਕੇ ਹਿਰਦਾ ਨਿਹਾਲ ਹੋ ਜਾਂਦਾ ਹੈ:

ਸੁਇਨੇ ਕਾ ਬਿਰਖੁ ਪਤ ਪਰਵਾਲਾ ਫਲ ਜਵੇਹਰ ਲਾਲ।।

ਤਿਤੁ ਫਲ ਰਤਨ ਲਗਹਿ ਮੁਖ ਭਾਖਿਤ ਹਿਰਦੈ ਰਿਦੈ ਨਿਹਾਲੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 147)

ਬਾਣੀਕਾਰਾਂ ਨੇ ਗੁਰਮੁਖ ਅਤੇ ਮਨਮੁਖ ਵਿਚਲੇ ਆਪਸੀ ਫ਼ਰਕ ਨੂੰ ਸਮਝਾਉਣ ਲਈ ਬਨਸਪਤੀ ਵਿਚੋਂ ਬਿੰਬ ਵਰਤੇ ਹਨ। ਗੁਰਮੁਖ ਸਦਾ ਹਰਿਆ ਰਹਿਣ ਵਾਲਾ ਦਰਖ਼ਤ ਹੈ। ਜਿਸ ਨੂੰ ਸਦਗੁਣਾਂ ਦੇ ਫਲ ਤੇ ਫੁੱਲ ਲਗਦੇ ਹਨ, ਇਸ ਦੀ ਸੰਘਣੀ ਛਾਂ ਮਨੁੱਖਤਾ ਮਾਣਦੀ ਹੈ। ਗੁਰਮੁਖ ਦੇ ਜੀਵਨ ਦੀ ਮੋਹ ਮਾਇਆ ਤੋਂ ਨਿਰਲੇਪਤਾ ਦੱਸਣ ਲਈ ਉਸ ਨੂੰ ਕਮਲ ਦੇ ਫੁੱਲ ਨਾਲ ਤੁਲਨਾਇਆ ਗਿਆ ਹੈ। ਮਨਮੁਖ ਵਿਅਕਤੀ ਲਈ ਤੁੰਮੀ, ਅਕੁ, ਧਤੂਰਾ ਤੇ ਨਿੰਮ ਆਦਿ ਕੌੜੇ ਅਤੇ ਜ਼ਹਿਰੀਲੇ ਪੌਦਿਆਂ ਦੇ ਦ੍ਰਿਸ਼ਟਾਂਤ ਵਰਤੇ ਹਨ। ਮਨਮੁਖ ਦੇ ਸੁਭਾਅ ਬਾਰੇ ਦਸਿਆ ਹੈ ਕਿ ਜਿੰਨੇ ਕੌੜੇ ਇਹ ਫਲ਼ ਹਨ, ਉਤਨਾਂ ਜ਼ਹਿਰੀਲਾ ਤੇ ਕੌੜਾ ਮਨਮੁਖ ਵਿਅਕਤੀ ਦਾ ਸੁਭਾਅ ਹੁੰਦਾ ਹੈ:

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲ।।

ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1369)

ਕਸੁੰਭੇ' ਦੇ ਫੁੱਲ ਰਾਹੀਂ ਜਗਤ ਦੀ ਥੋੜ੍ਹਚਿਰੀ ਦੀ ਗੱਲ ਕੀਤੀ ਹੈ ਅਤੇ ਮਜੀਠ ਦੇ ਪੱਕੇ ਰੰਗ ਨੂੰ ਪਰਮਾਤਮਾ ਦੇ ਨਾਮ ਨਾਲ ਤੁਲਨਾਇਆ ਹੈ। ਬਨਸਪਤੀ ਮਨੁੱਖੀ ਹੋਂਦ ਲਈ ਸਹਾਈ ਹੈ। ਗੁਰਬਾਣੀ ਵਿਚ ਬਨਸਪਤੀ ਨੂੰ ਲੈ ਕੇ ਵਰਤੇ ਗਏ ਦ੍ਰਿਸ਼ਟਾਂਤ ਰਾਹੀਂ ਮਨੁੱਖ ਨੂੰ ਬਨਸਪਤੀ ਤੋਂ ਸਹਿਣਸ਼ੀਲਤਾ, ਨਿਮਰਤਾ, ਧੀਰਜ, ਦਾਨੀ-ਸੁਭਾਅ ਆਦਿ ਸਦਗੁਣ ਗ੍ਰਹਿਣ ਕਰਨ ਲਈ ਕਿਹਾ ਗਿਆ ਹੈ।

**5. ਖਣਿਜ ਪਦਾਰਥ:**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੁਗਿਰਦੇ ਵਿਚਲੀਆਂ ਹੋਰ ਵਸਤਾਂ ਵਾਂਗ ਧਰਤੀ ਉਤੇ ਮਿਲਣ ਵਾਲੇ ਖਣਿਜਾਂ ਰਤਨ, ਪਥਰ, ਮੋਤੀ, ਹੀਰੇ, ਲਾਲ, ਮਣੀ, ਸੋਨਾ, ਰੂਪਾ, ਜਵਾਹਰ, ਲੋਹਾ, ਤਾਂਬਾ, ਪਾਰਸ ਆਦਿ ਦਾ ਵੀ ਵਰਣਨ ਕੀਤਾ ਮਿਲਦਾ ਹੈ। ਇਹ ਸਭ ਪਦਾਰਥ ਇਕੋ ਵਾਰ ਵਰਤੇ ਜਾ ਸਕਦੇ ਹਨ ਮੁੜ-ਮੁੜ ਨਹੀਂ। ਜਿਸ ਕਰ ਕੇ ਇਹਨਾਂ ਪਦਾਰਥਾਂ ਨੂੰ ਨਾ-ਨਵਿਆਣਯੋਗ ਕਿਹਾ ਜਾਂਦਾ ਹੈ। ਇਹ ਸਭ ਪਦਾਰਥ ਪਰਮਾਤਮਾ ਨੇ ਹਰੇਕ ਲੋਕ ਵਿਚ ਇਕੋ ਵਾਰ ਪਾਏ ਹਨ:

ਆਸਣੁ ਲੋਇ ਲੋਇ ਭੰਡਾਰ।। ਜੋ ਕਿਛੁ ਪਾਇਆ ਸੁ ਏਕਾ ਵਾਰ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7)

ਇਹਨਾਂ ਪਦਾਰਥਾਂ ਵਿਚ ਮੁੱਖ ਤੌਰ ਉਤੇ ਅਸਟ-ਧਾਤ ਦਾ ਜ਼ਿਕਰ ਆਉਂਦਾ ਹੈ। ਜਿਸ ਵਿਚ ਸੋਨਾ, ਚਾਂਦੀ (ਰੂਪਾ), ਤਾਂਬਾ, ਜਿਸਤ, ਪਾਰਾ, ਕਲੀ, ਲੋਹਾ ਤੇ ਸਿਕਾ ਅੱਠ ਧਾਤਾਂ ਮੰਨੀਆਂ ਗਈਆਂ ਹਨ।[406] ਗੁਰਬਾਣੀ ਵਿਚ 'ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ'[407] ਕਹਿ ਕੇ ਪਰਮਾਤਮਾ ਦੇ ਨਾਮ ਦੀ ਤੁਲਨਾ ਰਤਨ, ਜਵਾਹਰ, ਮਾਣਕਾਂ ਨਾਲ ਕੀਤੀ ਗਈ ਹੈ। ਜਿਹੜੇ ਕਿ ਗੁਰੂ ਦੇ ਭੰਡਾਰੇ ਵਿਚੋਂ ਹੀ ਮਿਲਦੇ ਹਨ। ਪਾਰਸ ਦੇ ਨਾਲ ਲੋਹੇ (ਮਨੂਰ) ਦਾ ਜ਼ਿਕਰ ਆਇਆ ਹੈ, ਲੋਹੇ ਨੂੰ ਘਟੀਆ ਧਾਤ ਮੰਨਿਆ ਗਿਆ ਹੈ ਪਰ ਇਹ ਪਾਰਸ ਦੀ ਛੋਹ ਪ੍ਰਾਪਤ ਕਰ ਕੇ ਸੋਨੇ ਦਾ ਰੂਪ ਧਾਰਨ

[406] ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 23.

[407] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 48.

ਕਰ ਲੈਂਦੀ ਹੈ। ਬਾਣੀ ਅਨੁਸਾਰ ਗੁਰੂ ਪਾਰਸ ਹੈ ਜਿਹੜਾ ਲੋਹੇ ਨੂੰ ਸੋਨੇ ਵਿਚ ਬਦਲ ਦਿੰਦਾ ਹੈ:

ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1114)

ਗੁਰਬਾਣੀ ਵਿਚ ਸੋਨੇ ਲਈ ਸੁਇਨਾ, ਕੰਚਨ, ਕਨਿਕ ਅਤੇ ਚਾਂਦੀ ਦਾ ਰੂਪਾ ਨਾਮ ਦਰਜ ਹਨ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੁਗਿਰਦੇ ਵਿਚਲੇ ਤਕਰੀਬਨ ਹਰ ਪਹਿਲੂ ਸੰਬੰਧੀ ਭਰਪੂਰ ਵਰਣਨ ਕੀਤਾ ਗਿਆ ਹੈ। ਗੁਰਬਾਣੀ ਵਿਚ ਚੁਗਿਰਦੇ ਦੇ ਆਦਿ-ਅੰਤ, ਪ੍ਰਯੋਜਨ, ਸੀਮਤ-ਅਸੀਮਿਤ ਆਦਿ ਬਾਰੇ ਅਤੇ ਇਸ ਦੇ ਸਥੂਲ ਰੂਪ (ਜੈਵਿਕ ਅਤੇ ਅਜੈਵਿਕ) ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪਰਮਾਤਮਾ ਨੇ ਆਪਣੇ ਆਪ ਨੂੰ ਸਾਕਾਰ ਰੂਪ ਵਿਚ ਪ੍ਰਗਟ ਕਰਨ ਲਈ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਹ ਦਿਸਦਾ ਪਸਾਰਾ ਪਰਮਾਤਮਾ ਦੀ ਕਿਰਤ ਹੈ, ਉਸ ਦੇ ਇਕ ਹੁਕਮ ਅਧੀਨ ਉਪਜਿਆ ਹੈ। ਬਾਣੀਕਾਰਾਂ ਨੇ ਮਨੁੱਖ ਨੂੰ ਅਧਿਆਤਮਿਕਤਾ ਦੀ ਸੋਝੀ ਦੇਣ ਸਮੇਂ ਚੁਗਿਰਦੇ ਦੇ ਸਥੂਲ ਰੂਪ ਨੂੰ ਬਿਆਨਿਆ ਹੈ। ਚੁਗਿਰਦੇ ਵਿਚ ਮਿਲਦੀਆਂ ਵਸਤਾਂ ਹਵਾ, ਪਾਣੀ, ਅਗਨੀ, ਧਰਤੀ, ਆਕਾਸ਼, ਸਮਾਂ, ਬਨਸਪਤੀ, ਜੀਵ-ਜੰਤੂ, ਖਣਿਜ ਆਦਿ ਦੇ ਪ੍ਰਤੀਕਾਂ ਰਾਹੀਂ ਮਨੁੱਖ ਨੂੰ ਅਸਲ ਦੀ ਸੋਝੀ ਕਰਵਾਈ ਗਈ ਹੈ। ਇਹਨਾਂ ਵਸਤਾਂ ਦੇ ਸੁਭਾਅ ਅਤੇ ਕਰਮ ਨੂੰ ਮੁੱਖ ਰਖ ਕੇ ਮਨਮੁਖ ਅਤੇ ਗੁਰਮੁਖ ਦੇ ਆਪਸੀ ਫ਼ਰਕ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਸੋ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਵਿਚ ਨਿਰਗੁਣ ਬ੍ਰਹਮ ਦਾ ਸਰਗੁਣ ਸਰੂਪ ਅਧਿਆਤਮਕ ਸੰਦੇਸ਼ ਦੇਣ ਲਈ ਵਿਸਥਾਰ ਪੂਰਵਕ ਵਰਣਨ ਕੀਤਾ ਹੈ।

## ਅਧਿਆਇ - ਤੀਜਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੁਗਿਰਦਾ ਬੋਧ: ਵਿਹਾਰਕ ਪਰਿਪੇਖ
## (ਗੁਰੂ ਕਾਲ ਦੇ ਪ੍ਰਸੰਗ ਵਿਚ)

ਸ੍ਰੀ ਗੁਰੂ ਗ੍ਰੰਥ ਸਾਹਿਬ ਸਿਖ-ਸਿਧਾਂਤ ਦਾ ਮੁੱਖ ਸੋਮਾ ਹੈ। ਗੁਰੂ ਸਾਹਿਬਾਨ ਨੇ ਸਿਖ ਸਿਧਾਂਤਾਂ ਦਾ ਕੇਵਲ ਪ੍ਰਤੀਪਾਦਨ ਹੀ ਨਹੀਂ ਕੀਤਾ ਬਲਕਿ ਉਹਨਾਂ ਨੂੰ ਵਿਹਾਰਕ ਰੂਪ ਵੀ ਦਿੱਤਾ। ਗੁਰੂ ਸਾਹਿਬਾਨ ਨੇ ਅਮਲ ਕਰਨ ਨੂੰ ਸਿਧਾਂਤ ਤੋਂ ਉਪਰ ਮੰਨਿਆ ਹੈ। ਸਿਖ ਇਤਿਹਾਸ ਵਿਚੋਂ ਗੁਰੂ ਸਾਹਿਬਾਨ ਦੇ ਸਿਧਾਂਤਕ ਅਤੇ ਵਿਹਾਰਕ ਸੁਮੇਲ ਨੂੰ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਦੀ ਕਥਨੀ ਅਤੇ ਕਰਨੀ ਦਾ ਸੁਮੇਲ ਹੀ ਉਹਨਾਂ ਦੇ ਜੀਵਨ ਦਾ ਆਧਾਰ ਹੈ। ਗੁਰੂ ਸਾਹਿਬਾਨ ਕਾਦਰ ਅਤੇ ਕੁਦਰਤ ਵਿਚਲੇ ਸੰਬੰਧ ਨੂੰ ਕੇਵਲ ਸਿਧਾਂਤਕ ਪੱਧਰ ’ਤੇ ਹੀ ਪੇਸ਼ ਨਹੀਂ ਕਰਦੇ ਬਲਕਿ ਵਿਹਾਰਕ ਜੀਵਨ ਨਾਲ ਵੀ ਜੋੜਦੇ ਹਨ।

ਗੁਰੂ ਸਾਹਿਬਾਨ ਨੇ ਬਾਣੀ ਵਿਚ ਕਾਦਰ ਅਤੇ ਕੁਦਰਤ ਦੇ ਸੰਜੋਗ ਨੂੰ ਅਧਿਆਤਮਕ ਸੰਦੇਸ਼ ਦੇਣ ਲਈ ਸਾਧਨ ਬਣਾਇਆ ਹੈ। ਬਾਣੀ ਅਧਿਆਤਮਕ ਸੰਦੇਸ਼ ਦੇ ਨਾਲ-ਨਾਲ ਵਿਹਾਰਕ ਪਖੋਂ ਵੀ ਸੰਤੁਲਨ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਗੁਰੂ ਸਾਹਿਬਾਨ ਨੇ ਨਗਰ ਵਸਾਉਣ ਲਈ ਥਾਂ ਦੀ ਚੋਣ ਕਰਨ ਸਮੇਂ ਮੁੱਖ ਤਰਜੀਹ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਪਹਾੜੀ ਖੇਤਰ ਜਾਂ ਦਰਿਆਵਾਂ ਨਾਲ ਲਗਦੀਆਂ ਥਾਂਵਾਂ ਨੂੰ ਦਿੱਤੀ ਹੈ। “ਗੁਰੂਆਂ ਦੇ ਵਸਾਏ ਸ਼ਹਿਰ ਜਾਂ ਦਰਿਆਵਾਂ ਦੇ ਵੇਟ ਸਨ (ਕਰਤਾਰਪੁਰ, ਰਾਵੀ, ਗੋਇੰਦਵਾਲ, ਹਰਗੋਬਿੰਦਪੁਰ) ਜਾਂ ਟਿੱਬੇ (ਖਡੂਰ ਸਾਹਿਬ), ਜਾਂ ਨੀਵੀਂਆਂ ਟੋਭੇ ਵਾਲੀਆਂ ਥਾਂਵਾਂ (ਅੰਮ੍ਰਿਤਸਰ, ਤਰਨਤਾਰਨ) ਜਾਂ ਪਹਾੜੀਆਂ (ਕੀਰਤਪੁਰ ਤੇ ਅਨੰਦਪੁਰ ਸਾਹਿਬ) ਅਜਾਈਂ ਪਈਆਂ ਜ਼ਮੀਨਾਂ ਸਨ।”[1] ਇਹਨਾਂ ਨਗਰਾਂ ਦੀ ਭੂਗੋਲਿਕ ਸਥਿਤੀ ਤੋਂ ਇਹ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਜਿੰਨੇ ਵੀ ਨਗਰ ਵਸਾਏ ਉਹ ਸਾਰੇ ਲਗਪਗ ਦਰਿਆਵਾਂ ਦੇ ਕੰਢੇ ਜਾਂ ਜੰਗਲਾਂ ਨਾਲ ਭਰਪੂਰ ਪਹਾੜੀ ਖੇਤਰ ਸਨ। ਪਿਆਰਾ ਸਿੰਘ ਪਦਮ ਅਨੁਸਾਰ “ਸੰਸਾਰ ਦੇ ਇਤਿਹਾਸ ਤੇ ਨਜ਼ਰ ਮਾਰਿਆ

---

1 ਸਤਿਬੀਰ ਸਿੰਘ, *ਨਿਰਭਉ ਨਿਰਵੈਰ,* ਨਿਊ ਬੁੱਕ ਕੰਪਨੀ, ਜਲੰਧਰ, ਸੰਸਕਰਨ-ਪੰਜਵਾਂ, 2002, ਪੰਨਾ 25.

ਪਤਾ ਲਗਦਾ ਹੈ ਕਿ ਤਮਾਮ ਸਭਿਅਤਾਵਾਂ ਦਾ ਵਿਕਾਸ ਦਰਿਆਵਾਂ ਦੇ ਕੰਢੇ ਹੀ ਹੋਇਆ, ਚਾਹੇ ਉਹ ਸਿੰਧੂ ਸਭਿਅਤਾ ਸੀ ਚਾਹੇ ਨੀਲ ਦੀ ਮਿਸਰੀ ਸਭਿਅਤਾ, ਇਹ ਇਤਿਹਾਸਕ ਸਚਾਈ ਹੈ ਕਿ ਦਰਿਆ ਦਾ ਮਨੁੱਖੀ ਜ਼ਿੰਦਗੀ ਨਾਲ ਡੂੰਘਾ ਸੰਬੰਧ ਹੈ।"[2] ਪਰ ਜਿਹਨਾਂ ਸਥਾਨਾਂ ਉਤੇ ਨਦੀਆਂ, ਦਰਿਆ ਦੂਰ ਸਨ ਉਥੇ ਛੱਪੜੀਆਂ ਜਾਂ ਟੋਭਿਆਂ ਵਾਲੀ ਨੀਵੀਂ ਥਾਂ ਨੂੰ ਪਹਿਲ ਦਿੱਤੀ ਜਾਂਦੀ ਸੀ, ਤਾਂ ਕਿ ਬਰਸਾਤਾਂ ਵਿਚਲੇ ਇਕੱਠੇ ਹੋਏ ਪਾਣੀ ਨੂੰ ਵਰਤੋਂ ਵਿਚ ਲਿਆਂਦਾ ਜਾ ਸਕੇ, ਅਜਿਹੀਆਂ ਥਾਂਵਾਂ ਵਿਚ ਅੰਮ੍ਰਿਤਸਰ, ਤਰਨਤਾਰਨ ਆਦਿ ਮੁੱਖ ਹਨ। ਡਾ. ਜਗਜੀਵਨ ਸਿੰਘ ਅਨੁਸਾਰ "ਗੁਰੂ ਸਾਹਿਬਾਨ ਦੁਆਰਾ ਨਗਰ ਵਸਾਉਣ ਅਤੇ ਆਪਣੇ ਨਿਵਾਸ ਸਥਾਨ ਬਣਾਉਣ ਲਈ ਉਜਾੜ ਪਰ ਦਿਲ ਟੁੰਬਵੇਂ ਖ਼ੂਬਸੂਰਤ ਕੁਦਰਤੀ ਨਜ਼ਾਰਿਆਂ ਨਾਲ ਸਰਸ਼ਾਰ ਦਰਿਆਵਾਂ ਦੇ ਕਿਨਾਰਿਆਂ ਅਤੇ ਪਹਾੜੀਆਂ ਦੀ ਚੋਣ ਕਰਨਾ ਇਸ ਤੱਥ ਦਾ ਵੀ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬਾਨ ਆਪਣੇ ਸਮੇਂ ਦੇ ਮਹਾਨ ਅਤੇ ਸੂਝਵਾਨ ਉਸਾਰੀਏ ਹੋਣ ਦੇ ਨਾਲ-ਨਾਲ ਵਾਤਾਵਰਨ ਦੀ ਕਦਰ, ਰੱਖਿਆ ਅਤੇ ਸਾਂਭ ਸੰਭਾਲ ਕਰਨ ਵਾਲੇ ਵੱਡੇ ਕੁਦਰਤ ਅਤੇ ਸੁਹਜ ਪ੍ਰੇਮੀ ਵੀ ਸਨ।"[3]

ਗੁਰੂ ਸਾਹਿਬਾਨ ਨੇ ਪਾਣੀ ਦੀ ਕਿੱਲਤ ਦੂਰ ਕਰਨ ਲਈ ਅਨੇਕ ਬਾਉਲੀਆਂ ਅਤੇ ਖੂਹ ਖੁਦਵਾਏ ਸਨ। ਇਹਨਾਂ ਬਾਉਲੀਆਂ ਅਤੇ ਸਰੋਵਰਾਂ ਰਾਹੀਂ ਪਾਣੀ ਦੀ ਕਮੀ ਤਾਂ ਦੂਰ ਹੋਈ ਹੀ ਹੈ ਪਰ ਨਾਲ ਹੀ ਪਾਣੀ ਨੂੰ ਇਕ ਅਜਿਹਾ ਮਾਧਿਅਮ ਬਣਾਇਆ ਗਿਆ, ਜਿਸ ਨਾਲ ਮਨੁੱਖਤਾ ਨੂੰ ਊਚ-ਨੀਚ, ਛੂਤ-ਛਾਤ ਆਦਿ ਸਭ ਵਖਰੇਵੇਂ ਖ਼ਤਮ ਕਰ ਕੇ ਇਕ ਜੋਤ ਵਿਚੋਂ ਪੈਦਾ ਹੋਣ ਦਾ ਅਹਿਸਾਸ ਕਰਵਾਇਆ ਗਿਆ। ਗੁਰੂ ਸਾਹਿਬਾਨ ਦੁਆਰਾ ਲਗਾਏ ਖੂਹ, ਸਰੋਵਰ, ਬਾਉਲੀਆਂ, ਬਾਗ਼, ਬੂਟੇ ਆਦਿ ਕੇਵਲ ਮਨੁੱਖਤਾ ਲਈ ਨਹੀਂ ਬਲਕਿ ਪਸ਼ੂ ਪੰਛੀਆਂ ਲਈ ਵੀ ਸਹਾਈ ਸਨ। ਗੁਰੂ ਸਾਹਿਬਾਨ ਦੀ ਵਿਚਾਰਧਾਰਾ 'ਕੁਦਰਤਿ ਕਰਿ ਕੈ ਵਸਿਆ ਸੋਇ'[4] ਨੂੰ ਸਾਖਸ਼ਾਤ ਪੇਸ਼ ਕਰਦੀ ਹੈ।

ਗੁਰੂ ਸਾਹਿਬਾਨ ਦੁਆਰਾ ਲਗਾਏ ਖੂਹਾਂ ਨੂੰ 'ਗੁਰੂ ਕਾ ਖੂਹ'[5] ਅਤੇ ਤਲਾਬਾਂ ਨੂੰ 'ਸਰੋਵਰ' ਜਾਂ

---

[2] ਪਿਆਰਾ ਸਿੰਘ ਪਦਮ, *ਗੁਰੂ ਸਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016, ਪੰਨਾ 176.

[3] ਜਗਜੀਵਨ ਸਿੰਘ, *ਸ੍ਰੀ ਗੁਰੂ ਹਰਿਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 48.

[4] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83.

[5] ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਲਾਹੌਰ ਬੁੱਕਸ, ਲੁਧਿਆਣਾ, ਸੰਸਕਰਣ-ਪੰਜਵਾਂ, 2017, ਪੰਨਾ 367.

'ਗੁਰੂਸਰ' ਕਿਹਾ ਜਾਂਦਾ ਹੈ। ਭਾਈ ਕਾਨ੍ਹ ਜੀ ਨਾਭਾ ਅਨੁਸਾਰ 'ਇਹ ਉਹ ਤਾਲ ਹਨ ਜੋ ਸਤਿਗੁਰੂ ਨੇ ਲਗਵਾਏ ਅਥਵਾ ਗੁਰੂ ਨਾਲ ਸੰਬੰਧ ਰੱਖਦੇ ਹਨ।'[6] ਗੁਰਦੁਆਰਿਆਂ ਵਿਚ ਖੜ੍ਹੇ ਰੁੱਖ-ਬੂਟੇ ਜਾਂ ਬਾਗ਼ ਗੁਰੂ ਸਾਹਿਬ ਦੇ ਬਨਸਪਤੀ ਪ੍ਰਤੀ ਪਿਆਰ ਨੂੰ ਤਾਜ਼ਾ ਕਰਵਾਉਂਦੇ ਹਨ। ਗੁਰੂ ਸਾਹਿਬਾਨ ਨਾਲ ਸੰਬੰਧਿਤ ਬਾਗ਼ਾਂ ਨੂੰ 'ਗੁਰੂ ਕੇ ਬਾਗ਼'[7] ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਦਰਖ਼ਤਾਂ ਨਾਲ ਸੰਬੰਧਿਤ ਗੁਰਦੁਆਰਿਆਂ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇਹ ਉਹ ਦਰਖ਼ਤ ਹਨ, ਜਿਹਨਾਂ ਦਾ ਗੁਰੂ ਸਾਹਿਬਾਨ ਨਾਲ ਸੰਬੰਧ ਰਿਹਾ ਹੈ। ਅਨੇਕ ਗੁਰਦੁਆਰਿਆਂ ਦੇ ਨਾਂ ਦਰਖ਼ਤਾਂ ਨਾਲ ਸੰਬੰਧਿਤ ਹਨ ਜਿਵੇਂ ਨਿੰਮ ਸਾਹਿਬ, ਬੇਰ ਸਾਹਿਬ, ਜੰਡ ਸਾਹਿਬ, ਟਾਹਲੀ ਸਾਹਿਬ, ਝਾੜ ਸਾਹਿਬ, ਗੁਰਦੁਆਰਾ ਹਰੀਆਂ ਵੇਲਾ ਆਦਿ। ਹਰਿਮੰਦਰ ਸਾਹਿਬ ਵਿਚਲੀ ਬੇਰ ਬਾਬਾ ਬੁੱਢਾ ਜੀ, ਦੁਖ ਭੰਜਨੀ ਬੇਰੀ, ਲਾਚੀ ਬੇਰੀ ਦਾ ਸਿਖ ਇਤਿਹਾਸ ਵਿਚ ਅਹਿਮ ਸਥਾਨ ਹੈ। ਗੁਰੂ ਸਾਹਿਬਾਨ ਜਿਥੇ-ਜਿਥੇ ਵੀ ਗਏ ਉਹਨਾਂ ਸਭ ਸਥਾਨਾਂ ਦੇ ਖੂਹ, ਸਰੋਵਰ, ਬਾਉਲੀਆਂ, ਬਾਗ਼, ਬੂਟੇ ਗੁਰੂ ਸਾਹਿਬਾਨ ਦੇ ਨਾਂ ਨਾਲ ਜੁੜ ਗਏ ਹਨ। "ਗੁਰੂ ਨਾਨਕ ਦੇਵ ਸੇ ਲੇਕਰ ਗੁਰੂ ਗੋਬਿੰਦ ਜੀ ਪ੍ਰਯੰਤ ਦਸ ਗੁਰੋਂ ਨੇ ਜਹਾਂ ਜਹਾਂ ਜਨਮ ਧਾਰੇ ਹੈ, ਜਹਾਂ ਜਹਾਂ ਸਿੰਘਾਸਨ ਪੈ ਭਾਵ ਗੁਰਿਆਈ ਕੇ ਤਖਤੋਂ ਪਰ ਬੈਠੇਂ ਹੈ, ਜਹਾਂ ਜਹਾਂ ਉਪਦੇਸ਼ ਬਰ, ਸ੍ਰਾਪ, ਯੁਯਾਦਿ ਕਿਤ ਸੇ ਬੂਮੀ (ਭੂਮੀ)ਪਾਵਨ ਕਰੀ ਹੈ। ਔਰ ਦੇਹ ਤਿਆਗ ਜੋਤੀ ਜੋਤ ਸਮਾਏ ਹੈ, ਉਨ ਸਥਾਨੋਂ ਮੇਂ ਕਹੀ ਕਹੀਂ ਮੰਦਰ, ਕੂਪ, ਬਾਵਲੀ ਆਦਿਕੋ ਕੀ ਰਚਨਾ ਜਗਤ ਕੀ ਕਲਿਆਣ ਹੇਤ ਗੁਰੋਂ ਨੇ ਆਪ ਕਰਾਈ ਔਰ ਸਥਾਨੋਂ ਮੇਂ ਸਿਖੋਂ ਨੇ ਕਰਵਾਈ ਹੈ। ਨਾਮ ਗੁਰ ਮੰਦਰੋਂ ਕਾ 'ਗੁਰਦੁਆਰੇ' ਹੈ ਨਾਮ ਤਲਬੋਂ ਕਾ 'ਸਰ' ਹੈ। ਜੈਸੇ ਅੰਮ੍ਰਿਤਸਰ, ਸੰਤੋਖਸਰ, ਰਾਮਸਰ, ਬਿਬੇਕ ਸਰ ਹੈ। ਨਾਮ ਕੂਓਂ ਕੇ ਗੁਰੂ ਕੇ ਕੂੰਏਂ ਹੈ ਜੈਸੇ ਗੁਰੂ ਕਾ ਗੰਗਸਰ ਕੂੰਆਂ। ਛੇਹਰਟਾ ਕੂੰਆਂ, ਅਕਾਲਸਰ ਕੂੰਆਂ। ਨਾਮ ਬਾਉਲੀਆਂ ਕਾ ਗੁਰੂ ਕੀ ਬਾਉਲੀਆਂ ਹੈਂ। ਜੈਸੇ ਗੋਇੰਦਵਾਲ ਕੀ ਬਾਉਲੀ, ਜਗਨਨਾਥ ਕੀ ਬਾਉਲੀ।"[8] ਸਿਖ ਇਤਿਹਾਸ ਦੀਆਂ ਬਹੁਤ ਸਾਰੀਆਂ ਸਾਖੀਆਂ ਗੁਰੂ ਸਾਹਿਬਾਨ ਦੇ ਚੁਗਿਰਦੇ ਪ੍ਰਤੀ ਸਨੇਹ ਨੂੰ ਉਜਾਗਰ ਕਰਦੀਆਂ ਹੋਈਆਂ ਕਾਦਰ ਅਤੇ ਕੁਦਰਤ ਦੀ

---

6 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 366.

7 ਉਹੀ, ਪੰਨਾ 367.

8 ਤਾਰਾ ਹਰਿ ਨਰੋਤਮ (ਪੰਡਿਤ), *ਸ੍ਰੀ ਗੁਰੁ ਤੀਰਥ ਸੰਗ੍ਰਹਿ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975, ਪੰਨਾ 3.

ਇਕਮਿਕਤਾ ਨੂੰ ਦਰਸਾਉਂਦੀਆਂ ਹਨ। ਗੁਰੂ ਕਾਲ ਵਿਚ ਚੁਗਿਰਦਾ ਸੰਭਾਲ ਲਈ ਕੀਤੇ ਪ੍ਰਯਤਨਾਂ ਨੂੰ ਗੁਰੂ ਸਾਹਿਬਾਨ ਦੇ ਜੀਵਨ ਵਿਚੋਂ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ:

**ਗੁਰੂ ਨਾਨਕ ਦੇਵ ਜੀ (1469-1539 ਈ.):** ਗੁਰੂ ਨਾਨਕ ਦੇਵ ਜੀ ਦਾ ਜਨਮ ਪਿਤਾ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਰਾਇ-ਭੋਇ ਦੀ ਤਲਵੰਡੀ ਵਿਖੇ ਹੋਇਆ। ਤਲਵੰਡੀ ਦੇ ਇਲਾਕੇ ਨੂੰ ਬਾਰ ਦਾ ਇਲਾਕਾ ਵੀ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਬਾਰ ਇਲਾਕੇ ਦੇ ਰਮਣੀਕ ਕੁਦਰਤੀ ਨਜ਼ਾਰਿਆਂ ਦਾ ਬਾਣੀ ਵਿਚ ਭਰਪੂਰ ਵਰਣਨ ਕੀਤਾ ਹੈ। ਗੁਰੂ ਸਾਹਿਬ ਦੁਆਰਾ ਰਚਿਤ ਬਾਣੀ 'ਬਾਰਹ ਮਾਹਾ ਤੁਖਾਰੀ' ਨੂੰ ਇਸ ਸੰਦਰਭ ਵਿਚ ਦੇਖਿਆ ਜਾ ਸਕਦਾ ਹੈ। ਇਸ ਵਿਚ ਫੁੱਲਾਂ ਉਤੇ ਬੈਠੇ ਸੋਹਣੇ ਭਉਰੇ, ਜਿਹਨਾਂ ਦਾ ਇਕ ਡਾਲੀ ਤੋਂ ਦੂਜੀ ਡਾਲੀ ਤਕ ਜਾਣਾ, ਬਨਸਪਤੀ ਨੂੰ ਲਗੇ ਫੁੱਲ, ਕੋਇਲ ਦਾ ਅੰਬ ਦੇ ਰੁੱਖ ਉਤੇ ਬੈਠ ਕੇ ਕੂ-ਕੂ ਬੋਲਣਾ ਆਦਿ ਮਨ ਨੂੰ ਭਾਉਂਦਾ ਹੈ:

> ਚੇਤੁ ਬਸੰਤੁ ਭਲਾ ਭਵਰੁ ਸੁਹਾਵੜੇ।।...
>
> ...ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ।।
>
> ਭਵਰ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।।
>
> ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1107-8)

ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ਵਿਚ ਚੁਗਿਰਦੇ ਵਿਚਲੀਆਂ ਵਸਤਾਂ ਨੂੰ ਅਧਿਆਤਮਕ ਭਾਵ ਦਰਸਾਉਣ ਲਈ ਦ੍ਰਿਸ਼ਟਾਂਤਾਂ ਦੇ ਰੂਪ ਵਿਚ ਵਰਤਿਆ ਹੈ। "ਧਰਤੀ ਦੇ ਦਰਿਆ, ਪਹਾੜ, ਅਗਨੀ, ਬਨਸਪਤੀ, ਰੁੱਤਾਂ, ਥਿਤਾਂ, ਦਿਨ-ਰਾਤ, ਫੁੱਲ, ਫਲ, ਪਸ਼ੂ, ਪੰਛੀ, ਕੀੜੇ, ਮਕੌੜੇ, ਆਦਿਕ ਨੂੰ ਅਨੇਕਾਂ ਥਾਂਵਾਂ ਤੇ ਉਪਮਾਨ, ਰੂਪਕ, ਦ੍ਰਿਸ਼ਟਾਂਤ ਆਦਿ ਲਈ ਪ੍ਰਯੁਕਤ ਕੀਤਾ ਹੈ। ਏਸੇ ਤਰ੍ਹਾਂ ਅੰਬਰ ਦੇ ਤਾਰੇ, ਸੂਰਜ, ਚੰਦਰਮਾ, ਬਦਲ, ਮੀਂਹ, ਹਨੇਰੀ, ਬਿਜਲੀਆਂ, ਆਦਿ ਨੂੰ ਅਧਿਆਤਮਕ ਭਾਵ ਦਰਸਾਉਣ ਲਈ ਅਲੰਕਾਰ ਰੂਪ ਵਿਚ ਵਰਤਿਆ ਹੈ। ਜਲ-ਕਮਲ, ਮਛਲੀ-ਨੀਰ, ਜਲ-ਦੁੱਧ, ਚਾਤ੍ਰਿਕ-ਮੇਹ, ਚਕਵੀ-ਸੂਰ, ਆਦਿ ਪ੍ਰਕਿਰਤਿਕ ਜੋੜਾਂ ਦਾ ਵਿਵਹਾਰ ਰੂਪਕ, ਉਪਮਾ ਤੇ ਦ੍ਰਿਸ਼ਟਾਂਤ ਆਦਿ ਅਲੰਕਾਰਾਂ ਦੇ ਰੂਪ ਵਿਚ ਦਰਸਾ ਕੇ ਮਹਾਨ ਅਧਿਆਤਮ ਜੀਵਨ ਦੀ

ਪ੍ਰੇਰਨਾ ਅਸੀਂ ਗੁਰੂ ਨਾਨਕ ਕਾਵਿ ਵਿਚ ਅਨੇਕ ਥਾਂਵਾਂ ਤੇ ਵੇਖਦੇ ਹਾਂ।"[9] ਗੁਰੂ ਨਾਨਕ ਦੇਵ ਜੀ ਆਪਣੀ ਰਚਨਾ 'ਪਉਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਵਿਚ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ, ਧਰਤੀ ਨੂੰ ਮਾਤਾ ਸਮਾਨ ਦਰਜਾ ਦਿੰਦੇ ਹਨ। ਪਰਮਾਤਮਾ ਨੇ ਹਵਾ ਅਤੇ ਧਰਤੀ ਨੂੰ ਸਾਜ ਕੇ ਫਿਰ ਜਲ ਅਤੇ ਅਗਨੀ ਦੇ ਮਿਲਾਪ ਰਾਹੀਂ ਜਗਤ ਦੀ ਰਚਨਾ ਕੀਤੀ ਹੈ:

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 350)

ਗੁਰੂ ਨਾਨਕ ਦੇਵ ਜੀ ਕੁਦਰਤ ਨੂੰ ਪਰਮਾਤਮਾ ਦੁਆਰਾ ਪੈਦਾ ਕੀਤੀ ਹੋਣ ਕਾਰਨ ਸੱਚਾ ਮੰਨਦੇ ਹਨ। ਗੁਰੂ ਸਾਹਿਬ, ਰਾਇ ਭੋਇ ਦੀ ਤਲਵੰਡੀ ਦੇ ਖੇਤਾਂ ਅਤੇ ਸੁਲਤਾਨਪੁਰ ਵਿਖੇ ਵੇਈਂ ਨਦੀ ਦੇ ਕੰਢੇ ਬਹੁਤਾ ਸਮਾਂ ਕੁਦਰਤ ਨੂੰ ਨਿਹਾਰਦੇ ਰਹਿੰਦੇ ਸਨ, ਕੁਦਰਤ ਵੀ ਹਮੇਸ਼ਾ ਗੁਰੂ ਸਾਹਿਬ ਦਾ ਸਾਥ ਦਿੰਦੀ ਸੀ। ਇਸ ਸੰਬੰਧੀ ਕਈ ਸਾਖੀਆਂ ਵੀ ਪ੍ਰਚਲਿਤ ਹਨ ਜਿਵੇਂ, ਗੁਰੂ ਨਾਨਕ ਦੇਵ ਜੀ ਰਾਇ ਭੋਇ ਦੀ ਤਲਵੰਡੀ ਵਿਚ ਜਿਸ ਦਰਖ਼ਤ ਥੱਲੇ ਭਗਤੀ ਕਰਨ ਬੈਠੇ ਸਨ, ਉਸ ਦਰਖ਼ਤ ਦੀ ਛਾਂ ਨਾ ਫਿਰਨਾ[10] ਇਵੇਂ ਹੀ ਇਕ ਵਾਰ ਆਪ ਜੀ ਨੂੰ ਸੱਪ ਨੇ ਫ਼ਨ੍ਹ ਤਾਣ ਕੇ ਛਾਂ ਕੀਤੀ ਸੀ। ਗੁਰੂ ਨਾਨਕ ਦੇਵ ਜੀ ਬਚਪਨ ਵਿਚ ਆਪਣਾ ਬਹੁਤਾ ਸਮਾਂ ਤਲਵੰਡੀ ਵਿਖੇ ਤਲਾਅ ਦੇ ਕੰਢੇ ਬਿਤਾਉਂਦੇ ਸਨ। ਇਸ ਸਥਾਨ ਉਤੇ ਰਾਇ ਬੁਲਾਰ ਵਲੋਂ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣਾਇਆ ਸਰੋਵਰ 'ਨਾਨਕ ਸਰ' ਦੇ ਨਾਂ ਨਾਲ ਪ੍ਰਸਿੱਧ ਹੈ।[11]

ਗੁਰੂ ਸਾਹਿਬ ਨੇ ਤਿੰਨ ਦਿਨ ਵੇਈਂ ਨਦੀ ਦੇ ਪਾਣੀ ਵਿਚ ਰਹਿ ਕੇ ਪਰਮਾਤਮਾ ਨਾਲ ਮਿਲਾਪ ਕੀਤਾ ਅਤੇ ਬਾਹਰ ਆਉਣ ਤੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਉਪਦੇਸ਼ ਦਿੱਤਾ। ਇਸ ਮਗਰੋਂ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਉਚਾਰਿਆ। ਸਿਖ ਇਤਿਹਾਸ ਅਨੁਸਾਰ ਗੁਰੂ ਨਾਨਕ

---

9 ਗੁਰਦੇਵ ਸਿੰਘ, *ਪੰਜਾਬੀ ਵਿਚ ਪ੍ਰਕਿਰਤੀ-ਚਿਤ੍ਰਣ*, ਭਾਸ਼ਾ ਵਿਭਾਗ, ਪਟਿਆਲਾ, 1971, ਪੰਨੇ 203-04.

10 "ਤਬਿ ਰਾਇ ਬੁਲਾਰ ਦੇਵ ਭੱਟੀ ਸਿਕਾਰ ਚੜਿਆ ਥਾ, ਆਉਂਦਾ ਆਉਂਦਾ ਜਾਂ ਬਾਗ਼ ਵਿਚ ਆਵੇ ਤਾਂ ਕੋਈ ਦਰਖ਼ਤ ਹੇਠਿ ਸੁਤਾ ਪਇਆ ਹੈ। ਪਰੁ ਜਾਂ ਦੇਖੇ ਤਾਂ ਹੋਰਨਾਂ ਦਰਖ਼ਤਾਂ ਦੀ ਛਾਇਆ ਚਲੀ ਗਈ ਹੈ, ਅਰੁ ਇਸ ਦਰਖਤ ਦਾ ਪ੍ਰਛਾਵਾਂ ਖੜਾ ਹੈ। ਤਬਿ ਰਾਇ ਬੁਲਾਰ ਆਖਿਆ, 'ਇਸ ਨੂੰ ਜਗਾਇਹੁ'। ਜਬ ਉਠਾਇਆ, ਤਾਂ ਕਾਲੂ ਦਾ ਪੁਤ ਹੈ।"
ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 7.

11 ਤਾਰਾ ਹਰਿ ਨਰੋਤਮ (ਪੰਡਿਤ), *ਸ੍ਰੀ ਗੁਰੂ ਤੀਰਥ ਸੰਗ੍ਰਹਿ*, ਪੰਨਾ 13.

ਦੇ ਪਰਮਾਤਮਾ ਨਾਲ ਮਿਲਾਪ ਬਾਅਦ ਜਦੋਂ ਗੁਰੂ ਨਾਨਕ ਜੀ ਨੇ ਇਹ ਆਕਾਸ਼ਬਾਣੀ ਸੁਣੀ ਕਿ 'ਹੇ ਨਾਨਕ ਤੂੰ ਮੇਰੀ ਪਾਤਸ਼ਾਹੀ ਵੇਖੀ ਹੈ? ਤਾਂ ਗੁਰੂ ਜੀ ਬੋਲੇ ਕਿ "ਸਿਰਜਨਹਾਰ, ਜੀਵ ਕੀ ਕਹਿ ਸਕਦਾ ਹੈ ਅਤੇ ਜੋ ਕੁੱਝ ਮੈਂ ਵੇਖ ਚੁਕਾ ਹਾਂ ਇਸ ਪਿਛੋਂ ਹੋਰ ਕੀ ਕਿਹਾ ਜਾਂ ਸੁਣਿਆ ਜਾ ਸਕਦਾ ਹੈ। ਛੋਟੇ ਤੋਂ ਛੋਟੇ ਜੀਵ ਵੀ ਤੇਰੀ ਹੀ ਸਿਫ਼ਤ ਦੇ ਗੀਤ ਗਾਉਂਦੇ ਫਿਰਦੇ ਹਨ। ਫਿਰ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਦਾ ਮੂਲ ਮੰਤ੍ਰ ਕਿਹਾ: '੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ'।[12]

ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੀ ਭਲਾਈ ਲਈ ਚਾਰ ਉਦਾਸੀਆ ਕੀਤੀਆਂ ਸਨ। ਇਹਨਾਂ ਯਾਤਰਾਵਾਂ ਵਿਚਲਾ ਬਹੁਤਾ ਸਮਾਂ ਗੁਰੂ ਜੀ ਨੇ ਨੀਲੀ ਛੱਤ (ਅਸਮਾਨ) ਥੱਲੇ ਅਤੇ ਦਰਖ਼ਤਾਂ ਤੋਂ ਫਲ ਖਾ ਕੇ ਕੁਦਰਤ ਦੀ ਗੋਦੀ ਵਿਚ ਮਾਣਿਆ ਸੀ।

ਗੁਰੂ ਨਾਨਕ ਦੇਵ ਜੀ ਨੇ ਪੂਰਬ ਦੀ ਉਦਾਸੀ ਸਮੇਂ ਜਗਨਨਾਥ ਪੁਰੀ ਦੇ ਮੰਦਰ ਵਿਚ ਦੀਵੇ ਜਗਾ ਕੇ, ਹੀਰੇ-ਮੋਤੀਆਂ ਅਤੇ ਫੁੱਲਾਂ ਨਾਲ ਥਾਲ ਭਰ ਕੇ ਆਰਤੀ ਕਰਨ ਵਾਲੇ ਪਾਂਡਿਆਂ ਨੂੰ ਸਮਝਾਇਆ ਕਿ ਪਰਮਾਤਮਾ ਐਨਾ ਵਿਸ਼ਾਲ ਹੈ ਕਿ ਥਾਲ਼ ਵਿਚ ਰੱਖੀਆਂ ਬਨਾਵਟੀ ਚੀਜ਼ਾਂ ਨਾਲ ਉਸ ਦੀ ਆਰਤੀ ਨਹੀਂ ਕੀਤੀ ਜਾ ਸਕਦੀ। ਚੁਗਿਰਦੇ ਪਸਰੀ ਸਾਰੀ ਕੁਦਰਤ ਉਸ ਪਰਮਾਤਮਾ ਦੀ ਆਰਤੀ ਵਿਚ ਲੱਗੀ ਹੋਈ ਹੈ। ਕੁਦਰਤ ਦੁਆਰਾ ਕੀਤੀ ਜਾ ਰਹੀ ਆਰਤੀ ਦੇ ਗਗਨ ਰੂਪੀ ਥਾਲ਼ ਵਿਚ ਚੰਦ-ਸੂਰਜ ਦੋ ਦੀਵੇ ਹਨ। ਮਲਯ ਪਰਬਤ ਵਲੋਂ ਆ ਰਹੀ ਚੰਦਨ ਦੀ ਖ਼ੁਸ਼ਬੋ ਧੂਫ਼ ਹੈ, ਬਨਸਪਤੀ ਫੁੱਲ ਦੇ ਰਹੀ ਹੈ ਅਤੇ ਪਵਣ ਚੌਰ ਕਰ ਰਹੀ ਹੈ। ਬੇਅੰਤ ਪਰਮਾਤਮਾ ਦੀ ਆਰਤੀ ਵੀ ਅੰਤ ਨਾ ਪਾਇਆ ਜਾਣ ਵਾਲੀ ਕੁਦਰਤ ਬੇਅੰਤ ਤਰੀਕਿਆਂ ਨਾਲ ਕਰ ਰਹੀ ਹੈ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।।

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 13)

ਗੁਰੂ ਸਾਹਿਬ ਨੇ ਜਗਨਨਾਥ ਪੁਰੀ ਤੋਂ ਵੀਹ ਕੋਹ ਦੀ ਦੂਰੀ ਤੇ ਇਕ ਬਾਉਲੀ ਬਣਵਾਈ, ਇਸ

---

12 ਮੈਕਸ ਆਰਥਰ ਮੈਕਾਲਫ, *ਸਿੱਖ ਇਤਿਹਾਸ (ਭਾਗ-ਪਹਿਲਾ,ਦੂਜਾ),* ਅਨੁ. ਗੁਰਬਚਨ ਸਿਘ ਔਲਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014, ਪੰਨਾ 65.

ਸਥਾਨ ਉਤੇ ਪਹਿਲਾ ਪਾਣੀ ਖਾਰਾ ਸੀ। ਜਿਸ ਕਾਰਨ ਉਥੋਂ ਦੇ ਲੋਕਾਂ ਨੇ ਗੁਰੂ ਸਾਹਿਬ ਅੱਗੇ ਮਿੱਠਾ ਜਲ ਨਿਕਾਲਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਮਿੱਠੇ ਜਲ ਲਈ ਉਸ ਜਗ੍ਹਾ ਖੂਹ ਪੁਟਣ ਦਾ ਆਦੇਸ਼ ਦਿੱਤਾ, ਜਿਥੇ ਰੋਜ਼ ਸਤਿਸੰਗ ਹੁੰਦਾ ਸੀ:

ਕਛਕ ਖਨਯੋ ਨਿਕਸੀ ਜਲ ਧਾਰਾ

ਮਾਨਹੁ ਪਯੂਖ ਛੁਟਯੋ ਫੁਹਾਰਾ[13]

ਇਸੇ ਪ੍ਰਕਾਰ 'ਢਾਕੇ' ਵਿਖੇ ਗੁਰੂ ਸਾਹਿਬ ਨੇ ਬਰਛਾ ਮਾਰ ਕੇ ਮਿੱਠਾ ਜਲ ਕਢਿਆ ਅਤੇ ਪਾਣੀ ਦੀ ਕਿੱਲਤ ਨੂੰ ਦੂਰ ਕੀਤਾ। ਇਸ ਥਾਂ ਨੂੰ ਗੁਰਦੁਆਰਾ 'ਬਰਛਾ ਸਾਹਿਬ' ਕਿਹਾ ਜਾਂਦਾ ਹੈ।[14] ਦਿੱਲੀ ਵਿਖੇ ਗੁਰੂ ਨਾਨਕ ਦੇਵ ਜੀ ਨੇ ਸ਼ਹਿਰ ਤੋਂ ਬਾਹਰ ਇਕ ਬਾਗ਼ ਵਿਚ ਟਿਕਾਣਾ ਕੀਤਾ ਸੀ ਤੇ ਖੂਹ ਤੋਂ ਪਿਆਸੇ ਲੋਕਾਂ ਨੂੰ ਜਲ ਛਕਾਉਂਦੇ ਰਹੇ ਸਨ। ਇਸ ਖੂਹ ਨੂੰ ਹੁਣ 'ਨਾਨਕ ਪਿਆਉ' ਕਿਹਾ ਜਾਂਦਾ ਹੈ।

ਦਖਣ ਦੀ ਉਦਾਸੀ ਸਮੇਂ ਸੰਗਲਾਦੀਪ ਵਿਚ ਗੁਰੂ ਨਾਨਕ ਦੇਵ ਜੀ ਨੇ ਰਾਜੇ ਸ਼ਿਭਨਾਵ ਦੇ ਸੁਕੇ ਬਾਗ਼ ਵਿਚ ਡੇਰਾ ਕਰ ਕੇ, ਉਸ ਬਾਗ਼ ਨੂੰ ਹਰਾ ਕਰ ਦਿੱਤਾ ਸੀ। *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਅਨੁਸਾਰ ਜਿਥੇ ਵੀ ਗੁਰੂ ਸਾਹਿਬ ਨੇ ਚਰਨ ਪਾਏ, ਉਥੇ ਸੁਕੇ ਹੋਏ ਬਾਗ਼ ਹਰੇ ਹੋ ਗਏ ਸਨ। ਬਾਗ਼ ਵਿਚ ਰੁੱਖਾਂ ਨੂੰ ਸ਼ਾਖਾਵਾਂ, ਫਲ, ਫੁੱਲ ਆ ਗਏ ਜਿਹੜੇ ਮਨ ਨੂੰ ਬਹੁਤ ਭਾਉਂਦੇ ਸਨ:

ਚਰਨ ਕਮਲ ਜਬ ਤਿਹ ਠਾਂ ਪਾਏ।। ਸੁਕੇ ਬਿਪਟ ਹਰੇ ਹ੍ਵੈ ਆਏ।।

ਸੁੰਦਰ ਸ਼ਾਖਾ ਦਲ ਫਲ ਫੂਲਾ।।ਸੋਹਤਿ ਭਾ ਸਭਿ ਮਨ ਅਨਕੂਲਾ।।[15]

ਬਿਦਰ (ਕਰਨਾਟਕ) ਦੇ ਸਥਾਨ ਉਤੇ ਜਦੋਂ ਸਯਦ ਯਕੂਬ ਅਤੇ ਜਲਾਲਦੀਨ ਨੇ ਇਲਾਕੇ ਦੇ ਲੋਕਾਂ ਕੋਲੋਂ ਦੀਨ ਮਨਵਾਉਣ ਲਈ ਪਾਣੀ 'ਤੇ ਕਬਜ਼ਾ ਕਰ ਲਿਆ ਤਾਂ ਗੁਰੂ ਸਾਹਿਬ ਨੇ ਕਿਲ੍ਹੇ ਦੇ ਬਾਹਰ ਖੜ੍ਹ ਕੇ ਬਾਣੀ ਦਾ ਗਾਇਨ ਕੀਤਾ। ਉਸੇ ਹੀ ਸਮੇਂ ਜਲ ਚਸ਼ਮੇ ਵਿਚੋਂ ਬਾਹਰ ਵਹਿਣ ਲਗਾ, ਜਲ ਦੇ ਇਸ ਚਸ਼ਮੇ ਨੂੰ 'ਅੰਮ੍ਰਿਤ ਕੁੰਡ' ਕਿਹਾ ਜਾਂਦਾ ਹੈ।[16] ਜਿਸ ਦਾ ਨਾਂ 'ਨਾਨਕ ਝੀਰਾ' ਵੀ ਹੈ ਕਿਉਂਕਿ

---

13 ਸਤਿਬੀਰ ਸਿੰਘ, *ਪੂਰਨ ਸਚਿ ਭਰੇ,* ਨਿਊ ਬੁੱਕ ਕੰਪਨੀ, ਜਲੰਧਰ, 1994, ਪੰਨਾ 34.

14 ਤਾਰਾ ਹਰਿ ਨਰੋਤਮ (ਪੰਡਿਤ), *ਸ੍ਰੀ ਗੁਰੂ ਤੀਰਥ ਸੰਗ੍ਰਹਿ,* ਪੰਨਾ 16.

15 *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ (ਸ੍ਰੀ ਗੁਰੂ ਨਾਨਕ ਪ੍ਰਕਾਸ਼, ਜਿਲਦ-ਪਹਿਲੀ),* ਪੂਰਬਰਧ ਅਧਿਆਇ/ਪੰਨਾ-47/526.

16 ਜਸਬੀਰ ਸਿੰਘ ਸਰਨਾ ਅਤੇ ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2013, ਪੰਨਾ 311.

ਉਥੋਂ ਦੀ ਸਥਾਨਕ ਬੋਲੀ ਵਿਚ ਝਰਨੇ ਨੂੰ 'ਝੀਰਾ' ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਉੱਤਰ ਦੀ ਉਦਾਸੀ ਸਮੇਂ ਹਰੀਪੁਰ ਪਟੇ ਦੇ ਪਾਸ ਜੋਹੜ ਸਰ ਸਥਾਨ ਉਤੇ ਮਹੀਆ ਨਾਮ ਦੇ ਭਗਤ ਨੇ ਪਾਣੀ ਦੀ ਘਾਟ ਬਾਰੇ ਦਸਿਆ ਕਿ 'ਮਹਾਰਾਜ! ਹੋਰ ਤਾਂ ਸਭ ਪ੍ਰਕਾਰ ਦਾ ਅਨੰਦ ਹੈ ਪਰ ਜਲ ਦੀ ਬਹੁਤ ਤੰਗੀ ਹੈ, ਚਾਰ ਪੰਜ ਕੋਹ ਹਠਾੜ ਵਿਚੋਂ ਜਾ ਕੇ ਜਲ ਲੱਭਦਾ ਹੈ। ਗਊਆਂ ਪਿਆਸੀਆਂ ਮਰ ਜਾਂਦੀਆਂ ਹਨ, ਤਾਂ ਗੁਰੂ ਜੀ ਨੇ ਇਕ ਪੱਥਰ ਚੁਕਿਆ ਤੇ ਉਥੋਂ ਜਲ ਦਾ ਵੱਡਾ ਭਾਰੀ ਸੁੰਮ ਨਿਕਲ ਪਿਆ। ਮਹੀਆ ਭਗਤ ਨੇ ਇਸ ਸਥਾਨ ਉਥੇ ਤਲਾਓ ਬਣਾਇਆ।[17]

ਗੋਰਖ ਮਤੇ ਵਾਲੇ ਸਥਾਨ ਵਿਖੇ ਗੁਰੂ ਨਾਨਕ ਦੇਵ ਜੀ ਦੁਆਰਾ ਚਰਨ ਪਾਉਣ ਨਾਲ ਇਸ ਸਥਾਨ ਦਾ ਨਾਂ 'ਨਾਨਕ ਮਤਾ' ਪੈ ਗਿਆ। ਇਸ ਸਥਾਨ ਵਿਖੇ ਖੂਹ ਦੇ ਨੇੜੇ ਪਿਪਲ ਦੇ ਦਰਖ਼ਤ ਹੇਠ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਗੋਸਟ ਕੀਤੀ ਸੀ। ਇਸ ਖੂਹ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜਿਧਰ ਗੁਰੂ ਨਾਨਕ ਦੇਵ ਜੀ ਬੈਠੇ ਸਨ, ਉਸ ਪਾਸੇ ਇਸ ਖੂਹ ਦਾ ਜਲ ਮਿੱਠਾ ਹੈ ਅਤੇ ਦੂਜੇ ਪਾਸੇ ਖਾਰਾ ਹੈ।[18] ਇਥੋਂ ਗੁਰੂ ਨਾਨਕ ਦੇਵ ਜੀ ਰੀਠਿਆਂ ਦੇ ਬਾਗ਼ ਵਿਚ ਪੁੱਜੇ ਸਨ। ਭਾਈ ਮਰਦਾਨਾ ਜੀ ਦੀ ਭੁੱਖ ਮਿਟਾਉਣ ਲਈ ਗੁਰੂ ਸਾਹਿਬ ਜੀ ਨੇ ਜਿਸ ਰੁੱਖ ਦੇ ਕੌੜੇ ਰੀਠਿਆਂ ਦਾ ਸਵਾਦ ਬਦਲ ਕੇ ਮਿੱਠਾ ਕਰ ਦਿੱਤਾ ਸੀ ਉਹ ਅੱਜ ਵੀ ਜਿਉਂ ਦਾ ਤਿਉਂ ਖੜ੍ਹਾ ਹੈ।

ਚੌਥੀ ਪੱਛਮ ਦੀ ਉਦਾਸੀ ਦੌਰਾਨ ਜਦੋਂ ਗੁਰੂ ਨਾਨਕ ਦੇਵ ਜੀ ਰੋਹਤਾਸ ਪਹੁੰਚੇ ਤਾਂ ਉੱਥੇ ਪਾਣੀ ਦੀ ਘਾਟ ਨੂੰ ਮਹਿਸੂਸ ਕਰਦੇ ਹੋਏ ਜਗ੍ਹਾ ਖੁਦਵਾ ਕੇ ਪਾਣੀ ਦਾ ਚਸ਼ਮਾ ਪੈਦਾ ਕੀਤਾ ਸੀ। ਮੱਕੇ ਜਾਂਦੇ ਸਮੇਂ ਜਦੋਂ ਗੁਰੂ ਨਾਨਕ ਦੇਵ ਜੀ ਮਿਠਕੋਟ ਨਾਂ ਦੇ ਸਥਾਨ ਉਤੇ ਰੁਕੇ ਤਾਂ ਉਥੇ ਇਕ ਦਾਉਦ ਨਾਂ ਦੇ ਜੁਲਾਹੇ ਨੇ ਗੁਰੂ ਜੀ ਨੂੰ ਆਪਣੇ ਹੱਥੀਂ ਬਣਾਇਆ ਗਲੀਚਾ ਭੇਟ ਕੀਤਾ, ਪਰ ਗੁਰੂ ਜੀ ਹਰੇ-ਭਰੇ ਘਾਹ ਉਤੇ ਬੈਠ ਗਏ ਅਤੇ ਕੀਰਤਨ ਕਰਨ ਲਗੇ। ਗੁਰੂ ਜੀ ਨੇ ਜੁਲਾਹੇ ਨੂੰ ਕਿਹਾ ਕਿ ਇਹ ਹਰਾ ਭਰਾ ਘਾਹ ਹੀ ਮੇਰਾ ਗਲੀਚਾ ਹੈ।[19] ਇਸੇ ਫੇਰੀ ਦੌਰਾਨ ਜਦੋਂ ਗੁਰੂ ਜੀ ਹਸਨ ਅਬਦਾਲ ਦੇ ਸਥਾਨ

---

17 ਗਿਆਨ ਸਿੰਘ (ਗਿਆਨੀ), *ਤਵਾਰੀਖ ਗੁਰੂ ਖਾਲਸਾ (ਭਾਗ-ਪਹਿਲਾ),* ਭਾਸ਼ਾ ਵਿਭਾਗ, ਪਟਿਆਲਾ, 1970, ਪੰਨਾ 104.

18 ਉਹੀ.

19 ਸਤਿਬੀਰ ਸਿੰਘ, *ਬਲਿਓ ਚਿਰਾਗ,* ਨਿਊ ਬੁੱਕ ਕੰਪਨੀ, ਜਲੰਧਰ, 2004, ਪੰਨੇ 160-61.

ਉਤੇ ਪੁੱਜੇ ਤਾਂ ਦੇਖਿਆ ਕਿ ਉਥੇ ਵਲੀ ਕੰਧਾਰੀ ਨਾਂ ਦੇ ਰਾਖਸ਼ ਨੇ ਪਹਾੜੀ ਲਾ ਕੇ ਇਲਾਕੇ ਦੇ ਲੋਕਾਂ ਨੂੰ ਪਾਣੀ ਤੋਂ ਵਾਂਝੇ ਰੱਖਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸਮਝਾਇਆ ਕਿ ਪਾਣੀ ਰੱਬ ਦੀ ਦਾਤ ਹੈ, ਇਸ ਉਤੇ ਸਭ ਦਾ ਹੱਕ ਹੈ। ਵਲੀ ਕੰਧਾਰੀ ਨੇ ਗੁੱਸੇ ਵਿਚ ਪਹਾੜੀ ਰੋੜ੍ਹ ਦਿੱਤੀ ਪਰ ਗੁਰੂ ਜੀ ਨੇ ਉਸ ਪਹਾੜੀ ਨੂੰ ਪੰਜੇ ਨਾਲ ਰੋਕ ਲਿਆ ਸੀ। ਫਿਰ ਉਥੇ ਨੇੜੇ ਹੀ ਗੁਰੂ ਜੀ ਨੇ ਇਕ ਪੱਥਰ ਚੁੱਕ ਕੇ ਹੇਠੋਂ ਪਾਣੀ ਦੇ ਚਸ਼ਮੇ ਨੂੰ ਵਗਣ ਲਾ ਦਿੱਤਾ ਸੀ। ਇਹ ਸਥਾਨ ਅੱਜ ਵੀ ਗੁਰਦੁਆਰਾ 'ਪੰਜਾ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ। ਮੁਲਤਾਨ ਵਿਖੇ ਗੁਰਦੁਆਰਾ 'ਚਸ਼ਮਾ ਸਾਹਿਬ' ਹੈ, ਇਥੇ ਇਕ ਆਜੜੀ ਪਾਣੀ ਖੁਣੋਂ ਬੇਹੋਸ਼ ਹੋ ਗਿਆ ਸੀ। ਗੁਰੂ ਸਾਹਿਬ ਨੇ ਉਥੇ ਵੀ ਪੱਥਰ ਚੁਕ ਕੇ ਪਾਣੀ ਦਾ ਚਸ਼ਮਾ ਵਗਣ ਲਾ ਦਿਤਾ ਸੀ। ਇਸ ਥਾਂ ਨੂੰ ਅੱਜ ਕਲ੍ਹ 'ਚਸ਼ਮਾ ਸਾਹਿਬ' ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਰਹਿ ਕੇ ਕੁਦਰਤ ਨਾਲ ਜੁੜਨ ਅਤੇ ਹੱਥੀ ਕਿਰਤ ਕਰਨ ਲਈ ਖੇਤੀ ਕੀਤੀ। ਮਨੁੱਖੀ ਮਨ ਨੂੰ ਭਗਤੀ ਕਰਨ ਦੀ ਜੁਗਤੀ ਸਮਝਾਉਣ ਸਮੇਂ ਗੁਰੂ ਸਾਹਿਬ ਜੀ ਨੇ ਖੇਤੀ ਦੇ ਦ੍ਰਿਸ਼ਟਾਂਤ ਦਿੱਤੇ ਹਨ। ਜਿਸ ਵਿਚ ਸਰੀਰ ਨੂੰ 'ਖੇਤ', ਮਨ ਨੂੰ 'ਹਾਲੀ', ਉਚ ਆਚਰਨ ਨੂੰ 'ਕਿਰਸਾਣੀ' ਅਤੇ ਉੱਦਮ (ਮਿਹਨਤ) ਨੂੰ 'ਪਾਣੀ' ਕਿਹਾ ਹੈ:

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 595)

ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਉਪਰੋਕਤ ਸਾਖੀਆਂ ਭਾਵੇਂ ਸਿਧੇ ਤੌਰ ਤੇ ਕੁਦਰਤ ਨੂੰ ਸੰਬੋਧਿਤ ਨਹੀਂ ਹਨ ਪਰ ਇਹਨਾਂ ਵਿਚ ਕੁਦਰਤੀ ਸਰੋਤਾਂ ਨੂੰ ਸਹੀ ਤਰੀਕੇ ਨਾਲ ਵਰਤੇ ਜਾਣ ਅਤੇ ਸੰਭਾਲ ਦਾ ਵਰਣਨ ਜ਼ਰੂਰ ਮਿਲਦਾ ਹੈ। ਇਸੇ ਕਰ ਕੇ ਗੁਰੂ ਸਾਹਿਬ ਨੇ ਕੁਦਰਤ ਦੇ ਇਸ ਭੰਡਾਰ ਪ੍ਰਤੀ ਸੁਚੇਤ ਕਰਨ ਦੇ ਨਾਲ-ਨਾਲ ਪਿਆਰ ਭਾਵਨਾ ਵੀ ਪੈਦਾ ਕੀਤੀ।

**ਗੁਰੂ ਅੰਗਦ ਦੇਵ ਜੀ (1504-1532):** ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ ਭਾਈ ਲਹਿਣਾ ਸੀ। ਇਹਨਾਂ ਦਾ ਜਨਮ ਫੇਰੂ ਮਲ ਜੀ ਦੇ ਘਰ ਮਾਤਾ ਦਯਾ ਜੀ ਦੀ ਕੁੱਖੋਂ, 'ਮਤੇ ਦੀ ਸਰਾਂ' ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਗੁਰੂ ਅੰਗਦ ਦੇਵ ਜੀ ਇਸ ਜਗਤ ਨੂੰ ਉਸ ਸੱਚੇ ਪਰਮਾਤਮਾ ਦੇ ਰਹਿਣ ਵਾਲੀ ਕੋਠੜੀ ਕਹਿੰਦੇ ਹਨ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463)

ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਅਤੇ ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਨਗਰ ਵਸਾਏ। ਗੁਰੂ ਅੰਗਦ ਦੇਵ ਜੀ ਵਲੋਂ ਗੋਇੰਦਵਾਲ ਨਗਰ ਵਸਾਉਣ ਦੀ ਸੇਵਾ ਗੁਰੂ ਅਮਰਦਾਸ ਜੀ ਨੂੰ ਸੌਂਪੀ ਗਈ ਸੀ। ਗੋਇੰਦਵਾਲ ਨਗਰ ਵਸਾਉਣ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ "ਭਾਵੇਂ ਕਿ ਗੁਰੂ ਅੰਗਦ ਸਾਹਿਬ ਦਰਿਆ ਤੋਂ ਜ਼ਰਾ ਕੁ ਦੂਰ ਖਡੂਰ ਸਾਹਿਬ ਵਿਚ ਜੋਤਿ ਜਗਾਉਂਦੇ ਰਹੇ, ਪਰ ਉਨ੍ਹਾਂ ਇਹ ਅਨੁਭਵ ਕਰ ਲਿਆ ਸੀ ਕਿ ਸਿਖ ਲਹਿਰ ਦੇ ਵਿਕਾਸ ਲਈ ਦਰਿਆ ਦਾ ਸਹਾਰਾ ਜ਼ਰੂਰੀ ਹੈ।"[20] ਖਡੂਰ ਸਾਹਿਬ ਵਿਖੇ ਪਾਣੀ ਦੀ ਥੁੜ੍ਹ ਨੂੰ ਮਹਿਸੂਸ ਕਰਦੇ ਹੋਏ, ਗੁਰੂ ਅੰਗਦ ਦੇਵ ਜੀ ਨੇ ਖੂਹ ਲਗਵਾਇਆ ਸੀ, ਜਿਸ ਨੂੰ 'ਬੀਬੀ ਅਮਰੋ' ਦਾ ਖੂਹ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦਾ ਜਿਥੇ ਅਧਿਆਤਮਕ ਉਦੇਸ਼ ਸੀ, ਉਥੇ ਨਾਲ ਹੀ ਸਮਾਜਿਕ ਸਮੱਸਿਆਵਾਂ ਵੀ ਉਹਨਾਂ ਦੇ ਧਿਆਨ ਵਿਚ ਸਨ, ਇਹ ਸਮੁੱਚੇ ਕਾਰਜ ਇਸੇ ਪ੍ਰਥਾਇ ਹੋਏ ਕਹੇ ਜਾ ਸਕਦੇ ਹਨ।

ਗੁਰੂ ਅੰਗਦ ਦੇਵ ਜੀ ਦੀ ਕੁਦਰਤ ਨਾਲ ਨੇੜਤਾ ਦਰਸਾਉਂਦੀ ਇਕ ਸਾਖੀ ਵੀ ਆਉਂਦੀ ਹੈ ਕਿ ਗੁਰੂ ਸਾਹਿਬ ਦੇ ਇਕ ਸਿਖ ਜੀਵਾ ਜੀ ਗੁਰੂ ਕੇ ਲੰਗਰ ਦੀ ਸੇਵਾ ਕਰਦੇ ਸਨ। ਇਕ ਦਿਨ ਜਦ ਉਹ ਸੇਵਾ ਕਰ ਰਹੇ ਸਨ ਤਦ ਜ਼ੋਰ ਦੀ ਹਨੇਰੀ ਅਤੇ ਬਾਰਸ਼ ਸ਼ੁਰੂ ਹੋ ਗਈ, ਜਿਹੜੀ ਕਿ ਹਟਣ ਦਾ ਨਾਂ ਹੀ ਨਹੀਂ ਲੈ ਰਹੀ ਸੀ, ਲੰਗਰ ਦੀਆਂ ਲੱਕੜਾਂ ਅਤੇ ਹੋਰ ਸਮਾਨ ਭਿੱਜ ਗਿਆ। ਸਿਖ ਨੇ ਮੀਂਹ ਅਤੇ ਹਨੇਰੀ ਰੁਕਵਾਉਣ ਲਈ ਗੁਰੂ ਜੀ ਅੱਗੇ ਅਰਦਾਸ ਕੀਤੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਸੇਵਕ ਦਾ ਕੰਮ ਸੇਵਾ ਕਰਨਾ ਹੈ ਹੁਕਮ ਦੇਣਾ ਨਹੀਂ, ਉਸ ਦੇ ਹੁਕਮ ਵਿਚ ਰਹਿਣਾ ਹੀ ਜ਼ਿੰਦਗੀ ਹੈ।[21] ਗੁਰੂ ਅੰਗਦ ਦੇਵ ਜੀ ਨੇ ਕਾਦਰ ਅਤੇ ਕੁਦਰਤ ਵਿਚਲੇ ਰਿਸ਼ਤੇ ਨੂੰ ਉਘਾੜਿਆ ਹੈ। ਕਾਦਰ ਦੇ ਹੁਕਮ ਵਿਚ ਰਹਿਣਾ ਹੀ ਕੁਦਰਤ ਦਾ ਕਾਰਜ ਹੈ।

**ਗੁਰੂ ਅਮਰਦਾਸ ਜੀ (1479-1574)**: ਗੁਰੂ ਅਮਰਦਾਸ ਜੀ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਚ ਪਿਤਾ ਤੇਜ ਭਾਨ ਭੱਲਾ ਦੇ ਘਰ ਮਾਤਾ ਸੁਲਖਣੀ ਜੀ ਦੀ ਕੁੱਖੋਂ ਹੋਇਆ ਸੀ। ਗੁਰੂ

---

20 ਪਿਆਰਾ ਸਿੰਘ ਪਦਮ, *ਗੁਰੂ ਸਰ,* ਪੰਨਾ 176.

21 *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ (ਜਿਲਦ-ਤੀਜੀ)*, ਰਾਸ/ਅਧਿਆਇ/ਪੰਨੇ-1/11/84-86.

ਅਮਰਦਾਸ ਜੀ ਅਨੁਸਾਰ ਪਰਮਾਤਮਾ ਨੇ ਇਸ ਜਗਤ ਨੂੰ ਮਹਲ ਅਤੇ ਸਰਾਂ ਵਾਂਗ ਰਚਿਆ ਹੈ। ਜਿਸ ਵਿਚ ਚੰਦ ਅਤੇ ਸੂਰਜ ਦੋ ਦੀਵਿਆਂ ਦੀਆਂ ਜੋਤਾਂ ਹਨ:

ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ।।

ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 947)

ਗੁਰੂ ਅਮਰਦਾਸ ਜੀ ਦੀ ਰਚਨਾ 'ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗ'[22] ਅਨੁਸਾਰ ਪਉਣ, ਪਾਣੀ, ਅਗਨੀ ਤੱਤ ਸਭ ਜੀਵਾਂ ਵਿਚ ਮੌਜੂਦ ਹਨ। ਇਹਨਾਂ ਤੱਤਾਂ ਨੂੰ ਪਰਮਾਤਮਾ ਦੇ ਹੁਕਮ ਵਿਚ ਰਹਿਣ ਕਾਰਨ ਗੁਰਮੁਖ ਦਾ ਦਰਜਾ ਦਿੱਤਾ ਗਿਆ ਹੈ:

ਗੁਰਮੁਖਿ ਧਰਤੀ ਗੁਰਮੁਖਿ ਪਾਣੀ।।

ਗੁਰਮੁਖਿ ਪਵਣੁ ਬੈਸੰਤਰ ਖੇਲੈ ਅਗਨਿ ਵਿਡਾਣੀ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 117)

ਗੁਰੂ ਅਮਰਦਾਸ ਜੀ ਨੇ ਇਸ ਜਗਤ ਨੂੰ ਫੁਲਵਾੜੀ ਅਤੇ ਪਰਮਾਤਮਾ ਨੂੰ ਇਸ ਦੀ ਸਾਂਭ-ਸੰਭਾਲ ਕਰਨ ਵਾਲਾ ਮਾਲੀ ਆਖਿਆ ਹੈ:

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ।। ਸਦਾ ਸਮਾਲੇ ਕੋ ਨਾਹੀ ਖਾਲੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 118)

ਗੁਰੂ ਅਮਰਦਾਸ ਜੀ ਨੇ 12 ਸਾਲ ਬਿਆਸ ਦਰਿਆ ਤੋਂ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਪਾਣੀ ਲਿਆਉਣ ਦੀ ਸੇਵਾ ਨਿਭਾਈ। ਉਹਨਾਂ ਦਾ ਵਗਦੇ ਪਾਣੀਆਂ ਨਾਲ ਹਮੇਸ਼ਾ ਲਗਾਓ ਬਣਿਆ ਰਿਹਾ ਹੈ। ਬਲਬੀਰ ਸਿੰਘ ਗਿੱਲ ਲਿਖਦੇ ਹਨ ਕਿ "ਗੁਰੂ ਅਮਰਦਾਸ ਜੀ ਦਾ ਵਗਦੇ ਪਾਣੀਆਂ ਨਾਲ ਮੁੱਦਤਾਂ ਤੋਂ ਪਿਆਰ ਸੀ। ਇਸ ਲਈ ਉਹਨਾਂ ਨੇ ਖੂਹ ਲਗਵਾਏ, ਤਾਲ ਪੁਟਵਾਏ ਅਤੇ ਵੀਹ ਵਾਰ ਗੰਗਾ ਦੀ ਯਾਤਰਾ ਕੀਤੀ। ਬਾਸਰਕੇ ਆਉਣ ਤੇ ਵੀ ਉਹਨਾਂ ਦੇ ਪੈਰ ਮਲੋ ਜ਼ੋਰੀ ਨਦੀ ਬਿਆਸ ਵਲ ਤੁਰ ਪੈਂਦੇ ਸਨ।"[23] ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਰੋਜ਼ਾਨਾ ਹਜ਼ਾਰਾਂ ਸ਼ਰਧਾਲੂ ਆਉਂਦੇ

---

22 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 160.

23 ਬਲਵੀਰ ਸਿੰਘ ਦਿਲ, *ਤੀਜੀ ਪਾਤਸ਼ਾਹੀ,* ਗੁਰੂ ਅਮਰਦਾਸ ਫਾਊਂਡੇਸ਼ਨ, ਫਿਰੋਜ਼ਪੁਰ, 1987, ਪੰਨਾ 103.

ਸਨ। ਉਸ ਸਮੇਂ ਲੰਗਰ ਲਈ ਜਲ ਦੀ ਸੇਵਾ ਨੇੜੇ-ਤੇੜੇ ਦੇ ਖੂਹਾਂ ਤੋਂ ਕੀਤੀ ਜਾਂਦੀ ਸੀ। *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਦੇ ਕਰਤਾ ਅਨੁਸਾਰ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਤੋਂ ਜਲ ਦੀ ਸੇਵਾ 'ਜਲ ਕੀ ਸੇਵਾ ਦਿਹੁ ਮੁਝ ਦਾਨ'[24] ਕਹਿ ਕੇ ਆਪ ਮੰਗ ਕੇ ਲਈ ਸੀ।

ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਆਗਿਆ ਨਾਲ ਬਿਆਸ ਦਰਿਆ ਦੇ ਕੰਢੇ 'ਗੋਇੰਦਵਾਲ' ਨਗਰ ਵਸਾਇਆ ਹੈ। ਜਿਸ ਨੂੰ ਭੱਟ ਜਲ੍ਹਨ ਜੀ 'ਬੈਕੁੰਠ' ਜਿਹਾ ਦੱਸਦੇ ਹਨ।[25] ਗੁਰੂ ਅਮਰਦਾਸ ਜੀ ਨੇ ਇਸ ਸਥਾਨ 'ਤੇ ਪਾਣੀ ਦੀ ਦਿੱਕਤ ਨੂੰ ਮਹਿਸੂਸ ਕਰਦੇ ਹੋਏ 'ਬਾਉਲੀ' ਬਣਵਾਈ ਸੀ। ਜਿਸ ਦੀਆਂ ਚੁਰਾਸੀ ਪੌੜੀਆਂ ਰੱਖੀਆਂ ਹਨ। ਇਸ ਬਾਉਲੀ ਨੂੰ ਬਣਾਉਣ ਦਾ ਮੁੱਖ ਮਨੋਰਥ ਜਿਥੇ ਪਾਣੀ ਦੀ ਕਮੀ ਨੂੰ ਦੂਰ ਕਰਨਾ ਸੀ, ਉਥੇ ਨਾਲ ਹੀ ਸਾਂਝੀਵਾਲਤਾ ਦਾ ਸੰਦੇਸ਼ ਦੇਣਾ ਵੀ ਸੀ। ਉਸ ਸਮੇਂ ਲੋਕਾਂ ਦੇ ਮਨਾਂ ਵਿਚੋਂ ਅਨੇਕ ਜਤਨ ਕਰਨ ਦੇ ਬਾਵਜੂਦ ਵੀ ਸੁੱਚ ਭਿੱਟ ਦਾ ਖ਼ਿਆਲ ਨਹੀਂ ਜਾ ਰਿਹਾ ਸੀ। ਨੀਵੀਂਆਂ ਜਾਤਾਂ ਨੂੰ ਖੂਹਾਂ ਵਿਚੋਂ ਪਾਣੀ ਨਹੀਂ ਭਰਨ ਦਿੱਤਾ ਜਾਂਦਾ ਸੀ। ਗੁਰੂ ਪਾਤਸ਼ਾਹ ਨੇ ਸਮਾਜ ਵਿਚ ਵੰਡੀਆਂ ਪਾਉਣ ਵਾਲੀ ਸੁੱਚ-ਭਿੱਟ ਨੂੰ ਪਾਣੀ ਰਾਹੀਂ ਖ਼ਤਮ ਕਰਨ ਦਾ ਫ਼ੈਸਲਾ ਕੀਤਾ। ਸਮਾਜ ਵਿਚੋਂ ਵੰਡੀਆਂ ਦੂਰ ਕਰ ਕੇ ਸਭ ਨੂੰ ਭਰਾਤਰੀ ਭਾਵ ਦ੍ਰਿੜ੍ਹ ਕਰਾਉਣਾ ਗੁਰੂ ਸਾਹਿਬ ਦਾ ਦੈਵੀ ਪ੍ਰਯੋਜਨ ਸੀ। ਇਸੇ ਤਹਿਤ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦਾ ਨਿਰਮਾਣ ਕਰ ਕੇ ਉਸ ਵਿਚ ਹਰ ਵਰਨ ਅਤੇ ਧਰਮ ਦੇ ਲੋਕਾਂ ਨੂੰ ਇਸ਼ਨਾਨ ਕਰਨ ਦੀ ਆਗਿਆ ਦਿੱਤੀ। ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ "ਉਨ੍ਹਾਂ ਤਜਵੀਜ਼ ਬਣਾਈ ਕਿ ਐਸਾ ਇਕ ਪੌੜੀਆਂ ਵਾਲਾ ਖੂਹ ਬਣਾਇਆ ਜਾਏ। ਜਿਸ ਦਾ ਜਲ ਗ੍ਰਹਿਣ ਕਰਨ ਲਈ ਹਰ ਜੀਵ ਨੂੰ ਹੇਠਾਂ ਉਤਰਨਾ ਪਵੇ। ਉਨ੍ਹਾਂ ਦੀ ਗਿਣਤੀ 84 ਰੱਖੀ ਤਾਂ ਕਿ ਮਨੁੱਖ ਜਾਤੀ ਦੀ ਚੁਰਾਸੀ ਕੱਟੀ ਜਾਏ, ਮਨੁੱਖਤਾ ਦੀ ਅਸਲ ਚੁਰਾਸੀ ਵਖਰੇਵੇਂ ਤੇ ਵਿਤਕਰੇ ਹੀ ਹੈ।"[26] ਇਸ ਬਾਉਲੀ ਦੀਆਂ ਚੁਰਾਸੀ ਪੌੜੀਆਂ ਰਖੀਆ ਗਈਆਂ ਅਤੇ ਹਰ ਪੌੜੀ 'ਤੇ ਜਪੁਜੀ ਸਾਹਿਬ ਦਾ

---

[24] *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ (ਜਿਲਦ-ਤੀਜੀ)*, ਰਾਸ/ਅਧਿਆਇ/ਪੰਨਾ-1/16/124.

[25] ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ।। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1400.

[26] ਸਤਿਬੀਰ ਸਿੰਘ, *ਪੁਰਾਤਨ ਇਤਿਹਾਸਕ ਜੀਵਨੀਆਂ*, ਨਿਊ ਬੁੱਕ ਕੰਪਨੀ, ਜਲੰਧਰ, ਸੰਸਕਰਣ-ਅਠਵਾਂ, 2006, ਪੰਨਾ 29.

ਪਾਠ ਕਰਨ ਦੀ ਤਾਕੀਦ ਕੀਤੀ ਗਈ। ਗੁਰੂ ਜੀ ਨੇ ਸਿਖਾਂ ਨੂੰ ਦੂਜੇ ਧਰਮ ਦੇ ਤੀਰਥ ਸਥਾਨਾਂ ਤੇ ਜਾਣ ਤੋਂ ਰੋਕ ਦਿੱਤਾ ਅਤੇ ਗੋਇੰਦਵਾਲ ਨੂੰ ਸਿਖਾਂ ਦਾ ਪਹਿਲਾ ਤੀਰਥ ਸਥਾਨ ਘੋਸ਼ਿਤ ਕੀਤਾ।[27]

ਬਾਉਲੀ ਦੀ ਸਥਾਪਨਾ ਨਾਲ ਗੋਇੰਦਵਾਲ ਸਾਹਿਬ ਸਿਖਾਂ ਦਾ ਮਹੱਤਵਪੂਰਨ ਧਾਰਮਿਕ ਸਥਾਨ ਬਣ ਗਿਆ ਸੀ। *ਮਹਿਮਾ ਪ੍ਰਕਾਸ਼* ਅਨੁਸਾਰ ਗੁਰੂ ਸਾਹਿਬ ਨੇ ਬਾਉਲੀ ਜਗਤ ਨੂੰ ਤਾਰਨ ਹਿਤ ਬਣਵਾਈ ਸੀ, ਜਿਸ ਦੀ ਮਹਿਮਾ ਕਹਿਣ ਕਥਨ ਤੋਂ ਬਾਹਰ ਹੈ:

ਖੌਦੈ ਸਿਖ ਬਾਵਲੀ ਕੂਪ।। ਪਾਵਨ ਤੀਰਥ ਪਰਮ ਅਨੂਪ।।[28]

ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਗੋਇੰਦਵਾਲ ਤੋਂ ਦੂਰ ਨਗਰ ਵਸਾਉਣ ਦੇ ਨਾਲ-ਨਾਲ ਸਰੋਵਰ ਬਣਾਉਣ ਦਾ ਵੀ ਆਦੇਸ਼ ਦਿੱਤਾ ਸੀ। ਗੁਰੂ ਅਮਰਦਾਸ ਜੀ ਦੁਆਰਾ ਸਰੋਵਰ ਅਤੇ ਬਾਉਲੀਆਂ ਬਣਾਉਣ ਦੀ ਜੋ ਪਿਰਤ ਸ਼ੁਰੂ ਕੀਤੀ ਗਈ ਸੀ, ਉਸ ਨੂੰ ਅਗਲੇਰੇ ਗੁਰੂ ਸਾਹਿਬਾਨ ਵਲੋਂ ਵੀ ਜਾਰੀ ਰੱਖਿਆ ਗਿਆ ਸੀ।

**ਗੁਰੂ ਰਾਮਦਾਸ ਜੀ (1534-1581)**: ਗੁਰੂ ਰਾਮਦਾਸ ਜੀ ਦਾ ਪਹਿਲਾ ਨਾਂ ਜੇਠਾ ਸੀ। ਉਹਨਾਂ ਦਾ ਜਨਮ ਲਾਹੌਰ ਵਿਚ ਚੂਨਾ ਮੰਡੀ ਵਿਖੇ ਪਿਤਾ ਸੋਢੀ ਹਰਿ ਜੀ ਦੇ ਘਰ ਮਾਤਾ ਦਯਾ ਕੌਰ ਜੀ ਦੀ ਕੁੱਖੋਂ ਹੋਇਆ। ਗੁਰੂ ਰਾਮਦਾਸ ਜੀ ਨੇ ਪਰਮਾਤਮਾ ਨੂੰ ਕੁਦਰਤ ਵਿਚ ਵਸਿਆ ਹੋਇਆ ਅਨੁਭਵ ਕਰ ਕੇ, ਇਸ ਨੂੰ ਪਰਮਾਤਮਾ ਦਾ ਘਰ ਦਸਿਆ ਹੈ:

ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 723)

ਗੁਰੂ ਰਾਮਦਾਸ ਜੀ ਅਨੁਸਾਰ ਧਰਤੀ, ਪਾਤਾਲ, ਅਕਾਸ਼, ਪਉਣ, ਪਾਣੀ, ਅਗਨੀ, ਬਨਸਪਤੀ

---

27 "Guru Amar Das's work was not merely confined to the work of the religious organization of the Sikhs. He carried out a number of social reforms also. Firstly, by the construction of a *'baoli'* at Goindwal, he provided a new place of pilgrimage for his Sikhs. The disciples of the Guru were told that they could wash away all their sins by dip in the Goindwal *Baoli,* provided they recited the whole Jupji at each step. Thus, Guru Amar Das took a practical step by which he discouraged the Sikhs from going to Hindu places of pilgrimage."
K.S. Narang & H.R. GUPTA, *History of the Punjab 1500-1858,* U.C. Kapoor & Sons, Delhi, 1969, p. 84.

28 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ-1),* ਸੰਪਾ. ਉਤਮ ਸਿੰਘ ਭਾਟੀਆ, ਭਾਸ਼ਾ ਵਿਭਾਗ, ਪਟਿਆਲਾ, ਸੰਸਕਰਣ-ਤੀਜਾ, 1999, ਸਾਖੀ/ਪੰਨਾ-11/205.

ਆਦਿ ਚੁਗਿਰਦੇ ਵਿਚਲੀਆਂ ਸਭ ਵਸਤਾਂ ਪਰਮਾਤਮਾ ਦਾ ਨਾਮ ਧਿਆਉਂਦੀਆਂ ਹਨ:

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ।।
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ।।
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ।।
ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 539)

ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਸਾਹਿਬ ਤੋਂ ਪੰਝੀ ਕੁ ਕਿ.ਮੀ ਦੂਰ 'ਗੁਰੂ ਕਾ ਚੱਕ' ਨਗਰ ਵਸਾ ਕੇ ਉਥੇ 'ਸੰਤੋਖਸਰ ਸਰੋਵਰ' ਖੁਦਵਾਇਆ। ਇਸ ਸਰੋਵਰ ਦੇ ਕਿਨਾਰੇ ਇਕ ਟਾਹਲੀ ਦਾ ਰੁੱਖ ਵੀ ਹੈ, ਜਿਸ ਦੇ ਥੱਲੇ ਬੈਠ ਕੇ ਗੁਰੂ ਸਾਹਿਬ ਸਰੋਵਰ ਦੀ ਕਾਰ ਸੇਵਾ ਦੀ ਨਿਗਰਾਨੀ ਕਰਦੇ ਸਨ। ਇਸ ਥਾਂ ਬਣਾਏ ਗੁਰਦੁਆਰੇ ਦਾ ਨਾਂ ਟਾਹਲੀ ਦੇ ਰੁੱਖ ਦੇ ਨਾਂ ਉਤੇ 'ਟਾਹਲੀ ਸਾਹਿਬ' ਰੱਖਿਆ ਗਿਆ ਹੈ।[29] ਗੁਰੂ ਰਾਮਦਾਸ ਜੀ ਨੇ 'ਸੰਤੋਖਸਰ' ਸਰੋਵਰ ਦੇ ਚੜ੍ਹਦੇ ਵਾਲੇ ਪਾਸੇ ਇਕ ਹੋਰ ਤਾਲ ਪੁਟਵਾਇਆ ਸੀ। ਜਿਸ ਦਾ ਨਾਂ ਸੁਧਾਸਰ[30] ਭਾਵ ਅੰਮ੍ਰਿਤਸਰ (ਅੰਮ੍ਰਿਤ ਦਾ ਸਰੋਵਰ) ਰਖਿਆ ਹੈ। *ਮਹਿਮਾ ਪ੍ਰਕਾਸ਼* ਦੇ ਕਰਤਾ ਨੇ ਇਸ ਸਰੋਵਰ ਨੂੰ 'ਮੁਕਤਛੇਤ੍ਰ'[31] ਦੀ ਸੰਗਿਆ ਦਿੱਤੀ ਹੈ:

ਆਗਿਆ ਕੀਨੀ ਸਤਿਗੁਰ ਦਇਆਲ। ਯਹ ਧਰਮ ਛੇਤ੍ਰ ਖੋਦੋ ਤੁਮ ਤਾਲ।।
ਜੋ ਖੋਦੇ ਮਨ ਪ੍ਰੀਤ ਬਢਾਇ। ਜੋ ਚਿਤਵੈ ਸੋਈ ਫਲ ਪਾਇ।।[32]

---

29 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 476.

30 "ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਚਿਆ ਰਾਮਦਾਸ ਪੁਰ ਦੇ ਮਧ ਅੰਮ੍ਰਿਤ ਸਰੋਵਰ"
ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 188.

31 "ਸ੍ਰੀ ਗੁਰ ਨਾਥ ਅਨਾਥ ਦਇਆ ਸਿੰਧ ਮਾਝੇ ਚਲੇ।
ਸਭ ਸੰਗਤ ਲੀਨੀ ਸਾਥਅਤ ਪਾਵਨ ਮੁਕਤਛੇਤ੍ਰ ਰਚਿਓ।"
ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ-1)*, ਸਾਖੀ/ਪੰਨਾ-5/294.

32 ਉਹੀ, ਸਾਖੀ/ਪੰਨਾ-5/295.

ਗੁਰੂ ਰਾਮਦਾਸ ਜੀ ਦੁਆਰਾ ਬਣਵਾਇਆ ਇਹ ਸਰੋਵਰ ਜਗਤ ਪ੍ਰਸਿੱਧ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਦੇ ਤਿਆਰ ਹੋਣ 'ਤੇ ਪਰਮਾਤਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਰੋਵਰ ਦੀ ਸੇਵਾ ਦਾ ਕਾਰਜ ਪਰਮਾਤਮਾ ਨੇ ਆਪ ਹਾਜ਼ਰ-ਨਾਜ਼ਰ ਹੋ ਕੇ ਕਰਵਾਇਆ ਹੈ:

ਸੰਤਾਂ ਕੇ ਕਾਰਜਿ ਆਪਿ ਖਲੋਇਆ ਹਰਿ ਕੰਮ ਕਰਾਵਣਿ ਆਇਆ ਰਾਮ।।

ਧਰਤਿ ਸੁਹਾਵੀ ਤਾਲੁ ਸੁਹਾਇਆ ਵਿਚਿ ਅੰਮ੍ਰਿਤ ਜਲੁ ਛਾਇਆ ਰਾਮੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 783)

ਇਸ ਸਰੋਵਰ ਵਿਚ ਇਮਾਰਤ ਬਣਵਾ ਕੇ ਆਦਿ ਗ੍ਰੰਥ ਦੇ ਪ੍ਰਕਾਸ਼ ਰਾਹੀਂ ਬਾਣੀ ਦਾ ਪਾਣੀ ਨਾਲ ਸੁਮੇਲ ਸਥਾਪਿਤ ਕਰਨਾ ਪਹਿਲੋਂ ਹੀ ਨਿਸ਼ਚਿਤ ਸੀ ਕਿਉਂਕਿ ਬਾਣੀ ਅਤੇ ਪਾਣੀ ਦਾ ਸੰਬੰਧ ਅਧਿਆਤਮਕ ਹੈ। ਜਿਹੜਾ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਜਗ ਜ਼ਾਹਿਰ ਸੀ। ਸਰੋਵਰ ਦੀ ਸੇਵਾ ਸੰਪੂਰਨ ਹੋਣ ਮਗਰੋਂ ਇਸ ਸਥਾਨ ਦਾ ਨਾਮ 'ਅੰਮ੍ਰਿਤਸਰ' ਰੱਖਿਆ ਗਿਆ ਹੈ। "ਅੰਮ੍ਰਿਤ ਦਾ ਸਰੋਵਰ ਹੋਣ ਕਰ ਕੇ ਰਾਮਦਾਸ ਸਰ ਤੋਂ ਇਸ ਦਾ ਨਾਂ ਅੰਮ੍ਰਿਤ-ਸਰ ਪ੍ਰਸਿੱਧ ਹੋ ਗਿਆ ਤੇ ਇਸੇ ਤਰ੍ਹਾਂ ਰਾਮਦਾਸ ਤੋਂ ਸ਼ਹਿਰ ਦਾ ਨਾਂ ਭੀ 'ਅੰਮ੍ਰਿਤਸਰ' ਹੀ ਪ੍ਰਸਿੱਧ ਹੋ ਗਿਆ।"[33] ਬਾਣੀ ਦੇ ਸੰਜੋਗ ਨਾਲ ਸਰੋਵਰ ਵਿਚਲਾ ਪਾਣੀ ਅੰਮ੍ਰਿਤ ਰੂਪੀ ਹੋ ਗਿਆ। ਭਾਈ ਗੁਰਦਾਸ ਜੀ ਦੇ ਖ਼ਿਆਲ ਅਨੁਸਾਰ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਵਿਚ ਸੇਵਾ ਅਤੇ ਭਗਤੀ ਰਾਹੀਂ ਆਪਣੀ ਜੋਤ ਜਗਾਈ ਹੈ।[34] ਗੁਰੂ ਰਾਮਦਾਸ ਜੀ ਨੇ ਆਪਣੇ ਜਨਮ ਅਸਥਾਨ ਚੂਨਾ ਮੰਡੀ ਲਾਹੌਰ ਵਿਖੇ ਵੀ ਪਾਣੀ ਦੀ ਸਹੂਲਤ ਲਈ ਖੂਹ ਲਗਵਾਇਆ ਸੀ:

ਬੀਚ ਕੂਪ ਕੋ ਬਡ ਕਰਵਾਏ।। ਸੰਦਰ ਮੰਦਰ ਰਚਿ ਸਮੁਦਾਏ।।

ਸੰਗਤਿ ਮੇਲਿ ਹੋਹਿ ਜਹਿਂ ਭਾਰੀ।। ਸਕਲ ਕਹੈ ਗੁਰ ਪਰਉਪਕਾਰੀ।।[35]

ਗੁਰੂ ਰਾਮਦਾਸ ਜੀ ਅਨੁਸਾਰ ਜਾਨਵਰ, ਮੱਛੀਆਂ ਜਾਂ ਪੰਛੀ ਜੋ ਕੁਝ ਵੀ ਬੋਲਦੇ ਹਨ, ਉਹ ਪਰਮਾਤਾਮਾ ਤੋਂ ਇਲਾਵਾ ਹੋਰ ਕਿਸੇ ਦਾ ਗੁਣ-ਗਾਣ ਨਹੀਂ ਕਰਦੇ:

---

[33] ਅਵਤਾਰ ਸਿੰਘ, *ਗੁਰੂ ਅਰਜਨ ਦੇਵ ਜੀ ਜੀਵਨ ਤੇ ਬਾਣੀ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 46.

[34] ਪੂਰਨ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।। ਵਾਰਾਂ ਭਾਈ ਗੁਰਦਾਸ ਜੀ, ਵਾਰ/ਪਉੜੀ-1/47.

[35] *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ (ਜਿਲਦ-ਤੀਜੀ*), ਰਾਸ/ਅਧਿਆਇ/ਪੰਨਾ-2/14/572.

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1265)

ਸੇਵਾ ਦਾ ਮਹਾਤਮ ਸਮਝਾਉਣ ਸਮੇਂ ਗੁਰੂ ਰਾਮਦਾਸ ਜੀ ਪੰਛੀਆਂ ਦੀ ਸੇਵਾ ਦਾ ਮਹਾਤਮ ਵੀ ਦਸਦੇ ਹਨ। ਗੁਰੂ ਰਾਮਦਾਸ ਜੀ ਅਨੁਸਾਰ ਜਿਹੜਾ ਵਿਅਕਤੀ ਪੰਛੀਆਂ ਨੂੰ ਪਾਣੀ ਅਤੇ ਚੋਗ਼ਾ ਪਾ ਕੇ ਉਹਨਾਂ ਦੀ ਸੇਵਾ ਕਰਦਾ ਹੈ, ਉਸ ਦੇ ਘਰ ਹੋਰ ਵੀ ਬਹੁਤ ਸਾਰੇ ਪੰਛੀ ਇਕੱਠੇ ਹੋ ਜਾਂਦੇ ਹਨ। ਇਹ ਪੰਛੀ ਸੇਵਾ ਕਰਨ ਵਾਲੇ ਵਿਅਕਤੀ ਉਤੇ ਦਿਆਲ ਹੋ ਜਾਂਦੇ ਹਨ ਅਤੇ ਫਲ ਦੇ ਰੂਪ ਵਿਚ ਵਿਅਕਤੀ ਦਾ ਘਰ ਰਤਨ ਪਦਾਰਥਾਂ ਨਾਲ ਭਰ ਜਾਂਦਾ ਹੈ:

ਪੰਛੀਅਨ ਕੀ ਸੇਵਾ ਕਰੀ ਭਰਿਓ ਰਤਨ ਧਨ ਧਾਮ।

ਜੋ ਗੁਰਸਿਖਨ ਕੋ ਜਜੈ ਮੁਕਤ ਭੁਕਤ ਅਭਿਰਾਮ।[36]

ਇਸੇ ਤਰ੍ਹਾਂ ਸਿਖਾਂ ਦੀ ਸੇਵਾ ਕਰਨ ਵਾਲੇ ਨੂੰ ਵੀ ਮੁਕਤੀ, ਭਗਤੀ ਅਤੇ ਸੁੰਦਰ ਜੀਵਨ ਮਿਲਦਾ ਹੈ। ਭੱਟ ਕਲਸਹਾਰ ਜੀ ਗੁਰੂ ਰਾਮਦਾਸ ਜੀ ਨੂੰ ਹਿਰਦਿਆਂ ਰੂਪੀ ਖ਼ਾਲੀ ਸਰੋਵਰਾਂ ਨੂੰ ਭਰਨ ਵਾਲਾ ਸਰੋਵਰ ਕਹਿੰਦੇ ਹਨ:

ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396)

ਗੁਰੂ ਰਾਮਦਾਸ ਜੀ ਦੁਆਰਾ ਸਥਾਪਤ ਇਹ ਸਰੋਵਰ ਜਿਥੇ ਸਰੀਰਕ ਤੰਦਰੁਸਤੀ ਨਾਲ ਜੁੜੇ ਹੋਏ ਹਨ, ਉਥੇ ਹੀ ਆਤਮਿਕ ਉਨਤੀ ਲਈ ਵੀ ਸਹਾਈ ਹਨ। ਇਹ ਸਰੋਵਰ ਗੁਰੂ ਦੀ ਬਖਸ਼ਿਸ਼ ਸਦਕਾ ਹਮੇਸ਼ਾ ਸਿਖ ਕੌਮ ਦੀ ਆਸਥਾ ਨਾਲ ਜੁੜ ਕੇ ਉਹਨਾਂ ਦੀ ਰਹਿਨੁਮਾਈ ਕਰਦੇ ਹਨ।

**ਗੁਰੂ ਅਰਜਨ ਦੇਵ ਜੀ (1563-1606):** ਗੁਰੂ ਅਰਜਨ ਦੇਵ ਜੀ ਦਾ ਜਨਮ ਪਿਤਾ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਵਿਖੇ ਹੋਇਆ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਇਸ ਧਰਤੀ ਨੂੰ 'ਭੂਮਿ ਰੰਗਾਵਲੀ'[37] ਅਤੇ 'ਬਗ਼ੀਚਾ'[38] ਦਸਦੇ ਹਨ। ਇਸ ਰੰਗਾਵਲੀ

---

36 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ,ਖੰਡ-1)*, ਸਾਖੀ/ਪੰਨਾ-4/292.

37 ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ।।
ਜੋ ਨਰ ਪੀਰਿ ਨਿਵਾਜਿਆ ਤਿਨ੍ਾ ਅੰਚ ਨ ਲਾਗ।। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 966.

38 ਏਕੁ ਬਗੀਚਾ ਪੇਡ ਘਨ ਕਰਿਆ।।
ਅੰਮ੍ਰਿਤ ਨਾਮੁ ਤਹਾ ਮਹਿ ਫਲਿਆ।। ਉਹੀ, ਪੰਨਾ 385.

ਭੂਮੀ ਉਤੇ ਵਿਕਾਰਾਂ ਦਾ ਬਾਗ਼ ਵੀ ਲੱਗਿਆ ਹੋਇਆ ਹੈ ਪਰ ਜਿਸ ਜੀਵ ਨੂੰ ਸਤਿਗੁਰ ਨਿਵਾਜਦਾ ਹੈ, ਉਸ ਨੂੰ ਕੋਈ ਵਿਕਾਰ ਨਹੀਂ ਪੋਹ ਸਕਦਾ।

ਗੁਰੂ ਅਰਜਨ ਦੇਵ ਜੀ ਅੰਮ੍ਰਿਤ ਵੇਲੇ ਦੇ ਸੁਹਾਵਣੇ ਮਨਮੋਹਕ ਵਾਤਾਵਾਰਨ ਵਿਚ ਭਗਤੀ ਕਰਨ ਦਾ ਮਹਾਤਮ ਦੱਸਦੇ ਹਨ ਕਿ ਪਹੁ ਫੁਟਾਲੇ (ਅੰਮ੍ਰਿਤ ਵੇਲੇ) ਸਮੇਂ ਜਦੋਂ ਚਿੜੀਆਂ ਚੀਂ-ਚੀਂ ਦੀ ਆਵਾਜ਼ ਚੂਕਦੀਆਂ ਹਨ ਤਦ ਭਗਤ ਜਨਾਂ ਦੇ ਹਿਰਦੇ ਵਿਚ ਸਿਮਰਨ ਦੀਆਂ ਤਰੰਗਾਂ ਉੱਠਦੀਆਂ ਹਨ। ਅਜਿਹੇ ਸੁਹਾਵਣੇ ਅਤੇ ਸ਼ਾਂਤਮਈ ਵਾਤਾਵਰਨ ਵਿਚ ਭਗਤੀ ਕਰਨ ਵਾਲਾ ਅਸਚਰਜ ਰੂਪ ਵਿਚ ਰਚ ਜਾਂਦਾ ਹੈ ਭਾਵ ਕਿ ਵਿਸਮਾਦਕ ਹੋ ਜਾਂਦਾ ਹੈ:

ਚਿੜੀ ਚਹੁਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।।
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 319)

ਗੁਰੂ ਅਰਜਨ ਦੇਵ ਜੀ ਦੀ ਰਚਨਾ 'ਬਾਰਹ ਮਾਹਾ ਮਾਂਝ'[39] ਵਿਚ ਪੰਜਾਬ ਦੇ ਦੇਸੀ ਮਹੀਨਿਆਂ ਰਾਹੀਂ ਚੁਗਿਰਦੇ ਦਾ ਵਰਣਨ ਬੜੀ ਖ਼ੂਬਸੂਰਤੀ ਨਾਲ ਬਿਆਨਿਆ ਮਿਲਦਾ ਹੈ। ਇਸ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਨੇ ਬਦਲਦੇ ਮੌਸਮ ਦਾ ਬਨਸਪਤੀ ਅਤੇ ਜੀਵ ਜੰਤੂਆਂ 'ਤੇ ਪਏ ਪ੍ਰਭਾਵ ਨੂੰ ਬਿਆਨਿਆ ਹੈ। ਪਰਮਾਤਮਾ ਤੋਂ ਵਿਛੜੇ ਵਿਅਕਤੀ ਉਤੇ ਵੀ ਮੌਸਮ ਦਾ ਪ੍ਰਭਾਵ ਪੈਂਦਾ ਹੈ। ਇਸ ਰਚਨਾ ਵਿਚ ਗੁਰੂ ਸਾਹਿਬ ਨੇ ਦਰਸਾਇਆ ਹੈ ਕਿ ਜਿਸ ਤਰ੍ਹਾਂ ਜਲ ਤੋਂ ਬਿਨਾਂ ਬਨਸਪਤੀ ਸੁੱਕ ਜਾਂਦੀ ਹੈ ਅਤੇ ਉਸ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ, ਇਸੇ ਤਰ੍ਹਾਂ ਪਰਮਾਤਮਾ ਤੋਂ ਵਿਛੜੇ ਜੀਵ ਨੂੰ ਕਿਤੇ ਢੋਈ ਨਹੀਂ ਮਿਲਦੀ:

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।।
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 133)

ਗੁਰੂ ਅਰਜਨ ਦੇਵ ਜੀ ਨੇ ਵਿਹਾਰਕ ਰੂਪ ਵਿਚ ਆਪਣੇ ਜੀਵਨ ਕਾਲ ਦੌਰਾਨ ਅਨੇਕ ਤਾਲ ਅਤੇ ਖੂਹ ਖੁਦਵਾਏ ਸਨ। ਗੁਰੂ ਰਾਮਦਾਸ ਜੀ ਵਲੋਂ ਅਰੰਭੇ ਸਰੋਵਰ 'ਸੰਤੋਖਸਰ' ਅਤੇ

[39] ਉਹੀ, ਪੰਨਾ 133.

'ਅੰਮ੍ਰਿਤਸਰ' ਨੂੰ ਪੂਰਾ ਕਰਵਾਇਆ ਸੀ:

ਸ੍ਰੀ ਅੰਮ੍ਰਿਤਸਰ ਕਾਰ ਕਰਾਵਹੁ। ਖਨਿ ਕੈ ਪੌੜੀ ਪਕ੍ਰ ਬਨਾਵਹੁ।। [40]

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਾਹਿਬ ਦੇ ਇਸ 'ਅੰਮ੍ਰਿਤ ਸਰੋਵਰ' ਨੂੰ ਮਹਾਨ ਤੀਰਥ ਸਥਾਨ ਕਿਹਾ ਹੈ:

ਸ੍ਰੀ ਅਰਜੁਨ ਸੁਨਿ ਬਾਕ ਬਖਾਨਾ। ਤੀਰਥ ਅੰਮ੍ਰਿਤ ਤਾਲ ਮਹਾਨ।।[41]

ਗੁਰੂ ਅਰਜਨ ਦੇਵ ਜੀ ਖੂਹ ਲਗਾਉਣ ਨੂੰ ਸਭ ਤੋਂ ਉੱਤਮ ਕਹਿੰਦੇ ਹਨ ਪਰ ਇਸ ਤੋਂ ਵੀ ਉਪਰ ਤਲਾਅ ਲਗਾਉਣ ਨੂੰ ਮੰਨਦੇ ਹਨ, ਕਿਉਂਕਿ ਤਲਾਅ ਦੇ ਪਾਣੀ ਨਾਲ ਮਨੁੱਖਾਂ ਤੋਂ ਬਿਨਾਂ ਪਸ਼ੂ-ਪੰਛੀ ਵੀ ਸੁਖ ਮਾਣਦੇ ਹਨ:

ਸਭਿ ਤੇ ਉਤਮ ਕੂਪ ਲਗਾਵਨਿ। ਪ੍ਰਾਨੀ ਅਨਿਕ ਕਰਹਿਂ ਸੁਖ ਪਾਵਨਿ।।

ਇਸ ਤੇ ਉਤਮ ਸਿਰਜਨ ਤਾਲਾ। ਨਰੁ ਪਸੁ ਪੰਛੀ ਸੁਖ ਲਹਿ ਜਾਲਾ।।[42]

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਲਈ ਅੰਮ੍ਰਿਤਸਰ ਸਰੋਵਰ ਦੇ ਨੇੜੇ ਹੀ ਤਲਾਅ ਦੇ ਕੰਢੇ ਬੇਰੀ, ਬੋਤ੍ਰ, ਅੰਜੀਰ ਅਤੇ ਪਿਪਲ ਆਦਿ ਰੁੱਖਾਂ ਨਾਲ ਭਰਪੂਰ ਇਕਾਂਤ ਥਾਂ ਚੁਣੀ ਸੀ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦਾ ਕਰਤਾ ਇਸ ਸਥਾਨ ਬਾਰੇ ਲਿਖਦਾ ਹੈ ਕਿ ਹਰੀਆਂ ਭਰੀਆਂ ਬੇਰੀਆਂ, ਜੰਡ, ਕਰੀਰ ਅਤੇ ਪਿਪਲ ਦੇ ਰੁੱਖਾਂ ਵਾਲਾ ਇਹ ਸਥਾਨ ਪੰਚਵਟੀ ਵਰਗਾ ਪ੍ਰਤੀਤ ਹੁੰਦਾ ਸੀ। ਤਲਾਅ ਦੇ ਕੰਢੇ ਇਹਨਾਂ ਦਰਖ਼ਤਾਂ ਦੀ ਛਾਂ ਅਤੇ ਹਰਿਆਵਲ ਦਾ ਸੁੰਦਰ ਦ੍ਰਿਸ਼ ਮਨ ਨੂੰ ਸੁਖ ਦੇਣ ਵਾਲਾ ਸੀ:

ਬਦਰੀ ਅਨੇਕ ਖਰੀ ਹਰੀ ਹਰੀ ਸ਼ੋਭ ਖਰੀ, ਘਾਮ ਕੀ ਤਪਤ ਹਰੀ, ਹੇਰੀ ਏਕ ਢਾਲ ਕੀ।।
ਜੰਡ ਹੈ ਅਖੰਡ ਗਣ ਠਾਂਡੀ ਹੈ ਕਰੀਰ ਭੀਰ ਚਲਦਲ ਚਲਾਚਲ ਦਲ ਕਲ ਜਾਲ ਕੀ।।
ਸੁੰਦਰ ਸੁਖਦ ਛਾਇ ਮੁਦਤ ਕਰਤਿ ਮਨ, ਚਾਰੋਂ ਓਰ ਦਿਖੈ ਹਰਿਆਈ ਥੋਰੇ ਕਾਲ ਕੀ।।
ਧਰਾ ਜਲ ਨਾਲ ਕੀ, ਬਿਪਟ ਜੁਤ ਡਾਲ ਕੀ, ਪਸਿੰਦ ਮੈਂ ਕ੍ਰਿਪਾਲ ਕੀ, ਪ੍ਰਮੁਦਤ ਬਿਸਾਲ ਕੀ।।[43]

---

40 *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ (ਜਿਲਦ ਚੌਥੀ)*, ਰਾਸ/ਅਧਿਆਇ/ਪੰਨਾ-2/28/35.

41 ਉਹੀ, ਰਾਸ/ਅਧਿਆਇ/ਪੰਨਾ-3/60/694.

42 ਉਹੀ, ਰਾਸ/ਅਧਿਆਇ/ਪੰਨਾ-2/30/35.

43 *ਉਹੀ,* ਰਾਸ/ਅਧਿਆਇ/ਪੰਨਾ- 3/40/539 .

ਪੀਪਰ ਬੇਰੀ ਤਹਿੰ ਘਨੀ ਜੰਡ ਕਰੀਰ ਅਪਾਰ।

ਨਿਵੜ ਛਾਵ ਸੁੰਦਰ ਘਨੀ ਠੌਰ ਇੱਕਤ ਨਿਹਾਰ।

ਮੈਦਾਨ ਮਧ ਬਨ ਤਾਸ ਕੋ ਛਪੜੀ ਨਿਕਟ ਨਵੀਨ।

ਸ੍ਰੀ ਗੁਰੂ ਮਨ ਹਰਖਤਿ ਪਏ ਪੰਚਵਟੀ ਸਮ ਚੀਨ।[44]

ਗੁਰੂ ਅਰਜਨ ਦੇਵ ਜੀ ਨੇ 1602-03 ਈ. ਵਿਚ ਇਸ ਤਲਾਅ ਵਾਲੀ ਥਾਂ 'ਰਾਮਸਰ' ਸਰੋਵਰ ਬਣਵਾਇਆ। ਇਸ ਸਥਾਨ ਉਤੇ ਜੰਡ, ਬੇਰੀ, ਬੋਹੜ, ਪਿਪਲ ਤੇ ਅੰਜੀਰ ਪੰਜ ਪ੍ਰਕਾਰ ਦੇ ਰੁੱਖ ਹੋਣ ਕਾਰਨ ਇਸ ਨੂੰ 'ਪੰਚਵਟੀ' ਕਿਹਾ ਜਾਂਦਾ ਸੀ।[45] ਇੱਥੇ ਹੀ ਬੇਰੀ ਦੇ ਰੁੱਖ ਥੱਲੇ ਬੈਠ ਕੇ ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ ਸਾਹਿਬ' ਦੀ ਰਚਨਾ ਕੀਤੀ ਸੀ।

ਅੰਮ੍ਰਿਤਸਰ ਦੇ ਨੇੜੇ ਹੀ 'ਵਡਾਲੀ' ਵਿਖੇ ਗੁਰੂ ਅਰਜਨ ਦੇਵ ਜੀ ਨੇ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਆਪਣੇ ਪੁੱਤਰ ਹਰਗੋਬਿੰਦ ਸਾਹਿਬ ਜੀ ਦੇ ਜਨਮ ਦੀ ਖ਼ੁਸ਼ੀ ਵਿਚ ਛੇ ਹਰਟਾਂ ਵਾਲਾ ਖੂਹ ਲਗਵਾਇਆ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦਾ ਕਰਤਾ ਦਸਦਾ ਹੈ ਕਿ ਗੁਰੂ ਸਾਹਿਬ ਨੇ ਵਚਨ ਕੀਤਾ ਸੀ ਕਿ ਜਿਹੜਾ ਵੀ ਵਿਅਕਤੀ ਇਥੇ ਸ਼ਰਧਾ ਭਾਵਨਾ ਨਾਲ ਇਸ਼ਨਾਨ ਕਰੇਗਾ। ਉਸ ਦੇ ਪਾਪਾਂ ਦਾ ਨਾਸ਼ ਹੋਵੇਗਾ ਅਤੇ ਉਹ ਸਾਰੇ ਮਨ ਇਛਤ ਫਲ ਪ੍ਰਾਪਤ ਕਰੇਗਾ:

ਪੁਨ ਲਗਵਾਯੋ ਕੂਪ ਮਹਿਮਾ ਅਨੂਪ ਭਲੀ ਨਾਮ ਹੈ ਛਿਹਰਟਾ ਅਜੌ ਸੁ ਲਗ ਜਾਨੀਆਹਿ।।

ਮਜਨ ਜੋ ਕਰੈ ਨਰ, ਪਾਪਾਨ ਸੋ ਪਰਹਰਿ ਜੋਗ ਹ੍ਵੈ ਸੁਰਗ ਕੇ ਸਗਲ ਸੁਖਦਾਨੀ ਆਹਿ।।[46]

ਗੁਰੂ ਅਰਜਨ ਦੇਵ ਜੀ ਨੇ ਭਾਈ ਸਾਲੋ ਜੀ ਤੋਂ ਆਪਣੇ ਸਪੁੱਤਰ ਗੁਰੂ ਹਰਗੋਬਿੰਦ ਜੀ ਦੇ ਵਿਆਹ ਦੀ ਖ਼ੁਸ਼ੀ ਵਿਚ ਵਡਾਲੀ ਵਿਖੇ ਬਾਉਲੀ ਵੀ ਬਣਵਾਈ ਸੀ।

---

44 ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ-੬,* ਸੰਪ. ਗੁਰਮੁਖ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਅਧਿਆਇ/ਪੰਨਾ-ਚੌਥਾ/120.

45 ਸਤਿਬੀਰ ਸਿੰਘ, *ਪੂਰਨ ਸਚਿ ਭਰੇ,* ਪੰਨਾ 129.

46 *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* (ਜਿਲਦ-ਚੌਥੀ), ਰਾਸ/ਅਧਿਆਇ/ ਪੰਨਾ-3/4/261.

ਗੁਰੂ ਅਰਜਨ ਦੇਵ ਜੀ ਦੁਆਰਾ ਵਸਾਇਆ ਤਰਨਤਾਰਨ ਨਗਰ ਵੀ ਛੰਭ, ਝਾੜੀਆਂ, ਦਰਖ਼ਤਾਂ, ਟੋਇਆਂ, ਟਿੱਬਿਆਂ ਅਤੇ ਛੱਪੜਾਂ ਨਾਲ ਭਰਪੂਰ ਸਥਾਨ ਸੀ। ਇਸ ਸਥਾਨ ਨੂੰ ਗੁਰੂ ਅਰਜਨ ਦੇਵ ਜੀ ਨੇ ਇਕ ਪ੍ਰਚਾਰਕ ਕੇਂਦਰ ਬਣਾ ਕੇ ਇਸ ਸਥਾਨ ਉੱਤੇ ਇਕ ਵੱਡਾ ਸਰੋਵਰ ਬਣਵਾਇਆ, ਜਿਸ ਦਾ ਨਾਮ ਸਥਾਨ ਦੇ ਨਾਮ 'ਤੇ ਹੀ 'ਤਰਨਤਾਰਨ' ਰੱਖਿਆ ਸੀ। ਸਰੂਪ ਦਾਸ ਭਲਾ ਇਸ ਸਰੋਵਰ ਦੀ ਮਹਤਤਾ ਬਿਆਨ ਕਰਦੇ ਲ਼ਿਖਦੇ ਹਨ:

ਤਰਨਤਾਰਨ ਸਰ ਨਾਮ ਧਰ ਮਹਾਤਮ ਦੀਆ ਦਿਖਾਇ।

ਜੋ ਕਰ ਇਸ਼ਨਾਨ ਨਿਸ਼ਚਾ ਧਰੇ ਹਰਿ ਭਗਤ ਪਾਇ ਤਰ ਜਾਇ।[47]

ਤਰਨਤਾਰਨ ਵਿਖੇ ਗੁਰੂ ਅਰਜਨ ਦੇਵ ਜੀ ਵਲੋਂ ਮਾਤਾ ਭਾਨੀ ਜੀ ਦੇ ਨਾਮ 'ਤੇ ਇਕ ਖੂਹ ਵੀ ਬਣਵਾਇਆ ਗਿਆ ਸੀ। ਜਿਸ ਨੂੰ 'ਬੀਬੀ ਭਾਨੀ ਦਾ ਖੂਹ' ਕਿਹਾ ਜਾਂਦਾ ਹੈ। ਇਸ ਦੇ ਹੀ ਦੱਖਣ ਵਾਲੇ ਪਾਸੇ ਇਕ ਹੋਰ ਖੂਹ ਬਣਾਇਆ ਜਿਸ ਦਾ ਨਾਮ 'ਗੁਰੂ ਕਾ ਖੂਹ' ਰਖਿਆ ਗਿਆ। ਕਰਤਾਰਪੁਰ ਵਿਖੇ ਮਾਤਾ ਗੰਗਾ ਜੀ ਦੇ ਨਾਮ ਤੇ 'ਗੰਗਸਰ ਖੂਹ' ਲਗਵਾਇਆ ਗਿਆ ਸੀ।[48] ਲਾਹੌਰ ਦੇ ਡੱਬੀ ਬਾਜ਼ਾਰ ਵਿਖੇ ਵੀ ਗੁਰੂ ਅਰਜਨ ਦੇਵ ਜੀ ਵਲੋਂ ਇਕ ਬਾਉਲੀ ਬਣਵਾਈ ਗਈ ਸੀ। ਜਿਸ ਦਾ ਨਾਂ 'ਗੁਰੂ ਕੀ ਬਾਉਲੀ' ਰਖਿਆ ਗਿਆ।

ਗੁਰੂ ਅਰਜਨ ਦੇਵ ਜੀ ਵਲੋਂ ਬਿਆਸ ਦਰਿਆ ਦੇ ਕੰਢੇ ਜ਼ਿਲ੍ਹਾ ਗੁਰਦਾਸਪੁਰ ਤਹਿਸੀਲ ਬਟਾਲਾ ਵਿਖੇ 'ਸ੍ਰੀ ਹਰਗੋਬਿੰਦਪੁਰ' ਨਗਰ ਵਸਾਇਆ। ਗੁਰੂ ਅਰਜਨ ਦੇਵ ਜੀ ਮਸੰਦਾਂ ਦੁਆਰਾ ਇੱਕਠੀ ਕਰ ਕੇ ਭੇਟਾ ਕੀਤੀ ਮਾਇਆ ਨਾਲ ਖੂਹ, ਬਾਉਲੀਆਂ, ਸਰੋਵਰ, ਨਗਰ, ਕੋੜ੍ਹਖਾਨੇ ਆਦਿ ਬਣਵਾਉਂਦੇ ਸਨ। ਡਾ. ਅਵਤਾਰ ਸਿੰਘ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਇਹਨਾ ਕਾਰਜਾਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:[49]

(1) **ਖੂਹ ਤੇ ਬਾਉਲੀਆਂ**: ਪਾਣੀ ਦੀ ਥੁੜ ਕਾਰਨ ਗੁਰੂ ਅਰਜਨ ਦੇਵ ਜੀ ਨੇ ਕਈ ਥਾਂਈ ਖੂਹ ਲਗਵਾਏ। ਜਿਹਨਾਂ ਵਿਚ ਅੰਮ੍ਰਿਤਸਰ ਵਿਚ ਹੀ 12 ਖੂਹ,

---

47 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ-1)*, ਸਾਖੀ/ ਪੰਨਾ-8/340.

48 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 376.

49 ਅਵਤਾਰ ਸਿੰਘ, *ਗੁਰੂ ਅਰਜਨ ਦੇਵ ਜੀ ਜੀਵਨ ਤੇ ਬਾਣੀ,* ਪੰਨਾ 178.

ਤਰਨਤਾਰਨ ਵਿਖੇ ਦੋ ਖੂਹ ਇਕ ਬੀਬੀ ਭਾਨੀ ਦਾ ਖੂਹ ਅਤੇ ਦੂਜਾ ਗੁਰੂ ਕਾ ਖੂਹ ਹੈ। ਕਰਤਾਰਪੁਰ ਵਿਖੇ ਗੰਗਸਰ, ਵਡਾਲੀ ਵਿਖੇ ਤਿੰਨ ਹਰਟਾ ਅਤੇ ਛੇ ਹਰਟਾ, ਲਾਹੌਰ ਵਿਚ ਬਾਉਲੀ ਆਦਿ ਹਨ।

(2) **ਸਰੋਵਰ:** ਸੰਤੋਖਸਰ, ਅੰਮ੍ਰਿਤਸਰ, ਤਾਰਨ ਤਰਨ ਅਤੇ ਰਾਮਸਰ।

(3) **ਨਗਰ:** ਹਰਗੋਬਿੰਦਪੁਰ, ਤਾਰਨ ਤਰਨ ਤੇ ਕਰਤਾਰਪੁਰ (ਜਲੰਧਰ) ਵਸਾਏ।

ਅੰਮ੍ਰਿਤਸਰ ਦੀ ਪ੍ਰਕਰਮਾਂ ਤੋਂ ਬਾਹਰ ਕੌਲ ਸਰ ਵਾਲੇ ਪਾਸੇ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ 'ਗੁਰੂ ਕਾ ਬਾਗ਼' ਵੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮੇਂ ਵਿਚ ਸੰਗਤਾਂ ਦੀ ਲੋੜ ਨੂੰ ਮੁੱਖ ਰੱਖ ਕੇ ਇਕ ਹਰਟਾ, ਦੋ-ਹਰਟੇ, ਚੁ-ਹਰਟੇ ਅਤੇ ਛੇ-ਹਰਟਾਂ ਵਾਲ਼ੇ ਖੂਹ ਅਤੇ ਬਾਉਲ਼ੀਆਂ ਲਗਵਾਈਆਂ ਸਨ। ਇਹਨਾਂ ਸਥਾਨਾਂ 'ਤੇ ਅੱਜਕਲ੍ਹ ਗੁਰਦੁਆਰਾ ਸਾਹਿਬ ਸਸ਼ੋਭਿਤ ਹਨ।

**ਗੁਰੂ ਹਰਗੋਬਿੰਦ ਜੀ (1595-1644):** ਗੁਰੂ ਹਰਗੋਬਿੰਦ ਜੀ ਦਾ ਜਨਮ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁਖੋਂ ਵਡਾਲੀ ਪਿੰਡ ਵਿਖੇ ਹੋਇਆ ਸੀ। ਪਿਤਾ ਗੁਰੂ ਅਰਜਨ ਦੇਵ ਜੀ ਨੇ ਪੁੱਤਰ ਦੇ ਜਨਮ ਦੀ ਖ਼ੁਸ਼ੀ, ਵਿਆਹ ਦੀ ਖ਼ੁਸ਼ੀ ਅਤੇ ਹੋਰ ਕਾਰਜਾਂ ਸਮੇਂ ਪਾਣੀ ਦੀ ਸੰਭਾਲ ਲਈ ਕਾਰਜ ਕੀਤੇ ਸਨ। ਜਿਸ ਸੰਦਰਭ ਵਿਚ ਖੂਹ ਅਤੇ ਬਾਉਲੀਆਂ ਲਗਵਾਈਆਂ ਗਈਆਂ ਸਨ। ਗੁਰੂ ਹਰਗੋਬਿੰਦ ਜੀ ਨੇ ਵੀ 1676 ਈ. ਵਿਚ ਅੰਮ੍ਰਿਤਸਰ ਵਿਖੇ ਅਕਾਲ ਬੁੰਗੇ ਵਿਚ ਖੂਹ ਅਤੇ ਸੁੰਦਰ ਬਾਗ਼ ਲਗਵਾਇਆ ਸੀ।[50] ਸਿਖ ਇਤਿਹਾਸ ਅਨੁਸਾਰ ਜਦੋਂ ਗੁਰੂ ਸਾਹਿਬ ਜੋਗੇ ਰੱਲੇ ਨੇੜੇ ਪਿੰਡ ਭੁਪਾਲ ਗਏ ਤਾਂ ਉਥੋਂ ਦੇ ਜੱਟਾਂ ਨੇ ਗੁਰੂ ਜੀ ਦੀ ਕੋਈ ਆਓ ਭਗਤ ਨਹੀਂ ਕੀਤੀ ਪਰ ਇਕ ਬ੍ਰਾਹਮਣ ਨੇ ਘਰ ਆਈ ਗੰਗਾ ਸਮਝ ਕੇ ਗੁਰੂ ਸਾਹਿਬ ਅਤੇ ਸੰਗਤਾਂ ਦਾ ਆਦਰ ਸਤਿਕਾਰ ਕੀਤਾ। ਗੁਰੂ ਜੀ ਨੇ ਬਚਨ ਕੀਤਾ ਕਿ ਜਦੋਂ ਇੱਥੇ ਬੋਹੜ ਦਾ ਦਰਖ਼ਤ ਅਤੇ ਖੂਹ ਲਗਾਵਾਉਗੇ ਤਾਂ ਇਹਨਾਂ ਜੱਟ ਲੋਕਾਂ ਦੀ ਬੁੱਧ ਸੁਧਰੇਗੀ।[51]

ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਰਾਮਸਰ ਸਰੋਵਰ ਦੇ ਨੇੜੇ ਹੀ ਬਿਬੇਕੀ ਬਿਹੰਗਮਾਂ ਦੇ ਟਿਕਣ ਲਈ 'ਸ੍ਰੀ ਬਿਬੇਕਸਰ' ਨਾਂ ਦਾ ਸਰੋਵਰ ਬਣਵਾਇਆ ਗਿਆ ਸੀ। 1627 ਈ. ਵਿਚ ਗੁਰੂ

---

[50] ਗਿਆਨ ਸਿੰਘ (ਗਿਆਨੀ), *ਤਵਾਰੀਖ ਗੁਰੂ ਖਾਲਸਾ (ਭਾਗ-ਪਹਿਲਾ),* ਪੰਨਾ 431.

[51] ਉਹੀ, ਪੰਨਾ 664.

ਸਾਹਿਬ ਵਲੋਂ ਬੀਬੀ ਕੌਲਾਂ ਦੀ ਇੱਛਾ ਨੂੰ ਮੁੱਖ ਰਖ ਕੇ 'ਕੌਲ ਸਰ' ਨਾਂ ਦਾ ਸਰੋਵਰ ਬਣਵਾਇਆ ਸੀ, ਜਿਸ ਨੂੰ ਪੁੱਤਰ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ। ਇਸ ਸਰੋਵਰ ਦੇ ਕੰਢੇ ਲੱਗੇ ਬੋਹੜ ਦੇ ਦਰਖ਼ਤ ਨੂੰ 'ਕਲਪ ਬ੍ਰਿਛ' ਦੇ ਨਾਂ ਨਾਲ ਸੰਬੋਧਿਤ ਕੀਤਾ ਗਿਆ ਹੈ:

ਤੁਮਰਾ ਸੁਤ ਸਰ ਪਰਗਟ ਕਰਹੋ। ਨਾਮ ਕੌਲਸਰ ਤਾ ਕਾ ਧਰ ਹੋਂ।।

ਕੋਲਾਂ ਸੁਨਤ ਅਧਿਕ ਹਰਖਾਈ। ਸ੍ਰੀ ਸਤਿਗੁਰ ਕੈ ਪਗ ਲਪਟਾਹੀ।।[52]

ਸਿਆਲਕੋਟ ਦੇ ਨੇੜੇ ਚਪਰਨਲ ਕੋਲ ਗੁਰੂ ਜੀ ਨੇ ਇਕ ਬ੍ਰਾਹਮਣ ਨੂੰ ਪੀਣ ਅਤੇ ਇਸ਼ਨਾਨ ਕਰਨ ਲਈ ਪਾਣੀ ਪੁੱਛਿਆ ਤਾਂ ਪੰਡਿਤ ਨੇ ਧਰਤੀ ਪਥਰੀਲੀ ਹੋਣ ਕਰ ਕੇ ਪਾਣੀ ਦੀ ਘਾਟ ਹੋਣ ਦੀ ਚਿੰਤਾ ਪ੍ਰਗਟਾਈ। ਇਹ ਸੁਣ ਕੇ ਗੁਰੂ ਜੀ ਨੇ ਜ਼ਮੀਨ ਵਿਚ ਨੇਜ਼ਾ ਮਾਰਿਆ ਤੇ ਪਾਣੀ ਦਾ ਚਸ਼ਮਾ ਫੁਟ ਪਿਆ। ਉਸ ਚਸ਼ਮੇ ਵਾਲੀ ਥਾਂ ਤੇ ਗੁਰੂ ਜੀ ਨੇ ਇਕ ਸਰੋਵਰ ਬਣਵਾਇਆ।[53] ਮਹਿਰਾਜ ਯੁੱਧ ਜਿੱਤਣ ਦੀ ਯਾਦਗਾਰ ਵਜੋਂ ਵੀ ਗੁਰੂ ਹਰਗੋਬਿੰਦ ਜੀ ਵਲੋਂ 'ਗੁਰੂ-ਸਰ' ਤਲਾਅ ਬਣਵਾਇਆ ਸੀ। ਲਾਹੌਰ ਤੋਂ ਵਾਪਸ ਆਉਂਦੇ ਸਮੇਂ ਗੁਰੂ ਸਾਹਿਬ ਨੇ ਅੰਮ੍ਰਿਤਸਰ ਵਿਚ ਪਿੰਡ ਝਬਾਲ ਵਿਖੇ ਇਕ ਖੂਹ ਦੇ ਖਾਰੇ ਪਾਣੀ ਨੂੰ ਮਿੱਠਾ ਕੀਤਾ ਸੀ।

ਗੁਰੂ ਹਰਗੋਬਿੰਦ ਜੀ ਨੇ ਸਤਲੁਜ ਦੇ ਕੰਢੇ ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿਚ ਕੀਰਤਪੁਰ ਸਾਹਿਬ ਨਾਮਕ ਸਥਾਨ ਵਸਾਇਆ। ਪ੍ਰਿੰਸੀਪਲ ਸਤਿਬੀਰ ਸਿੰਘ ਕੀਰਤਪੁਰ ਸਾਹਿਬ ਸਥਾਨ ਬਾਬਤ ਲਿਖਦੇ ਹਨ ਕਿ "ਜਿਸ ਥਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ ਚੁਣਿਆ। ਉਸ ਦੇ ਇਕ ਪਾਸੇ ਸਤਲੁਜ ਸੀ, ਦੂਜੇ ਪਾਸੇ ਪਹਾੜ ਤੀਜੇ ਪਾਸੇ ਸਰਸਾ ਅਤੇ ਚੌਥੇ ਪਾਸੇ ਜੰਗਲ ਸਨ।"[54] ਗੁਰੂ ਹਰਗੋਬਿੰਦ ਜੀ ਨੇ ਕੀਰਤਪੁਰ ਸਾਹਿਬ ਵਿਖੇ ਬਹੁਤ ਵੱਡਾ ਬਾਗ਼ ਲਗਵਾਇਆ ਸੀ। ਜਿਸ ਵਿਚ ਅਨੇਕ ਭਾਂਤ ਦੇ ਰੁੱਖ, ਬੇਲ-ਬੂਟੇ ਸਨ, ਜਿਹਨਾਂ ਵਿਚ ਬਹੁਤੇ ਫੁੱਲਾਂ ਅਤੇ ਫਲਾਂ ਵਾਲੇ ਸਨ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਬਾਗ਼ ਵਿਚ ਲਗੇ ਫਲਦਾਰ ਬੂਟਿਆਂ ਬਾਰੇ ਜਾਣਕਾਰੀ ਦਿੱਤੀ ਗਈ

---

52 ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ-੬*, ਅਧਿਆਇ/ਪੰਨਾ-9/423.

53 ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ* (ਭਾਗ ਤੀਜਾ), ਅਨੁ. ਗੁਰਬਚਨ ਸਿੰਘ ਔਲਖ, ਲਾਹੌਰ ਬੁਕ ਸ਼ਾਪ, ਲੁਧਿਆਣਾ, 2010, ਪੰਨਾ 58.

54 ਸਤਿਬੀਰ ਸਿੰਘ, *ਨਿਰਭਉ ਨਿਰਵੈਰ*, ਪੰਨਾ 25.

ਹੈ, ਜਿਹਨਾਂ ਵਿਚ ਆੜੂ, ਅਮਰੂਦ, ਅੰਬ, ਨਿੰਬੂ, ਕੇਦਲੀ (ਕੇਲਾ), ਅਨਾਰ, ਸੇਬ, ਫ਼ਾਲਸਾ, ਖਿਰਨੀ, ਕਠਲ, ਢੇਊ ਆਦਿ ਦਾ ਜ਼ਿਕਰ ਹੈ।[55]

ਸਿਖ ਇਤਿਹਾਸ ਅਨੁਸਾਰ ਇਕ ਵਾਰ ਹਰਗੋਬਿੰਦ ਜੀ ਬਹਾਰ ਦੀ ਰੁੱਤ ਵਿਚ ਬਾਗ਼ ਵਿਚ ਆਸਣ ਲਾ ਕੇ ਬੈਠੇ ਸਨ। ਉਸ ਸਮੇਂ ਗੁਰੂ ਸਾਹਿਬ ਨੇ ਸੰਗਤਾਂ ਨਾਲ ਰੁੱਖਾਂ-ਬੂਟਿਆਂ ਦੇ ਅਨੇਕ ਲਾਭਾਂ ਉਤੇ ਵਿਚਾਰ ਕੀਤੀ ਅਤੇ ਦੱਸਿਆ ਕਿ ਦਰਖ਼ਤਾਂ ਦੇ ਪੱਤੇ, ਫੁੱਲ, ਫਲ, ਟਹਿਣੀਆਂ, ਛਾਂ, ਲੱਕੜੀ ਸਭ ਮਨੁੱਖ ਦੇ ਲਾਭ ਲਈ ਹਨ। ਉਹਨਾਂ ਕੋਲ ਜੇ ਕੋਈ ਆਸ ਲੈ ਕੇ ਆਉਂਦਾ ਹੈ, ਉਹ ਕਦੇ ਨਿਰਾਸ਼ ਨਹੀਂ ਹੁੰਦਾ। ਇਥੋਂ ਤਕ ਕਿ ਜੋ ਨਿਰਦਈ ਹੋ ਕੇ ਉਹਨਾਂ ਨੂੰ ਵੱਟੇ ਮਾਰਦੇ ਹਨ, ਉਹਨਾਂ ਨੂੰ ਵੀ ਰੁੱਖ ਫਲ ਦਿੰਦੇ ਹਨ।[56] ਦਰਖ਼ਤਾਂ ਦੇ ਅਨੇਕ ਲਾਭਾਂ ਨੂੰ ਭਾਈ ਗੁਰਦਾਸ ਜੀ ਵੀ ਆਪਣੀ ਚੌਦਵੀਂ ਵਾਰ ਵਿਚ ਬਿਆਨ ਕਰਦੇ ਲਿਖਦੇ ਹਨ ਕਿ ਰੁੱਖ ਧਰਤੀ ਉਤੇ ਸਿਰ ਹੇਠਾਂ ਵਲ ਅਤੇ ਪੈਰ ਆਕਾਸ਼ ਵਲ ਕਰ ਕੇ ਉੱਗਦੇ ਹਨ। ਮੌਸਮਾਂ ਦੇ ਦੁੱਖ ਸਹਾਰਦੇ ਹੋਏ ਵੀ ਦੁਨੀਆ ਉਪਰ ਉਪਕਾਰ ਕਰਨਾ ਨਹੀਂ ਭੁੱਲਦੇ। ਵੱਟੇ ਮਾਰਨ ਵਾਲੇ ਨੂੰ ਫਲ਼ ਦੇ ਕੇ ਉਸ ਦੀ ਭੁੱਖ ਦੂਰ ਕਰਦੇ ਹਨ, ਸੁੱਖ ਦੇਣ ਵਾਲੀ ਛਾਂ ਦਿੰਦੇ ਹਨ। ਜਦੋਂ ਕੋਈ ਦਰਖ਼ਤ ਨੂੰ ਵੱਢਣ ਆਉਂਦਾ ਹੈ ਤਾਂ ਉਹ ਅਪਣਾ-ਆਪ ਕਟਵਾ ਵੀ ਲੈਂਦੇ ਹਨ:

ਧਰਤੀ ਉਤੇ ਰੁਖ ਸਿਰ ਤਲਵਾਇਆ।।...

...ਵਿਰਲੈ ਹੀ ਸਨਮੁਖ ਭਾਣਾ ਭਾਇਆ।। [57]

ਨਾਨਕ ਮਤਾ (ਗੋਰਖ ਮਤਾ) ਵਿਖੇ ਜਦੋਂ ਸਿੱਧਾਂ ਨੇ ਖੁਣਸ ਖਾ ਕੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਪਿਪਲ ਦਾ ਰੁੱਖ ਜਲਾ ਦਿੱਤਾ, ਤਦ ਭਾਈ ਅਲਮਸਤ ਜੀ ਦੁਆਰਾ ਬੇਨਤੀ ਕਰਨ ਤੇ ਗੁਰੂ ਹਰਗੋਬਿੰਦ ਜੀ ਗੋਰਖ ਮਤੇ ਗਏ ਅਤੇ ਸੋ ਦਰੁ ਦਾ ਪਾਠ ਕਰਨ ਮਗਰੋਂ ਪਿਪਲ ਦੇ ਦਰਖ਼ਤ ਦੀਆਂ ਜੜ੍ਹਾਂ ਵਿਚ ਪਾਣੀ ਪਾਇਆ ਤਾਂ ਉਹ ਵੇਖਦਿਆਂ ਵੇਖਦਿਆਂ ਹੀ ਹਰਾ-ਭਰਾ ਹੋ ਗਿਆ:

ਧੀਰ ਦੀਓ ਤਿਨਕੋ ਕਰ ਪੰਕਜ ਨੀਰ ਕਮੰਡਲ ਪ੍ਰ ਮੰਗਾਯੋ।

ਸਤਿਨਾਮੁ ਕੋ ਮੰਤਰ ਉਚਾਰ ਕੀਯੋ ਜਲ ਢਾਰ ਦੀਓ ਭਵ ਪੀਪਰ ਆਯੋ।

---

55 *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ (ਜਿਲਦ-ਛੇਵੀਂ),* ਰਾਸ/ ਅਧਿਆਇ/ਪੰਨਾ-8/45/897.

56 ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ* (ਭਾਗ ਤੀਜਾ), ਪੰਨਾ 194.

57 ਵਾਰਾਂ ਭਾਈ ਗੁਰਦਾਸ, ਵਾਰ/ਪਉੜੀ- 14/8.

ਟਾਸ ਔ ਪਾਤ ਹਰੇ ਸਭ ਅੰਗਨ ਦੇਖ ਕੈ ਮਸਤ ਰਿਦੈ ਹਰਖਾਯੋ।

ਘੋਰ ਕੈ ਕੁਕੰ ਛਿਰਕ ਦੀਓ ਸਭ ਪੀਪਰ ਪਾਤਰ ਮਹਿ ਲਪਟਾਯੋ।[58]

*ਸਿਖ ਤਵਾਰੀਖ਼* ਅਨੁਸਾਰ ਗੁਰੂ ਹਰਗੋਬਿੰਦ ਜੀ ਨੇ ਚਾਰ ਖੂਹ ਲਗਵਾਏ ਸਨ। ਜਿਹਨਾ ਵਿਚ ਇਕ ਕਲਯਾਨ ਪੁਰ ਪਿੰਡ ਵਿਚ ਜੋ ਕਿ ਲੋਹੜ ਨਦੀ ਵਿਚ ਰੁੜ੍ਹ ਗਿਆ ਹੈ। ਦੂਜਾ 'ਪਾਇਲ' ਜੋ ਹੁਣ ਗੁਰੂ ਕੇ ਲਾਹੌਰ ਦੇ ਰਾਹ ਵਿਚ ਹੈ, ਤੀਜਾ 'ਕੋਟਲੇ', ਚੌਥਾ ਅਨੰਦਪੁਰ ਅਤੇ ਕੀਰਤਪੁਰ ਦੇ ਵਿਚਕਾਰ ਸੀ।[59] ਥਾਨੇਸਰ ਤੋਂ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਬਦਰ ਦੋ ਦਿਨ ਠਹਿਰੇ ਸਨ ਤਾਂ ਉਥੋਂ ਦੀ ਸੰਗਤ ਵਲੋਂ ਭੇਟਾ ਕੀਤੀ ਮਾਇਆ ਗੁਰੂ ਸਾਹਿਬ ਨੇ ਉਥੋਂ ਦੇ ਹੀ ਪੈਂਚਾਂ ਨੂੰ ਦੇ ਕੇ ਕਿਹਾ ਕਿ ਇਸ ਰੁਪਏ ਨਾਲ ਖੂਹ, ਧਰਮਸ਼ਾਲਾ ਬਣਵਾਓ ਅਤੇ ਬ੍ਰਿਛ ਲਗਵਾ ਦੇਵੋ।[60]

ਗੁਰੂ ਹਰਗੋਬਿੰਦ ਜੀ ਪਸ਼ੂ ਪੰਛੀਆਂ ਨੂੰ ਬਹੁਤ ਪਿਆਰ ਕਰਦੇ ਸਨ। ਜਦੋਂ ਆਪ ਜੀ ਪ੍ਰਸ਼ਾਦਾ ਛਕਣ ਬੈਠਦੇ ਤਾਂ ਆਪਣੀ ਥਾਲ਼ੀ ਵਿਚੋਂ ਭੋਜਨ ਕੱਢ ਕੇ ਪੰਛੀਆਂ ਨੂੰ ਜ਼ਰੂਰ ਪਾਉਂਦੇ ਸਨ। ਜਿਸ ਕਾਰਨ ਬਹੁਤ ਸਾਰੇ ਪੰਛੀ ਆਪ ਜੀ ਦੇ ਆਲ਼ੇ-ਦੁਆਲ਼ੇ ਝੁਰਮਟ ਪਾ ਲੈਂਦੇ ਸਨ:

ਦਯਾ ਸਿੰਧ ਭੋਜਨ ਜਬ ਕਰੈ ਪਾਛੈ ਚੋਗ ਕਾਗ ਕੋ ਧਰੈ।[61]

ਇਕ ਦਿਨ ਜਦੋਂ ਗੁਰੂ ਹਰਗੋਬਿੰਦ ਜੀ ਭੋਜਨ ਛਕਣ ਲਗੇ ਤਾਂ ਦੇਖਿਆ ਕਿ ਇਕ ਕਾਂ ਲੰਗੜਾ ਕੇ ਚੋਗ ਚੁਗ ਰਿਹਾ ਹੈ। ਗੁਰੂ ਸਾਹਿਬ ਦੁਆਰਾ ਪੁੱਛਣ ਤੇ ਕਿ ਇਸ ਕਾਂ ਦੀ ਅਜਿਹੀ ਹਾਲਾਤ ਕਿਸ ਨੇ ਕੀਤੀ ਹੈ ਤਾਂ ਸਿਖਾਂ ਨੇ ਦੱਸਿਆ ਕਿ ਕਾਕੂ ਨਾਮ ਦਾ ਇਕ ਸਿਖ ਜੋ ਲੰਗਰ ਦੀ ਸੇਵਾ ਕਰ ਰਿਹਾ ਹੈ, ਉਸ ਦੇ ਪੁੱਤਰ ਅਨੰਤੇ ਨੇ ਕਾਂਵਾਂ ਦੁਆਰਾ ਤੰਗ ਕਰਨ ਤੇ ਗੁਲੇਲ ਮਾਰ ਕੇ ਇਸ ਕਾਂ ਨੂੰ ਲੰਗੜਾ ਕਰ ਦਿੱਤਾ ਹੈ:

ਜਬੈ ਚੋਗ ਡਾਰੀ ਪ੍ਰਭੂ ਆਏ ਕਾਗ ਬਹੁ ਧਾਏ।

ਆਯੋ ਕਾਗ ਸੁ ਤਾਂਹਿ ਸੋ ਤੱਤ ਛਿਨ ਚਲਿਯੋ ਨ ਜਾਇ।[62]

---

58 ਭਗਤ ਸਿੰਘ, *ਗੁਰਬਿਲਾਸ ਪਾਤਸ਼ਾਹੀ-੬,* ਅਧਿਆਇ/ਪੰਨੇ-9/363-64.

59 ਗਿਆਨ ਸਿੰਘ (ਗਿਆਨੀ), *ਤਵਾਰੀਖ ਗੁਰੂ ਖਾਲਸਾ* (ਭਾਗ-ਪਹਿਲਾ), ਪੰਨਾ 575.

60 ਉਹੀ, ਪੰਨਾ 670.

61 ਭਗਤ ਸਿੰਘ, *ਗੁਰਬਿਲਾਸ ਪਾਤਸ਼ਾਹੀ-੬,* ਅਧਿਆਇ/ਪੰਨਾ-20/789.

62 ਉਹੀ, ਅਧਿਆਇ/ਪੰਨਾ-20/790.

ਗੁਰੂ ਸਾਹਿਬ ਜੀ ਭਾਈ ਕਾਕੂ ਅਤੇ ਉਸ ਦੇ ਪੁੱਤਰ ਅਨੰਤੇ ਨਾਲ ਬਹੁਤ ਨਾਰਾਜ਼ ਹੋਏ ਸਨ। ਇਹਨਾਂ ਦੋਵਾਂ ਪਿਉ-ਪੁੱਤਰ ਨੇ ਭਾਈ ਬਿਧੀ ਚੰਦ ਰਾਹੀਂ ਆਪਣੀ ਭੁੱਲ ਬਖ਼ਸ਼ਾਈ ਸੀ। ਗੁਰੂ ਹਰਗੋਬਿੰਦ ਜੀ ਦੇ ਇਸ ਪਸ਼ੂ-ਪੰਛੀਆਂ ਪ੍ਰਤੀ ਪਿਆਰ ਨੂੰ ਦੇਖ ਕੇ ਗੁਰੂ ਹਰਿਰਾਇ ਜੀ ਨੇ ਕੀਰਤਪੁਰ ਸਾਹਿਬ ਵਿਖੇ ਇਹਨਾਂ ਪਸ਼ੂ-ਪੰਛੀਆਂ ਲਈ ਰੱਖਾਂ ਬਣਵਾਈਆਂ ਸਨ। ਇਹਨਾਂ ਸਭ ਤੋਂ ਗੁਰੂ ਹਰਗੋਬਿੰਦ ਸਾਹਿਬ ਦਾ ਕੁਦਰਤ ਪ੍ਰਤੀ ਪ੍ਰੇਮ ਨਜ਼ਰ ਆਉਂਦਾ ਹੈ, ਜਿਸ ਸਦਕਾ ਕੁਦਰਤ ਦੀ ਸਾਂਭ-ਸੰਭਾਲ ਉਹਨਾਂ ਦਾ ਮੁੱਖ ਮਨੋਰਥ ਰਿਹਾ ਸੀ।

**ਗੁਰੂ ਹਰਿਰਾਇ ਜੀ (1630-1661)**: ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ ਕੀਰਤਪੁਰ ਵਿਖੇ ਪਿਤਾ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੇ ਘਰ ਹੋਇਆ। ਕੀਰਤਪੁਰ ਸਾਹਿਬ ਦੇ ਇਤਿਹਾਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਸਥਾਨ ਦੀ ਮੋੜ੍ਹੀ ਬਾਬਾ ਸ੍ਰੀ ਚੰਦ ਜੀ ਨੇ ਬਾਉਲੀ ਦਾ ਟੱਕ ਲਗਾ ਕੇ ਰੱਖੀ ਸੀ। ਇਹ ਉਹ ਹੀ ਸਥਾਨ ਹੈ, ਜਿਸ ਸਥਾਨ ਉਤੇ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ।

ਗੁਰੂ ਹਰਿਰਾਇ ਜੀ ਦੇ ਚੁਗਿਰਦੇ ਸੰਬੰਧੀ ਸਨੇਹ ਨੂੰ ਦਰਸਾਉਂਦੀਆਂ ਅਨੇਕ ਘਟਨਾਵਾਂ ਸਿਖ ਇਤਿਹਾਸ ਵਿਚ ਮੌਜੂਦ ਹਨ। *ਮਹਿਮਾ ਪ੍ਰਕਾਸ਼* ਵਿਚ ਗੁਰੂ ਹਰਿਰਾਇ ਸਾਹਿਬ ਜੀ ਦੇ ਫੁੱਲ ਬੂਟਿਆਂ ਨਾਲ ਪਿਆਰ ਨੂੰ ਦਰਸਾਉਂਦੀ ਇਕ ਸਾਖੀ ਦਾ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਬਚਪਨ ਵਿਚ ਗੁਰੂ ਹਰਿਰਾਇ ਸਾਹਿਬ ਜੀ ਦਾਦਾ ਗੁਰੂ (ਗੁਰੂ ਹਰਗੋਬਿੰਦ ਜੀ) ਨਾਲ ਬਾਗ਼ ਵਿਚ ਟਹਿਲ ਰਹੇ ਸਨ ਤਦ ਉਹਨਾਂ ਦੇ ਚੋਲ਼ੇ ਨਾਲ ਖਹਿ ਕੇ ਇਕ ਲਾਲ ਸੂਹਾ ਫੁੱਲ ਟਾਹਣੀ ਨਾਲੋਂ ਟੁੱਟ ਗਿਆ। ਫੁੱਲ ਨੂੰ ਟਾਹਣੀ ਨਾਲੋਂ ਟੁੱਟਿਆ ਵੇਖ ਗੁਰੂ ਹਰਿਰਾਇ ਜੀ ਉਦਾਸ ਹੋ ਗਏ:

ਹਰੀ ਰਾਇ ਪਿਖ ਦਯਾ ਉਪਾਈ। ਇਨ ਮੇਰੋ ਕਹੁ ਕਹਾ ਗਵਾਈ।।
ਭਇਆ ਮ੍ਰਿਤ ਮਮ ਜਾਮੇ ਲਾਗ। ਆਸ ਕਿਹ ਘਨੇ ਰੁਦਨ ਮਾਹਿ ਪਾਸ[63]

ਇਹ ਸਭ ਕੁਝ ਦਾਦਾ ਗੁਰੂ ਜੀ ਵੇਖ ਰਹੇ ਸਨ ਤਾਂ ਉਹਨਾਂ ਕਿਹਾ ਕਿ ਪੁੱਤਰ ਜੀ 'ਦਾਮਨ ਸੰਕੋਚ' ਕੇ ਚਲੋ ਤਾਂ ਜੋ ਕਿਸੇ ਚੀਜ਼ ਨੂੰ ਇਸ ਨਾਲ ਨੁਕਸਾਨ ਨਾ ਪਹੁੰਚੇ। ਗੁਰੂ ਹਰਿਰਾਇ ਸਾਹਿਬ ਜੀ ਨੇ

---

[63] ਭਗਤ ਸਿੰਘ, *ਗੁਰਬਿਲਾਸ ਪਾਤਸ਼ਾਹੀ-੬*, ਅਧਿਆਇ/ਪੰਨਾ-21/855.

ਦਾਦਾ ਗੁਰੂ ਜੀ ਦੇ ਇਸ ਵਚਨ ਨੂੰ ਪੂਰੀ ਉਮਰ ਮੰਨਿਆ ਤੇ ਹਮੇਸ਼ਾ ਆਪਣੇ ਚੋਲ਼ੇ ਨੂੰ ਇਕੱਠਾ ਕਰ ਕੇ ਤੁਰਦੇ ਰਹੇ:

ਜਬ ਬਸਤ੍ਰ ਪਹਰ ਪ੍ਰਭ ਕਤਹੂ ਜਾਹਿ। ਦਾਮਨ ਸਮੇਟ ਲੈਵੇ ਕਰ ਮਾਹਿ।

ਜੋ ਛਠਵੈ ਮਹਲ ਬਚਨ ਗੁਰ ਕਹਾ। ਪ੍ਰਭ ਉਮਰ ਪ੍ਰਜੰਤ ਸੋਈ ਪ੍ਰਨ ਗਹਾ।[64]

ਗੁਰੂ ਹਰਿਰਾਇ ਜੀ ਨੇ ਕੀਰਤਪੁਰ ਵਿਖੇ ਗੁਰੂ ਹਰਗੋਬਿੰਦ ਜੀ ਵਲੋਂ ਲਗਾਏ ਬਾਗ਼ ਵਿਚ ਦੂਰੋਂ-ਦੂਰੋਂ ਬੀਜ ਅਤੇ ਹੋਰ ਬੂਟੇ ਮੰਗਵਾ ਕੇ ਲਗਵਾਏ ਅਤੇ ਇਹਨਾਂ ਦੀ ਸੰਭਾਲ ਲਈ ਮਾਲੀ ਰੱਖੇ ਹੋਏ ਸਨ। ਇਸ ਬਾਗ਼ ਦੀ ਉਸ ਸਮੇਂ ਕੀਮਤ ਨੌਂ ਲੱਖ ਰੁਪਏ ਸਨ, ਜਿਸ ਕਾਰਨ ਇਸ ਬਾਗ਼ ਦਾ ਨਾਮ ਹੀ 'ਨੌਂ ਲੱਖਾ ਬਾਗ਼' ਪੈ ਗਿਆ ਸੀ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ "ਆਪ ਨੇ ਵੱਖ-ਵੱਖ ਥਾਵਾਂ ਤੇ 52 ਬਾਗ਼ ਲਗਵਾਏ। ਸਿਆਣੇ ਸੁਘੜ ਮਾਲੀ ਰਖੇ। ਦੂਰੋਂ ਦੂਰੋਂ ਫੁੱਲਾਂ ਦੇ ਬੀਜ ਮੰਗਵਾ ਬਾਗ਼ਾਂ ਵਿਚ ਸਜਾਏ। ਸੁੰਦਰ ਬਾੜੀ ਵਾਲੇ ਮਾਲੀ ਨੂੰ ਥਾਪੀ ਤੇ ਇਨਾਮ ਦਿੰਦੇ। ਕੀਰਤਪੁਰ ਸਾਹਿਬ ਨੂੰ ਕਿਹਾ ਹੀ ਬਾਗ਼ਾਂ ਦਾ ਸ਼ਹਿਰ ਜਾਂਦਾ ਸੀ।"[65] ਗੁਰੂ ਹਰਿਰਾਇ ਜੀ ਨੇ ਇਸ ਬਾਗ਼ ਵਿਚ ਔਸ਼ੁਧੀ ਦੇਣ ਵਾਲੇ ਬੂਟੇ ਵੀ ਲਗਵਾਏ ਸਨ। ਮੁਗਲ ਰਾਜਕੁਮਾਰ ਦਾਰਾ ਸ਼ਿਕੋਹ ਦੇ ਜਲੋਧਰ ਰੋਗ ਦਾ ਇਲਾਜ ਇਸ ਬਾਗ਼ ਵਿਚ ਲਗੇ ਦਰਖ਼ਤਾਂ ਤੋਂ ਔਸ਼ੁਧੀਆਂ ਪ੍ਰਾਪਤ ਕਰਨ ਨਾਲ ਹੋਇਆ ਸੀ:

ਏਕ ਗਜ ਮੋਤੀ ਕੀ ਤਿਸੁ ਖਾਹਸੁ। ਹਿੰਦ ਸਗਲ ਮੋ ਕਰੀ ਤਲਾਇਸ।

ਬਡੇ ਲੌਂਗ ਅਰੁ ਰਾਇ ਹਰੀੜ। ਖੋਜੇ ਨਾਹੀ ਮਿਲੇ ਕਾਰਜ ਅਤਿ ਭੀੜ।

ਤਬ ਵਜ਼ੀਰ ਅਰਜ ਇਹ ਕਰੀ।ਤਬਾਰ ਲੋਕਨ ਸੋ ਸੁਨਿ ਪਰੀ।

ਗੁਰੂ ਹਰਿ ਰਾਇ ਜੀ ਕੇ ਘਰ ਆਹਿ। ਜੋ ਮਾਗੇ ਹਜਰਤ ਦੇਇ ਪਠਾਇ। [66]

ਇਸ ਬਾਗ਼ ਤੋਂ ਇਲਾਵਾ ਕੀਰਤਪੁਰ ਸਾਹਿਬ ਦੇ ਨੇੜੇ ਹੀ ਪਿੰਡ ਬਸੀ ਵਿਖੇ 'ਕੁਚਾਲਾਂ ਦਾ ਬਾਗ਼' ਵੀ ਗੁਰੂ ਹਰਿਰਾਇ ਜੀ ਨਾਲ ਸੰਬੰਧਿਤ ਹੈ। ਇਸ ਸਥਾਨ ਉਤੇ ਗੁਰੂ ਸਾਹਿਬ ਨੇ ਆਪਣੇ ਘੋੜਿਆਂ ਲਈ ਤਬੇਲਾ ਵੀ ਬਣਵਾਇਆ ਹੋਇਆ ਸੀ। ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਗੁਰਦੁਆਰਾ 'ਹਰੀਆਂ ਵੇਲਾਂ'

---

64 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ-2)*, ਸਾਖੀ/ਪੰਨਾ-2/518.

65 ਸਤਿਬੀਰ ਸਿੰਘ, *ਨਿਰਭਉ ਨਿਰਵੈਰ,* ਪੰਨਾ 49.

66 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ-2),* ਸਾਖੀ/ਪੰਨਾ-3/522.

ਵੀ ਗੁਰੂ ਹਰਿਰਾਇ ਜੀ ਨਾਲ ਸੰਬੰਧਿਤ ਹੈ। ਇਸ ਸਥਾਨ ਉਤੇ ਗੁਰੂ ਸਾਹਿਬ ਦੇ ਵਚਨ ਨਾਲ ਸੁੱਕੀਆਂ ਵੇਲਾਂ ਹਰੀਆਂ ਹੋ ਗਈਆਂ ਸਨ।

ਗੁਰੂ ਹਰਿਰਾਇ ਜੀ ਪਸ਼ੂ ਅਤੇ ਪੰਛੀ ਪ੍ਰੇਮੀ ਵੀ ਸਨ। ਉਹਨਾਂ ਨੇ ਪਸ਼ੂ-ਪੰਛੀਆਂ ਦੀ ਸੁਰੱਖਿਆ ਵਾਸਤੇ ਰੱਖਾਂ ਬਣਵਾਈਆਂ ਹੋਈਆਂ ਸਨ। ਗੁਰੂ ਜੀ ਸ਼ਿਕਾਰ ਖੇਡਣ ਸਮੇਂ ਜੰਗਲ ਵਿਚੋਂ ਫੱਟੜ ਪਸ਼ੂ-ਪੰਛੀਆਂ ਨੂੰ ਫੜ ਕੇ, ਉਹਨਾਂ ਦੀ ਦੇਖ-ਰੇਖ ਕਰਦੇ ਸਨ:

> ਪੁਨਿ ਦਿਆਲ ਸਿਕਾਰ ਚੜ੍ਹ ਜਾਵੈਂ। ਸਿਖ ਸੂਰਬੀਰ ਸੰਗ ਗੁਰ ਪਾਵੈ।
> ਬਨ ਪਸ ਪੰਖੀ ਖੰਦ ਬਾਸ ਕਰੇ। ਕੋਊ ਨ ਮਾਰਤ ਜੀਵਤ ਬਰੇਂ।
> ਗ੍ਰਹ ਮੋ ਰਾਖ ਪਾਲਨਾ ਹੋਇ। ਖਾਨ ਪਾਨ ਦੁਖ ਹਿਤੇ ਨ ਕੋਇ।
> ਭਏ ਇਕਤ੍ਰ ਕਈ ਲਾਖ ਹਜ਼ਾਰ।। ਪਸ ਪੰਖੀ ਬਾਘ ਬਿਲੀਆਂ ਸਿਆਰ।[67]

ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰੂ ਹਰਗੋਬਿੰਦ ਜੀ ਦੁਆਰਾ ਖੂਹ ਲਗਾਉਣ ਦੇ ਅਧੂਰੇ ਕਾਰਜ ਨੂੰ ਪੂਰਾ ਕਰਵਾਉਂਦਿਆਂ ਡਰੋਲੀ ਵਿਖੇ ਮਾਤਾ ਦਮੋਦਰੀ ਜੀ ਦੀ ਯਾਦ ਵਿਚ ਅੱਧ ਬਣਾਏ ਖੂਹ ਨੂੰ ਪੂਰਾ ਕਰਵਾਇਆ ਸੀ। ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨੂੰ ਲੋਕ-ਭਲਾਈ ਕਾਰਜਾਂ ਦੇ ਨਾਲ ਖੂਹ ਅਤੇ ਤਲਾਅ ਲਗਵਾਉਣ ਲਈ ਵੀ ਪ੍ਰੇਰਿਤ ਕੀਤਾ ਸੀ।

ਗੁਰੂ ਹਰਿਰਾਏ ਜੀ ਦਾ ਵੀ ਮੁੱਖ ਮਨੋਰਥ ਬਾਗ ਲਗਾਉਣੇ, ਪੰਛੀਆਂ ਦੀ ਸਾਂਭ-ਸੰਭਾਲ ਕਰਨਾ ਅਤੇ ਖੂਹ ਲਗਵਾਉਣੇ ਰਿਹਾ ਸੀ। ਇਹ ਕਾਰਜ ਸਮਾਜਿਕ ਪੱਧਰ ਦੇ ਨਾਲ-ਨਾਲ ਮਾਨਸਿਕਤਾ ਨੂੰ ਵੀ ਪ੍ਰਭਾਵਿਤ ਕਰਦੇ ਹਨ। ਮਨੁੱਖ ਦੇ ਅੰਤਰ ਮਨ ਦੀ ਪ੍ਰਗਤੀ ਲਈ ਅਜਿਹੇ ਕਾਰਜ ਕਰਨੇ ਜ਼ਰੂਰੀ ਬਣਦੇ ਹਨ ਤਾਂ ਕਿ ਲੋਕ ਭਲਾਈ ਦੇ ਨਾਲ-ਨਾਲ ਕੁਦਰਤ ਭਲਾਈ ਵੀ ਜੁੜੀ ਰਹੇ।

**ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (1656-64):** ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਗੁਰੂ ਹਰਿਰਾਇ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਵਿਖੇ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਜੀਵਨ ਕਾਲ (ਅੱਠ ਸਾਲਾਂ) ਵਿਚ ਗੁਰਿਆਈ ਕਾਲ ਦੇ ਕੁਝ ਮਹੀਨੇ ਦਿੱਲੀ ਰਾਜਾ ਜੈ

---

[67] ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ-2)*, ਸਾਖੀ/ਪੰਨਾ-2/522.

ਚੰਦ ਦੇ ਸ਼ਾਹੀ ਬੰਗਲੇ ਵਿਚ ਬਿਤਾਏ ਸਨ। ਗੁਰੂ ਜੀ ਨੇ ਦਿੱਲੀ ਜਾਣ ਸਮੇਂ ਰਸਤੇ ਵਿਚ ਪੰਜੋਖਰਾ (ਅੰਬਾਲਾ) ਵਿਖੇ ਇਕ ਤਲਾਅ ਲਗਵਾਇਆ ਸੀ। ਜਿਹੜਾ ਕਿ ਅੱਜ ਵੀ 'ਗੁਰੂ ਸਰ' ਨਾਂ ਨਾਲ ਪ੍ਰਸਿਧ ਹੈ। ਦਿੱਲੀ ਵਿਖੇ ਉਹਨਾਂ ਦਿਨਾਂ ਵਿਚ ਚੇਚਕ ਦਾ ਭਿਆਨਕ ਰੋਗ ਫੈਲ ਚੁੱਕਾ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਇਹ ਸਮਾਂ ਦੁਖੀ ਰੋਗੀਆਂ ਦੀ ਸੇਵਾ ਵਿਚ ਬਿਤਾਇਆ ਸੀ। ਦਿੱਲੀ ਵਿਖੇ ਰਾਜਾ ਜੈ ਚੰਦ ਨੇ ਆਪਣੇ ਬੰਗਲੇ[68] ਅੰਦਰ ਗੁਰੂ ਸਾਹਿਬ ਦੀ ਯਾਦ ਵਿਚ ਖੂਹ ਵਾਲੀ ਥਾਂ ਉਤੇ ਚੁਬੱਚਾ ਬਣਵਾ ਦਿੱਤਾ ਸੀ, ਹੁਣ ਇਸ ਸਥਾਨ ਉੱਤੇ ਸਰੋਵਰ ਬਣ ਚੁਕਾ ਹੈ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਜੀਵਨ ਦੇ ਥੋੜ੍ਹੇ ਸਮੇਂ ਵਿਚ ਲੋਕ ਭਲਾਈ ਦੇ ਅਜਿਹੇ ਕਾਰਜ ਕੀਤੇ, ਜਿਹਨਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਇਹ ਸਰੋਵਰ ਗੁਰੂ ਸਾਹਿਬ ਦੇ ਵਿਸ਼ਾਲ ਮਨ ਦਾ ਪ੍ਰਤੀਕ ਹੈ।

**ਗੁਰੂ ਤੇਗ਼ ਬਹਾਦਰ ਜੀ (1621-1675):** ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਗੁਰੂ ਹਰਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁਖੋਂ ਹੋਇਆ ਸੀ। ਗੁਰੂ ਸਾਹਿਬ ਨੇ ਖੂਹ ਅਤੇ ਬਾਉਲੀਆਂ ਲਗਵਾ ਕੇ ਕੁਦਰਤੀ ਸਰੋਤਾਂ ਨੂੰ ਸੰਭਾਲਣ ਵਿਚ ਅਹਿਮ ਯੋਗਦਾਨ ਪਾਇਆ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਆਸਾਮ ਦੀ ਚਾਰ ਸਾਲ ਦੀ ਯਾਤਰਾ ਦੌਰਾਨ ਥਾਂ-ਥਾਂ ਰੁੱਖ ਅਤੇ ਖੂਹ ਲਗਵਾਏ ਸਨ। ਪਟਨਾ ਵਿਖੇ ਗੁਰੂ ਤੇਗ਼ ਬਹਾਦਰ ਜੀ ਨੇ ਨਵਾਬ ਹਰੀਮ ਬਖ਼ਸ਼ ਅਤੇ ਕਰੀਮ ਬਖਸ਼ ਦੇ ਬਾਗ਼ ਵਿਚ ਆਰਾਮ ਕੀਤਾ, ਇਹ ਬਾਗ਼ ਸੁੱਕ ਚੁੱਕਾ ਸੀ ਪਰ ਗੁਰੂ ਸਾਹਿਬ ਦੇ ਚਰਨ ਪੈਣ ਨਾਲ ਮੁੜ ਹਰਾ ਹੋ ਗਿਆ। ਮਗਰੋਂ ਇਹਨਾਂ ਦੋਵਾਂ ਭਰਾਵਾਂ ਨੇ ਇਹ ਬਾਗ਼ ਗੁਰੂ ਸਾਹਿਬ ਨੂੰ ਭੇਟਾ ਕਰ ਦਿੱਤਾ ਤੇ ਇਸ ਬਾਗ਼ ਨੂੰ 'ਗੁਰੂ ਕਾ ਬਾਗ਼' ਕਿਹਾ ਜਾਂਦਾ ਹੈ।[69] ਪਟਨਾ ਸਾਹਿਬ ਵਾਲੇ ਇਸ ਬਾਗ਼ ਵਿਚ ਸਰੋਵਰ ਵੀ ਹੈ, ਜਿਹੜਾ ਕਿ ਪਹਿਲਾਂ ਖੂਹ ਹੁੰਦਾ ਸੀ ਪਰ ਬਾਅਦ ਵਿਚ ਗੁਰੂ ਸਾਹਿਬ ਦੇ ਕਹਿਣ ਤੇ ਇਹਨਾਂ ਭਰਾਵਾਂ ਨੇ ਇਸ ਖੂਹ ਨੂੰ ਬਾਉਲੀ ਦਾ ਰੂਪ ਦੇ ਦਿੱਤਾ ਸੀ। ਸੰਗਤਾਂ ਇਸ ਬਾਗ਼ ਵਿਚ ਫਲਦਾਰ ਅਤੇ ਛਾਂਦਾਰ ਬੂਟਾ ਲਗਾ ਕੇ ਆਪਣੀ ਮਨੋ-ਕਾਮਨਾ ਦੀ ਪੂਰਤੀ ਲਈ ਅਰਦਾਸ ਕਰਦੀਆਂ ਹਨ। ਇੱਥੇ ਇਕ ਇਮਲੀ ਦਾ ਦਰਖ਼ਤ ਹੈ, ਜਿਸ ਦੀ ਸੰਘਣੀ ਛਾਂ ਥੱਲੇ ਗੁਰੂ ਸਾਹਿਬ ਨੇ

---

68 ਜਿਸ ਥਾਂ ਅਜਕਲ੍ਹ ਬੰਗਲਾ ਸਾਹਿਬ ਗੁਰਦੁਆਰਾ ਸਥਿਤ ਹੈ।

69 ਬਲਦੇਵ ਸਿੰਘ ਕੋਰੇ, *ਸ੍ਰੀ ਪਟਨਾ ਸਾਹਿਬ ਵਿਚਲੇ ਗੁਰਧਾਮ,* ਜਨ ਸਮਾਚਾਰ, ਰੂਪਨਗਰ, 2013, ਪੰਨਾ 19.

ਆਰਾਮ ਕੀਤਾ ਸੀ। ਉਥੇ ਨੇੜੇ ਹੀ ਇਕ ਨਿੰਮ ਦਾ ਦਰਖ਼ਤ ਹੈ ਜਿਹੜਾ ਕਿ ਗੁਰੂ ਸਾਹਿਬ ਜੀ ਦੇ ਦਾਤਣ ਕਰ ਕੇ ਉਸ ਨੂੰ ਜ਼ਮੀਨ ਵਿਚ ਗੱਡਣ ਨਾਲ ਲੱਗਿਆ ਹੋਇਆ ਹੈ।

ਗੁਰੂ ਤੇਗ਼ ਬਹਾਦਰ ਜੀ ਆਪਣੀ ਯਾਤਰਾਵਾਂ ਦੌਰਾਨ ਸੰਗਤਾਂ ਨੂੰ ਖੂਹ, ਬਾਉਲੀਆਂ, ਬਾਗ਼ ਆਦਿ ਲਗਵਾਉਣ ਲਈ ਪ੍ਰੇਰਿਤ ਕਰਦੇ ਸਨ। ਗੁਰੂ ਤੇਗ਼ ਬਹਾਦਰ ਜੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਘੁਕੇ ਵਾਲੀ ਤੋਂ ਦੋ ਕੁ ਫ਼ਰਲਾਂਗ ਦੂਰ ਸਹਿੰਸਰੇ ਵਿਖੇ ਕੁਝ ਦਿਨ ਰੁਕੇ ਸਨ। ਇਥੋਂ ਦੀ ਸੰਗਤ ਨੇ ਗੁਰੂ ਸਾਹਿਬ ਦੀ ਆਗਿਆ ਨਾਲ ਇਕ ਬਾਗ਼ ਲਗਵਾਇਆ ਸੀ। ਇਸ ਨੂੰ ਵੀ 'ਗੁਰੂ ਕਾ ਬਾਗ਼' ਕਿਹਾ ਜਾਂਦਾ ਹੈ।[70]

ਗੁਰੂ ਤੇਗ਼ ਬਹਾਦਰ ਜੀ ਨੇ ਪੂਰਬ ਦੀ ਯਾਤਰਾ ਮਗਰੋਂ ਆਪਣਾ ਟਿਕਾਣਾ ਕੁਦਰਤ ਦੀ ਗੋਦੀ ਵਿਚ ਸਤਲੁਜ ਦੇ ਕੰਢੇ ਸ਼ਿਵਾਲਕ ਦੀਆਂ ਪਹਾੜੀਆਂ ਵਿਚਲੀ ਥਾਂ ਨੂੰ ਬਣਾਇਆ ਸੀ। ਸਾਹਿਬ ਸਿੰਘ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਖੂਹ, ਬਾਉਲੀਆਂ ਅਤੇ ਦਰਖ਼ਤ ਵੀ ਲਗਵਾਏ ਸਨ।[71] ਗੁਰੂ ਤੇਗ਼ ਬਹਾਦਰ ਜੀ ਦੇ ਅਨੰਦਪੁਰ ਵਸਾਉਣ ਨਾਲ ਦੂਰੋਂ-ਦੂਰੋਂ ਤੋਂ ਸੰਗਤਾਂ ਆਉਣ ਲੱਗੀਆਂ ਸਨ। ਸੰਗਤਾਂ ਦੁਆਰਾ ਭੇਟਾ ਕੀਤੀ ਮਾਇਆ ਨਾਲ ਲੋਕ ਭਲਾਈ ਦੇ ਕਾਰਜ ਕੀਤੇ ਜਾਂਦੇ ਸਨ, ਜਿਵੇਂ ਬੇ-ਘਰਾਂ ਲਈ ਘਰ ਬਣਾ ਦਿੱਤੇ ਜਾਂਦੇ ਅਤੇ ਪਾਣੀ ਦੀ ਸਮੱਸਿਆ ਦੂਰ ਕਰਨ ਲਈ ਖੂਹ ਲਗਵਾ ਦਿੰਦੇ ਸਨ:

> ਕੂਪ ਲਗਾਵਹੁ, ਸਦਨ ਬਨਾਵਹੁ।
> ਖਰਚਹੁ ਪੁਰ ਕੇ ਹੇਤ ਬਸਾਵਹੁ।[72]

ਗੁਰੂ ਤੇਗ਼ ਬਹਾਦਰ ਜੀ ਨੇ ਮਾਲਵੇ ਦੀ ਯਾਤਰਾ ਦੌਰਾਨ ਇਲਾਕੇ ਦੇ ਲੋਕਾਂ ਲਈ ਪਾਣੀ ਦੀ ਘਾਟ ਨੂੰ ਮਹਿਸੂਸ ਕਰਦਿਆਂ ਅਨੇਕ ਬੰਦ ਪਏ ਖੂਹ ਚਲਵਾਏ ਅਤੇ ਨਵੇਂ ਵੀ ਲਗਵਾਏ ਸਨ। ਮਾਲਵੇ ਵਿਚ ਮੂਲੋਵਾਲ ਪਿੰਡ ਦੇ ਲੋਕਾਂ ਦੁਆਰਾ ਖਾਰੇ ਪਾਣੀ ਦੀ ਸੱਮਸਿਆ ਨੂੰ ਹਲ ਕਰਨ ਦੀ ਬੇਨਤੀ ਕਰਨ ਤੇ

---

70 ਕਾਨ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 387.

71 ਸਾਹਿਬ ਸਿੰਘ, *ਗੁਰ ਇਤਿਹਾਸ (ਦੂਜੀ ਤੋਂ ਨੌਵੀ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਸੰਸਕਰਣ-ਚੌਥਾ, 2006, ਪੰਨਾ 338.

72 ਸਤਿਬੀਰ ਸਿੰਘ, *ਇਤਿ ਜਿਨਿ ਕਰੀ,* ਨਿਊ ਬੁੱਕ ਕੰਪਨੀ, ਜਲੰਧਰ, 1981, ਪੰਨਾ 70.

ਗੁਰੂ ਸਾਹਿਬ ਨੇ ਇਕ ਬੰਦ ਖੂਹ ਨੂੰ ਰਵਾਂ ਕੀਤਾ। ਇਸ ਖੂਹ ਦਾ ਪਾਣੀ ਵਰਤਣ ਦੀ ਹਦਾਇਤ ਦੇਣ ਦੇ ਨਾਲ ਗੁਰੂ ਸਾਹਿਬ ਨੇ ਵਚਨ ਕੀਤਾ ਸੀ ਕਿ ਇਸ ਖੂਹ ਦਾ ਪਾਣੀ ਮਿੱਠਾ ਹੋਵੇਗਾ, ਇਸ ਖੂਹ ਨੂੰ 'ਗੁਰੂ ਕਾ ਖੂਹ' ਕਿਹਾ ਜਾਂਦਾ ਹੈ। ਗੁਰੂ ਸਾਹਿਬ ਜੀ ਦੇ ਆਦੇਸ਼ ਨਾਲ ਪਿੰਡ ਵਾਸੀਆਂ ਨੇ ਹੋਰ ਨੌਂ ਖੂਹ ਲਗਵਾਏ ਸਨ।[73]

ਸਾਬੋ ਕੀ ਤਲਵੰਡੀ ਵਿਖੇ ਗੁਰੂ ਜੀ ਨੇ 'ਗੁਰੂ ਸਰ' ਸਰੋਵਰ ਦਾ ਟੱਕ ਲਗਵਾਇਆ ਸੀ। ਪ੍ਰੋ. ਕਰਤਾਰ ਸਿੰਘ ਅਨੁਸਾਰ "ਇਸ ਇਲਾਕੇ ਵਿਚ ਪਾਣੀ ਦੀ ਬੜੀ ਥੁੜ ਸੀ, ਜਿਸ ਕਰ ਕੇ ਲੋਕਾਂ ਨੂੰ ਬੜਾ ਔਖਾ ਹੁੰਦਾ ਸੀ। ਗੁਰੂ ਜੀ ਨੇ ਕਈ ਥਾਂਈਂ ਖੂਹ ਤੇ ਤਾਲ ਲਗਵਾਏ ਸਨ। ਇਹਨਾਂ ਸਰਬ ਭਲਾਈ ਦੇ ਕੰਮਾਂ ਵਿਚ ਗੁਰੂ ਜੀ ਆਪ, ਉਹਨਾਂ ਦੇ ਸਾਥੀ ਸਿਖ, ਇਲਾਕੇ ਦੇ ਲੋਕ ਰਲ ਕੇ ਕਾਰਜ ਕਰਦੇ ਸਨ। ਇਹਨਾਂ ਉਪਰ ਜੋ ਨਕਦ ਖ਼ਰਚ ਆਉਂਦਾ ਸੀ, ਉਹ ਸ਼ਰਧਾਲੂਆਂ ਵਲੋਂ ਆਏ ਚੜ੍ਹਾਵੇ ਵਿਚੋਂ ਹੀ ਹੁੰਦਾ ਸੀ।"[74] ਗੁਰੂ ਤੇਗ ਬਹਾਦਰ ਜੀ ਤਲਵੰਡੀ ਠਹਿਰਨ ਉਪਰੰਤ ਬਸ਼ਿਆਣੇ, ਗੋਬਿੰਦਪੁਰ, ਸਿੰਗਰੇੜੀ ਮੂਣਕ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ ਧਮਤਾਨ ਪੁੱਜੇ ਤਾਂ ਉੱਥੋਂ ਦੇ ਚੌਧਰੀ ਦਗੋ ਨੇ ਗੁਰੂ ਸਾਹਿਬ ਅਤੇ ਸੰਗਤਾਂ ਦੀ ਰੱਜ ਕੇ ਸੇਵਾ ਕੀਤੀ। ਸਤਿਗੁਰਾਂ ਨੇ ਦਗੋ ਨੂੰ ਧੰਨ ਦੇ ਕੇ ਖੂਹ ਲਗਾਉਣ ਲਈ ਕਿਹਾ। ਦਗੋ ਨੇ ਸਵਾਰਥੀ ਹੋ ਕੇ ਖੂਹ ਆਪਣੀ ਜ਼ਮੀਨ ਵਿਚ ਲਗਾ ਲਿਆ ਤੇ ਜ਼ਮੀਨ ਵਿਚ ਤੰਬਾਕੂ ਬੀਜ ਲਿਆ ਸੀ। ਜਦੋਂ ਗੁਰੂ ਜੀ ਨੂੰ ਦਗੋ ਦੇ ਇਸ ਕਾਰਨਾਮੇ ਦਾ ਪਤਾ ਲਗਾ ਤਾਂ ਉਹਨਾਂ ਨੂੰ ਦੁੱਖ ਹੋਇਆ ਜਿਸ ਕਾਰਣ ਇਹ ਖੂਹ ਗ਼ਰਕ ਹੋ ਗਿਆ ਪਰ ਇਸ ਖੂਹ ਦੇ ਨਿਸ਼ਾਨ ਅੱਜ ਵੀ ਗੁਰਦੁਆਰਾ ਸਾਹਿਬ ਕੋਲ ਮੌਜੂਦ ਹਨ।[75]

ਗੁਰੂ ਤੇਗ਼ ਬਹਾਦਰ ਜੀ ਦੁਆਰਾ ਕੀਤੀਆਂ ਯਾਤਰਾਵਾਂ ਤੋਂ ਅਨੇਕ ਬਾਗ਼ਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿਹਨਾਂ ਵਿਚ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ 'ਮੋਤੀ ਬਾਗ਼', ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਜ਼ਿਲ੍ਹੇ ਦੇ ਪਿੰਡ ਅਰੋੜਾ ਵਿਚ ਸਥਿਤ 'ਗੁਰੂ ਕਾ ਬਾਗ਼' ਆਦਿ ਅਜਿਹੇ ਬਾਗ਼

---

[73] ਜਸਬੀਰ ਸਿੰਘ ਸਰਨਾ ਅਤੇ ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨਾ 353.

[74] ਕਰਤਾਰ ਸਿੰਘ, *ਸਿਖ ਇਤਿਹਾਸ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 319.

[75] ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 571.

ਹਨ, ਜਿਹਨਾਂ ਵਿਚ ਗੁਰੂ ਸਾਹਿਬ ਨੇ ਆਰਾਮ ਕੀਤਾ ਜਾਂ ਚਰਨ ਪਾਏ ਸਨ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਜ਼ਿਆਦਾਤਰ ਬਾਗ਼ਾਂ ਵਿਚ ਹੀ ਟਿਕਾਣਾ ਕੀਤਾ ਸੀ।

ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਪ੍ਰੰਪਰਾ ਨੂੰ ਕਾਇਮ ਰਖਦਿਆਂ ਨਵੇਂ ਖੂਹ ਲਗਵਾਏ ਅਤੇ ਪੁਰਾਣੇ ਬੰਦ ਹੋ ਚੁੱਕੇ ਖੂਹਾਂ ਨੂੰ ਵੀ ਚਲਾਇਆ ਸੀ। ਗੁਰੂ ਸਾਹਿਬ ਇਕ ਸਥਾਨ ਤੋਂ ਦੂਜੇ ਸਥਾਨ ਜਾਂਦੇ ਹੋਏ, ਪਾਣੀ ਸੰਬੰਧੀ ਸੱਮਸਿਆਵਾਂ ਨੂੰ ਵੀ ਹੱਲ਼ ਕਰਦੇ ਜਾਂਦੇ ਸਨ।

**ਗੁਰੂ ਗੋਬਿੰਦ ਸਿੰਘ ਜੀ (1666-1708):** ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਗੁਰੂ ਤੇਗ਼ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁਖੋਂ ਪਟਨਾ ਸਾਹਿਬ ਵਿਖੇ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਪਹਾੜੀਆਂ ਦੀ ਗੋਦ, ਦਰਿਆਵਾਂ ਅਤੇ ਨਦੀਆਂ ਦੇ ਕੰਢੇ ਬਿਤਾਇਆ ਸੀ। ਗੁਰੂ ਜੀ ਨੇ ਬਚਪਨ 'ਗੰਗਾ' ਦੇ ਕੰਢੇ ਪਟਨਾ ਵਿਚ ਖੇਡਦਿਆਂ ਬਿਤਾਇਆ ਸੀ, ਜਵਾਨੀ ਵੇਲੇ ਸਤਲੁਜ ਦੇ ਕੰਢੇ ਗੁਰੂ ਤੇਗ਼ ਬਹਾਦਰ ਜੀ ਵਲੋਂ ਵਸਾਏ ਨਗਰ 'ਚੱਕ ਮਾਤਾ ਨਾਨਕੀ' ਨੂੰ 'ਅਨੰਦਪੁਰ' ਦਾ ਨਾਂ ਦਿੱਤਾ ਸੀ ਅਤੇ 'ਜਮਨਾ ਨਦੀ' ਦੇ ਕੰਢੇ ਪਹਾੜੀਆਂ ਵਿਚ 'ਪਾਉਂਟਾ ਸਾਹਿਬ' ਨਗਰ ਵਸਾਇਆ। ਅਖੀਰਲੇ ਸਮੇਂ ਗੁਰੂ ਜੀ ਨੇ 'ਗੋਦਾਵਰੀ' ਨਦੀ ਦੇ ਕਿਨਾਰੇ ਰਮਣੀਕ ਸਥਾਨ ਨਾਂਦੇੜ ਸਾਹਿਬ ਨੂੰ ਚੁਣਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਪਾਣੀ ਦੀ ਘਾਟ ਨੂੰ ਦੂਰ ਕਰਨ ਲਈ ਅਨੇਕ ਥਾਂਵਾਂ ਉਤੇ ਬਾਉਲੀਆਂ ਲਗਵਾਈਆਂ ਸਨ। ਇਕ ਵਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਪੰਡਿਤ ਨੇ ਪੁੱਛਿਆ ਕਿ ਪੂਜਾ ਦਾ ਧਨ ਜਾਂ ਭੇਟਾ ਲੈਣਾ ਬ੍ਰਾਹਮਣਾਂ ਦਾ ਹੱਕ ਹੈ ਤੇ ਆਪ ਕਿਉਂ ਲੈਂਦੇ ਹੋ ਤਾਂ ਗੁਰੂ ਜੀ ਨੇ ਕਿਹਾ ਕਿ ਅਸੀਂ ਇਹਨਾਂ ਨਜ਼ਰਾਂ, ਭੇਟਾਂ ਨਾਲ ਗ਼ਰੀਬਾਂ ਨੂੰ ਪਾਲਦੇ ਹਾਂ, ਖੂਹ, ਬਾਉਲੀਆਂ ਲਵਾਉਂਦੇ ਹਾਂ, ਤਾਲ ਪੁਟਵਾਉਂਦੇ ਹਾਂ, ਧਰਮਸ਼ਾਲਾ ਅਤੇ ਧਰਮ ਦੇ ਮੰਦਿਰ ਬਣਾਉਂਦੇ ਹਾਂ।[76] ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਅਨੰਦਗੜ੍ਹ ਵਿਖੇ ਖੂਹ ਲਗਵਾਇਆ, ਜਿਸ ਨੂੰ 'ਗੁਰੂ ਕੀ ਬਾਉਲੀ' ਕਿਹਾ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਿਆਹ ਸਮੇਂ ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿਚ

---

[76] ਵੀਰ ਸਿੰਘ (ਭਾਈ), *ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਸੰਸਕਰਣ-ਚੌਦਵਾਂ, 2012, ਪੰਨਾ 37.

ਲਾਹੌਰ ਸ਼ਹਿਰ ਦੇ ਨਾਂ ਉਤੇ 'ਗੁਰੂ ਕਾ ਲਾਹੌਰ' ਨਗਰ ਵਸਾਇਆ ਸੀ। ਇਸ ਸਥਾਨ ਉਤੇ ਪਾਣੀ ਦੀ ਬਹੁਤ ਘਾਟ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਇਥੋਂ ਦੀ ਸੰਗਤ ਦੁਆਰਾ ਬੇਨਤੀ ਕਰਨ ਤੇ ਤਿੰਨ ਵਾਰ ਕਰਪਾ ਬਰਛਾ ਪਹਾੜੀ ਵਿਚ ਮਾਰ ਕੇ ਪਾਣੀ ਦਾ ਚਸ਼ਮਾ ਵਗਣ ਲਾ ਦਿੱਤਾ ਸੀ। ਇਸ ਸਥਾਨ ਨੂੰ ਕਰਪਾ ਬਾਉਲੀ ਜਾਂ ਤ੍ਰਿਵੇਣੀ ਕਿਹਾ ਜਾਂਦਾ ਹੈ:

ਜਹਾਂ ਨਿਕਾਸਯੋ ਨੀਰ ਕੋ ਤੋਮਰ ਅਨੀ ਪ੍ਰਹਾਰਿ।
ਚਿੰਨ੍ਹਤਿ ਬਲ ਸੋ ਆਜ ਲਗ ਚਲਤਿ ਬਾਰ ਕਛੁ ਧਾਰਿ।[77]

ਜਮਨਾ ਨਦੀ ਦੇ ਕੰਢੇ ਵਾਲਾ ਸਥਾਨ ਅਨੇਕ ਭਾਂਤੀ ਦਰਖ਼ਤਾਂ ਦੀ ਹਰਿਆਵਲ ਨਾਲ ਭਰਪੂਰ, ਬਹੁਤ ਸਾਰੇ ਪਸ਼ੂ-ਪੰਛੀਆਂ ਦਾ ਰਹਿਣ ਵਸੇਰਾ ਸੀ। ਇਸ ਸਥਾਨ ਦੇ ਇਕ ਪਾਸੇ ਜਮਨਾ ਵਹਿੰਦੀ ਹੈ, ਦੂਜੇ ਪਾਸੇ ਉੱਚੀਆਂ ਪਹਾੜੀਆਂ ਅਤੇ ਤੀਜੇ ਪਾਸੇ ਸੰਘਣੇ ਜੰਗਲ ਸਨ। ਗੁਰੂ ਸਾਹਿਬਾਨ ਨੇ ਇਸ ਸਥਾਨ ਤੇ ਡੇਰਾ ਕਰਕੇ 'ਪਾਉਂਟਾ ਸਾਹਿਬ' ਨਗਰ ਵਸਾਇਆ:

ਜਮਨਾ ਪ੍ਰਵਾਹ ਇਕ ਦੂਸਰੇ ਉਤੰਗ ਤਟ ਤੀਸਰੇ ਤਰੁਨਿ ਠਟ ਸੈਲਨ ਕੀ ਸੈਲ ਹੈ।
ਸਬਜ਼ੀ ਸੁਹਾਇ ਬਿਨ ਪੰਕ ਹੈ ਸੁ ਥਾਇ ਸ਼ੁਭ ਦੂਣ ਬਿਸਤਾਰ ਸੋ ਉਦਾਰ ਚਲੈ ਗਲੈ ਹੈ।[78]

ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖੁਦਵਾਏ ਤਲਾਅ 'ਲਿਖਣਸਰ' ਅਤੇ 'ਮਹਲਸਰ' ਪ੍ਰਮੁੱਖ ਹਨ। ਲਿਖਣਸਰ ਤਲਾਅ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕਲਮਾਂ ਘੜ ਕੇ ਸੁੱਟੀਆਂ ਸਨ ਅਤੇ ਇਸ ਸਥਾਨ ਨੂੰ ਵਿੱਦਿਆ ਦੀ ਟਕਸਾਲ ਦਾ ਦਰਜਾ ਦਿਤਾ ਸੀ। ਇੱਥੇ ਹੀ ਗੁਰੂ ਤੇਗ਼ ਬਹਾਦਰ ਜੀ ਵਲੋਂ ਖੁਦਵਾਇਆ ਤਲਾਅ 'ਗੁਰੂ ਸਰ' ਹੈ, ਜਿਸ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਪੁਨਰ ਨਿਰਮਾਣ ਕਰਵਾਇਆ ਸੀ।

ਮਾਲਵੇ ਦੇ ਹੀ ਪਿੰਡ 'ਡੱਲਾ' ਵਿਚ ਗੁਰੂ ਜੀ ਵਲੋਂ ਬਾਉਲੀ ਲਗਵਾਈ ਗਈ ਸੀ। ਖਿਦਰਾਣੇ ਦੀ ਢਾਬ 'ਤੇ 40 ਮੁਕਤਿਆਂ ਦੀ ਯਾਦ ਵਿਚ ਬਣਾਏ ਸਰੋਵਰ ਅਤੇ ਜੰਡ ਦੇ ਦਰਖ਼ਤ ਦਾ ਸੰਬੰਧ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੈ। ਲੁਧਿਆਣੇ ਜ਼ਿਲ੍ਹੇ ਵਿਚ ਸਾਹਨੇਵਾਲ ਨੇੜੇ ਪਿੰਡ ਡੱਬੀ ਵਿਚ ਵੀ

---

[77] *ਸ੍ਰੀ ਗੁਰਪ੍ਰਤਾਪ ਸੂਰਜ ਪ੍ਰਕਾਸ਼ (ਜਿਲਦ ਨੌਵੀ),* ਰੁੱਤ/ਅਧਿਅਇ/ਪੰਨਾ-1/47/327.

[78] ਉਹੀ, ਰੁੱਤ/ਅਧਿਅਇ/ਪੰਨਾ-1/46/319.

ਗੁਰੂ ਗੋਬਿੰਦ ਸਿੰਘ ਜੀ ਨੇ ਪਾਣੀ ਦੀ ਘਾਟ ਨੂੰ ਮਹਿਸੂਸ ਕਰਦੇ ਹੋਏ ਇਕ ਖੂਹ ਲਗਵਾਇਆ ਸੀ। ਇਸੇ ਤਰ੍ਹਾਂ ਆਲਮਗੀਰ ਵਿਖੇ ਵੀ ਗੁਰੂ ਸਾਹਿਬ ਜੀ ਵਲੋਂ ਖੂਹ ਲਗਵਾਇਆ ਗਿਆ ਸੀ।

ਗੁਰੂ ਗੋਬਿੰਦ ਸਿੰਘ ਦੇ ਸਮੇਂ ਜਿੱਥੇ ਸਿਖ ਗੁਰੂ ਜੀ ਨੂੰ ਹਥਿਆਰ, ਮਾਇਆ ਅਤੇ ਆਪਣੀਆਂ ਜਵਾਨੀਆਂ ਅਰਪਣ ਕਰਦੇ ਸਨ, ਉੱਥੇ ਤੋਹਫ਼ੇ ਦੇ ਰੂਪ ਵਿਚ ਰੁੱਖ ਵੀ ਭੇਟਾ ਕਰਦੇ ਸਨ। ਇਕ ਵਾਰ ਇਕ ਮਾਲੀ ਗੁਰੂ ਜੀ ਨੂੰ ਅੰਬ ਦਾ ਬੂਟਾ ਤੋਹਫ਼ੇ ਦੇ ਰੂਪ ਵਿਚ ਲੈ ਕੇ ਆਇਆ। ਮਾਲੀ ਨੇ ਦਸਿਆ ਕਿ ਉਸ ਨੇ ਇਕ ਬਾਗ਼ ਲਗਾਇਆ ਸੀ, ਜਿਸ ਦੀ ਸਫਲਤਾ ਲਈ ਬਾਗ਼ ਵਿਚ ਉੱਗਿਆ ਪਹਿਲਾ ਬੂਟਾ ਗੁਰੂ ਸਾਹਿਬ ਅੱਗੇ ਭੇਟ ਕਰਨ ਦੀ ਅਰਦਾਸ ਕੀਤੀ ਸੀ। ਮਾਲੀ ਨੇ ਬੂਟਾ ਲਿਆ ਕੇ ਗੁਰੂ ਸਾਹਿਬ ਅੱਗੇ ਭੇਟਾ ਕੀਤਾ ਅਤੇ ਬੂਟਾ ਲਗਾਉਣ ਲਈ ਥਾਂ ਦੀ ਚੋਣ ਕਰਨ ਵਾਸਤੇ ਬੇਨਤੀ ਕੀਤੀ। ਗੁਰੂ ਸਾਹਿਬ ਨੇ ਭੱਥੇ ਵਿਚੋਂ ਇਕ ਤੀਰ ਕੱਢ ਕੇ ਦੂਰ ਮਾਰਿਆ ਤੇ ਕਿਹਾ ਕਿ ਜਿਸ ਥਾਂ ਇਹ ਤੀਰ ਗਿਰੇਗਾ ਉਸ ਥਾਂ ਇਸ ਬੂਟੇ ਨੂੰ ਲਗਾਇਆ ਜਾਵੇ।[79]

ਅਨੰਦਪੁਰ ਸਾਹਿਬ ਵਿਖੇ ਵੀ ਗੁਰੂ ਸਾਹਿਬ ਨੇ ਬਾਗ਼ ਲਗਵਾਇਆ ਸੀ ਜਿਸ ਨੂੰ 'ਗੁਰੂ ਕਾ ਬਾਗ਼' ਕਿਹਾ ਜਾਂਦਾ ਹੈ। ਰੂਪਨਗਰ ਜ਼ਿਲ੍ਹੇ ਦੀਆਂ ਸ਼ਿਵਾਲਕ ਪਹਾੜੀਆਂ ਵਿਚ ਬਸਾਲੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਗਾਏ ਛੱਲ ਦੇ ਰੁਖ ਅੱਜ ਵੀ ਖੜੇ ਹਨ। ਬਹੁਤੇ ਰੁੱਖ ਹੋਣ ਕਾਰਨ ਇਸੇ ਸਥਾਨ ਉਤੇ ਗੁਰਦੁਆਰਾ 'ਝਿੜੀ ਸਾਹਿਬ' ਸਥਾਪਿਤ ਹੈ। ਪਟਨਾ ਸਾਹਿਬ ਵਿਖੇ ਗੁਰਦੁਆਰਾ ਮੈਣੀ ਸੰਗਤ ਵਿਚ ਕਰੌਂਦੇ ਦਾ ਬੂਟਾ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਬੂਟਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਲਗਾਇਆ ਗਿਆ ਸੀ।[80] ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਘਰਸ਼ਮਈ ਜੀਵਨ ਵਿਚ ਵੀ ਖੂਹ ਲਗਵਾਉਣ, ਤਲਾਅ ਲਗਾਉਣ ਅਤੇ ਬਾਗ਼ ਲਗਾਉਣ ਦਾ ਕਾਰਜ ਜਾਰੀ ਰਖਿਆ ਸੀ।

ਸਾਰ ਰੂਪ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰ ਇਤਿਹਾਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਗੁਰੂ ਸਾਹਿਬਾਨ ਨੇ ਕੁਦਰਤ ਵਿਚੋਂ ਪਰਮਾਤਮਾ ਦੇ ਸਾਖਸ਼ਾਤ ਰੂਪ ਨੂੰ ਅਧਿਆਤਮਕ ਅਨੁਭਵ ਰਾਹੀਂ ਜਾਣਿਆ ਹੋਇਆ ਸੀ। ਇਸ ਅੰਤਰੀਵੀ ਅਨੁਭਵ ਸਦਕਾ ਹੀ ਗੁਰੂ ਸਾਹਿਬਾਨ ਨੇ ਵਿਹਾਰਕ

---

79 ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ (ਭਾਗ ਤੀਜਾ)*, ਪੰਨਾ 397.

80 ਗੁਰਬਚਨ ਸਿੰਘ ਨਈਅਰ ਅਤੇ ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ: ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ੍ਹ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ XXIII.

ਪੱਧਰ ਤੇ ਮਨੁੱਖਤਾ ਨੂੰ ਕੁਦਰਤੀਂ ਸਰੋਤਾਂ ਪ੍ਰਤੀ ਸੁਚੇਤ ਕੀਤਾ ਹੈ। ਸੋ ਗੁਰੂ ਸਾਹਿਬਾਨ ਨੇ ਚੁਗਿਰਦੇ ਵਿਚਲੀਆਂ ਵਸਤੂਆਂ ਨੂੰ ਕੇਵਲ ਰੂਪਕ, ਦ੍ਰਿਸ਼ਟਾਂਤ ਅਤੇ ਉਪਮਾ ਦੇ ਤੌਰ ਤੇ ਹੀ ਨਹੀਂ ਵਰਤਿਆ ਸਗੋਂ ਇਹਨਾਂ ਦੀ ਸੰਭਾਲ ਲਈ ਕਾਰਜ ਵੀ ਕੀਤੇ ਸਨ। ਭਾਵੇਂ ਕਿ ਗੁਰੂ ਸਾਹਿਬਾਨ ਦੇ ਸਮੇਂ ਵਿਚ ਅਜੋਕੇ ਸਮੇਂ ਵਾਂਗ ਕੁਦਰਤ ਦੀ ਕੋਈ ਦੁਸ਼ਵਾਰੀ ਨਹੀਂ ਸੀ ਹੋਈ, ਪਰ ਫਿਰ ਵੀ ਉਹ ਚੁਗਿਰਦੇ ਦੀ ਸੰਭਾਲ ਪ੍ਰਤੀ ਸੁਚੇਤ ਸਨ। ਬਨਸਪਤੀ ਅਤੇ ਪਾਣੀ ਦੋ ਅਜਿਹੇ ਮੁੱਖ ਸਰੋਤ ਹਨ ਜੋ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਹਨਾਂ ਤੋਂ ਬਿਨਾਂ ਧਰਤੀ ਉਤੇ ਜੀਵਨ ਅਸੰਭਵ ਹੈ ਇਸ ਲਈ ਗੁਰੂ ਸਾਹਿਬਾਨ ਵਲੋਂ ਇਹਨਾਂ ਦੋਵਾਂ ਸਰੋਤਾਂ ਵਲ਼ ਖ਼ਾਸ ਧਿਆਨ ਦਿੱਤਾ ਗਿਆ ਸੀ। ਗੁਰੂ ਸਾਹਿਬਾਨ ਵਲੋਂ ਪਾਣੀ ਦੀ ਸੰਭਾਲ਼ ਲਈ ਸਰੋਵਰ ਜਾਂ ਬਾਉਲੀਆਂ ਬਣਵਾਏ ਗਏ ਸਨ। ਬਨਸਪਤੀ ਦੀ ਸੰਭਾਲ ਲਈ ਰੁੱਖ-ਬੂਟੇ ਅਤੇ ਬਾਗ਼ ਲਗਵਾਏ ਸਨ। ਪਸ਼ੂ-ਪੰਛੀਆਂ ਦੇ ਰਹਿਣ ਲਈ ਰੱਖਾਂ ਦਾ ਉਚਿੱਤ ਪ੍ਰਬੰਧ ਕੀਤਾ ਗਿਆ ਸੀ। ਉਹਨਾਂ ਦੁਆਰਾ ਵਸਾਏ ਨਗਰ ਕੁਦਰਤ ਪ੍ਰਤੀ ਪਿਆਰ ਅਤੇ ਸਤਿਕਾਰ ਨੂੰ ਉਜਾਗਰ ਕਰਦੇ ਹਨ ਜਿਹੜੇ ਕਿ ਸਿਖ ਕੌਮ ਲਈ ਪ੍ਰੇਰਣਾਮਈ ਹਨ। ਗੁਰੂ ਸਾਹਿਬਾਨ ਨਾਲ ਸੰਬੰਧਿਤ ਇਹ ਸਭ ਨਗਰ, ਸਰੋਵਰ ਅਤੇ ਬਉਲੀਆਂ ਸਮੁੱਚੀ ਸਿਖ ਕੌਮ ਲਈ ਸਤਿਕਾਰਯੋਗ ਹਨ।

**ਅਧਿਆਇ - ਚੌਥਾ**

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੁਗਿਰਦਾ ਬੋਧ: ਵਿਹਾਰਕ ਪਰਿਪੇਖ

## (ਸਮਕਾਲੀ ਸਿਖ ਸੰਸਥਾਵਾਂ ਦੇ ਪ੍ਰਸੰਗ ਵਿਚ)

ਕੁਦਰਤ ਅਤੇ ਮਨੁੱਖ ਦਾ ਰਿਸ਼ਤਾ ਮੁਢੋਂ ਹੈ। ਕੁਦਰਤ ਵਿਚ ਪ੍ਰਾਪਤ ਪੰਜ ਤੱਤ ਮਨੁੱਖੀ ਜੀਵਨ ਦਾ ਆਧਾਰ ਹਨ, ਜਿਹੜੇ ਕਿ ਅਗੰਮੀ ਕ੍ਰਿਤ ਹਨ ਅਤੇ ਇਹਨਾਂ ਦਾ ਕੋਈ ਬਦਲ ਨਹੀਂ ਹੈ। ਇਸ ਲਈ ਇਹਨਾਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਮਨੁੱਖ ਦੀ ਬਣਦੀ ਹੈ। ਕੁਦਰਤ ਪ੍ਰਤੀ ਬਣਦੀ ਇਸ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਗੁਰੂ ਸਾਹਿਬਾਨ ਨੇ ਬਾਗ਼, ਖੂਹ, ਬਾਉਲੀਆਂ, ਸਰੋਵਰ ਆਦਿ ਲਗਵਾਏ ਸਨ। ਗੁਰੂ ਸਾਹਿਬਾਨ ਦੁਆਰਾ ਕੀਤੇ ਜਤਨਾਂ ਦਾ ਮੁੱਖ ਪ੍ਰਯੋਜਨ ਜਿਥੇ ਮਨੁੱਖ ਨੂੰ ਕੁਦਰਤ ਰਾਹੀਂ ਕਾਦਰ ਨਾਲ ਜੋੜਨਾ ਸੀ ਤਾਂ ਦੂਜੇ ਪਾਸੇ ਕੁਦਰਤ ਦੀ ਸੰਭਾਲ ਕਰਨਾ ਵੀ ਸੀ। ਜਿਸ ਕਾਰਨ ਗੁਰੂ ਸਾਹਿਬਾਨ ਹਮੇਸ਼ਾ ਚੁਗਿਰਦਾ ਸੰਭਾਲ ਪ੍ਰਤੀ ਪ੍ਰਯਤਨਸ਼ੀਲ ਰਹੇ ਹਨ।

ਗੁਰੂ ਸਾਹਿਬਾਨ ਦੁਆਰਾ ਚੁਗਿਰਦਾ ਸੰਭਾਲ ਦੀ ਪਾਈ ਇਸ ਪਿਰਤ ਨੂੰ ਸਮਕਾਲ ਵਿਚ ਸਿਖ-ਸੰਗਤ ਨੇ ਸੰਗਠਨ, ਕਮੇਟੀਆਂ, ਜਥੇਬੰਦੀਆਂ ਬਣਾ ਕੇ ਕਾਇਮ ਰੱਖਣ ਦਾ ਯਤਨ ਕੀਤਾ ਹੈ। ਗੁਰੂ ਘਰਾਂ ਵਿਚ ਪਾਣੀ ਅਤੇ ਹਰਿਆਵਲ ਦਾ ਸੁਮੇਲ ਅੱਜ ਵੀ ਮਿਲਦਾ ਹੈ ਅਤੇ ਕਈ ਸੰਸਥਾਵਾਂ ਗੁਰਬਾਣੀ ਦੀ ਓਟ ਵਿਚ ਬੂਟੇ ਲਗਾਉਣ ਅਤੇ ਪਾਣੀ ਦੀ ਸੰਭਾਲ ਦਾ ਸੰਦੇਸ਼ ਦੇ ਰਹੀਆਂ ਹਨ। ਸਿਖ ਇਤਿਹਾਸ ਵਿਚ ਕਈ ਅਜਿਹੇ ਪ੍ਰਸੰਗ ਵੀ ਮਿਲਦੇ ਹਨ ਜੋ ਸਿਖਾਂ ਦੇ ਕੁਦਰਤ ਪ੍ਰਤੀ ਪ੍ਰੇਮ ਦੇ ਸੰਦੇਸ਼ ਨੂੰ ਉਘਾੜਦੇ ਹਨ। ਸਿਖ ਇਤਿਹਾਸ ਅਨੁਸਾਰ ਇਕ ਵਾਰ ਮਾਤਾ ਗੰਗਾ ਜੀ ਸੰਗਤਾਂ ਨੂੰ ਨਾਲ ਲੈ ਕੇ ਰੱਥ ਉਤੇ ਸਵਾਰ ਹੋ ਕੇ ਬਾਬਾ ਬੁੱਢਾ ਜੀ ਨੂੰ ਮਿਲਣ ਬੀੜ ਵਿਚ ਗਏ ਤਦ ਮਾਤਾ ਗੰਗਾ ਜੀ ਨਾਲ ਆਏ ਰੱਥਾਂ ਦੇ ਹੋਏ ਖੜਕੇ ਨਾਲ ਪਸ਼ੂ-ਪੰਛੀ ਡਰ ਗਏ ਸਨ। ਬਾਬਾ ਬੁੱਢਾ ਜੀ ਨੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਮਾਤਾ ਜੀ ਤੁਹਾਡੇ ਇਸ ਤਰ੍ਹਾਂ ਆਉਣ ਨਾਲ ਸਭ ਪਸ਼ੂ-ਪੰਛੀ ਡਰ ਕੇ ਉਰਾਂ-ਪਰਾਂ ਹੋ ਗਏ ਹਨ। ਬਾਬਾ ਬੁੱਢਾ ਜੀ ਦੁਆਰਾ ਇਹਨਾਂ ਜੀਵ-ਜੰਤੂਆਂ ਦੀ ਫ਼ਿਕਰ ਕਰਨ ਨੂੰ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਬਾਬਾ ਬੁੱਢਾ ਜੀ ਦਾ ਚੁਗਿਰਦੇ ਪ੍ਰਤੀ ਪਿਆਰ ਦਸਦੇ ਹਨ ਤੇ ਲਿਖਦੇ ਹਨ ਕਿ "ਇਸ ਨਾਲ ਬਾਬਾ ਜੀ ਦਾ ਪਸ਼ੂ-ਪੰਛੀਆਂ ਪ੍ਰਤੀ ਪਿਆਰ ਵੀ ਦਿਸ ਆਇਆ। ਜਿਸ ਪ੍ਰਯਾਵਰਨ

(ਵਾਤਾਵਰਨ) ਨੂੰ ਕਾਇਮ ਰੱਖਣ ਤੇ ਅੱਜ ਇਤਨਾ ਜ਼ੋਰ ਦਿਤਾ ਜਾ ਰਿਹਾ ਹੈ ਬਾਬਾ ਜੀ ਉਸ ਸਵੱਛਤਾ ਦੀ ਕਾਇਮੀ ਦੀ ਹੀ ਗੱਲ ਕਰ ਰਹੇ ਸਨ।"[1] ਸਿਖ ਇਤਿਹਾਸ ਵਿਚ ਮਿਲਦੇ ਅਜਿਹੇ ਕਈ ਪ੍ਰਸੰਗ ਸਿਖਾਂ ਲਈ ਪ੍ਰੇਰਣਾਮਈ ਬਣਦੇ ਹਨ।

ਸਮਕਾਲ ਵਿਚ ਸਿਖ ਸੰਗਤਾਂ ਨੇ ਸਿਖ ਇਤਿਹਾਸ ਵਿਚੋਂ ਅਗਵਾਈ ਪ੍ਰਾਪਤ ਕਰ ਕੇ ਚੁਗਿਰਦਾ ਸੰਭਾਲ ਸੰਬੰਧੀ ਕਈ ਸੰਸਥਾਵਾਂ (ਸੰਗਠਨ, ਸੁਸਾਇਟੀਆਂ, ਕਮੇਟੀਆਂ, ਜਥੇਬੰਦੀਆਂ ਆਦਿ) ਦਾ ਗਠਨ ਕੀਤਾ ਹੈ। ਜਿਹਨਾਂ ਦਾ ਮੁੱਖ ਕਾਰਜ ਬੂਟੇ ਲਗਾਉਣੇ, ਪਾਣੀ ਦੀ ਸੰਭਾਲ ਕਰਨਾ ਅਤੇ ਕੁਦਰਤ ਪ੍ਰਤੀ ਜਾਗਰੂਕ ਕਰਨਾ ਹੈ। ਭਾਵੇਂ ਕਿ ਇਹਨਾਂ ਸਿਖ ਸੰਸਥਾਵਾਂ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਹੈ ਪਰ ਇਸ ਅਧਿਆਇ ਵਿਚ ਇਹਨਾਂ ਦੁਆਰਾ ਵਾਤਾਵਰਨ ਸੰਬੰਧੀ ਕੀਤੇ ਕਾਰਜਾਂ ਨੂੰ ਹੀ ਲਿਆ ਗਿਆ ਹੈ। ਚੁਗਿਰਦਾ ਸੰਭਾਲ ਪ੍ਰਤੀ ਕਾਰਜ ਕਰ ਰਹੀਆ ਸੰਸਥਾਵਾਂ ਵਿਚੋਂ ਪ੍ਰਮੁਖ ਪੰਜ ਸੰਸਥਾਵਾਂ/ਸੰਗਠਨਾਂ ਨੂੰ ਹੀ ਲਿਆ ਗਿਆ ਹੈ, ਜਿਹਨਾਂ ਦੇ ਕਾਰਜ ਵਿਸ਼ਵ ਪੱਧਰ ਉੱਤੇ ਮਾਣ ਮੱਤੇ ਹਨ।

### 1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਸਿਖ ਸੰਸਥਾਵਾਂ ਵਿਚ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਸਿਖਾਂ ਦੀ ਕੇਂਦਰੀ ਅਤੇ ਸਿਰਮੌਰ ਧਾਰਮਿਕ ਸੰਸਥਾ ਹੈ। ਇਹ ਸੰਸਥਾ ਸਿਖ ਧਰਮ ਨਾਲ ਸੰਬੰਧਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਵਿਚ ਹਮੇਸ਼ਾ ਸੁਚੇਤ ਅਤੇ ਸਰਗਰਮ ਭੂਮਿਕਾ ਅਦਾ ਕਰਦੀ ਰਹੀ ਹੈ। ਅਜੋਕੇ ਸਮੇਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਾਤਾਵਰਨ ਸੰਭਾਲ਼ ਸੰਬੰਧੀ ਵੀ ਕਾਰਜ ਕੀਤੇ ਜਾ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਚੁਗਿਰਦੇ ਦੀ ਸੰਭਾਲ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਪਛਾਣਦੇ ਹੋਏ, ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ (14 ਮਾਰਚ ) ਨੂੰ 'ਵਾਤਾਵਰਨ ਦਿਵਸ' ਵਜੋਂ ਮਨਾਉਣ ਲਈ 25 ਮਾਰਚ 2013 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ।[2] ਇਸ ਦਿਨ ਨੂੰ ਮੁੱਖ ਰਖਦਿਆਂ ਗੁਰੂ ਘਰਾਂ ਅੰਦਰ ਕੁਦਰਤ ਨਾਲ

---

[1] ਸਤਿਬੀਰ ਸਿੰਘ, *ਕਥਾ ਪੁਰਾਤਨ ਇਉਂ ਸੁਣੀ,* ਨਿਊ ਬੁੱਕ ਕੰਪਨੀ, ਜਲੰਧਰ, 1997, ਸੰਸਕਰਣ-ਦੂਜਾ, ਪੰਨੇ 22-23.

[2] ਅੰਤਿਕਾ ਨੰ: 1.

ਸੰਬੰਧਿਤ ਸ਼ਬਦਾਂ ਦਾ ਗਾਇਣ ਕਰਨ ਦੇ ਨਾਲ-ਨਾਲ ਸੰਗਤਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਵੀ ਕੀਤਾ ਜਾਂਦਾ ਹੈ ਅਤੇ ਵਾਤਾਵਰਨ ਦੀ ਸੰਭਾਲ ਪ੍ਰਤੀ ਜਾਗਰੂਕ ਕਰਨ ਲਈ ਕਥਾ ਵਿਚਾਰਾਂ ਵੀ ਕਰਵਾਈਆਂ ਜਾਂਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੱਖ-ਵੱਖ ਗੁਰਦੁਆਰਾ ਸਾਹਿਬ, ਸਕੂਲਾਂ, ਕਾਲਜਾਂ ਅਤੇ ਇਲਾਕਿਆਂ ਵਿਚ ਕਰਵਾਏ ਜਾਂਦੇ ਪ੍ਰੋਗਰਾਮਾਂ ਦੌਰਾਨ ਬੂਟਿਆਂ ਨੂੰ 'ਪ੍ਰਸ਼ਾਦ' ਦੇ ਰੂਪ ਵਿਚ ਵੰਡਿਆ ਜਾ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਬੂਟਿਆਂ ਅਤੇ ਬੱਚੀਆਂ ਦੀ ਸੰਭਾਲ ਲਈ 14 ਸਤੰਬਰ 2009 ਨੂੰ ਪੰਜਾਬ ਸਰਕਾਰ ਨਾਲ ਸਮਝੌਤਾ ਕਰ ਕੇ 'ਨੰਨ੍ਹੀ ਛਾਂ' ਪ੍ਰੋਗਰਾਮ ਅਧੀਨ ਚੁਗਿਰਦਾ ਸੰਭਾਲ ਸਕੀਮ ਚਲਾਈ ਗਈ ਹੈ। ਜਿਸ ਦਾ ਮੁੱਖ ਮਕਸਦ ਇਕ ਪਾਸੇ ਭਰੂਣ ਹੱਤਿਆ ਰੋਕਣਾ ਤੇ ਦੂਜੇ ਪਾਸੇ ਸਿਖ ਧਰਮ ਦਾ ਆਸਰਾ ਲੈ ਕੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰ ਕੇ ਬੂਟੇ ਲਗਾਉਣਾ ਹੈ। ਵੱਧ ਤੋਂ ਵੱਧ ਬੂਟੇ ਪੈਦਾ ਕਰਨ ਲਈ ਪੰਜ ਗੁਰਦੁਆਰਾ ਸਾਹਿਬ ਵਿਚ ਨਰਸਰੀਆਂ ਸਥਾਪਿਤ ਕੀਤੀਆਂ ਗਈਆਂ ਹਨ। ਜਿਹਨਾਂ ਵਿਚ ਉਗਾਏ ਬੂਟਿਆਂ ਨੂੰ ਅਲੱਗ-ਅਲੱਗ ਸਥਾਨਾਂ ਤੇ ਪ੍ਰੋਗਰਾਮਾਂ ਦੌਰਾਨ ਪ੍ਰਸ਼ਾਦ ਦੇ ਤੌਰ ਤੇ ਵੰਡਿਆ ਜਾਂਦਾ ਹੈ। ਇਹਨਾਂ ਨਰਸਰੀਆਂ ਦਾ ਜ਼ਿਕਰ ਇਸ ਤਰ੍ਹਾਂ ਹੈ:

1. ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ)
2. ਦਰਬਾਰ ਸਾਹਿਬ (ਅੰਮ੍ਰਿਤਸਰ)
3. ਗੁਰਦੁਆਰਾ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਬਠਿੰਡਾ)
4. ਗੁਰਦੁਆਰਾ ਫ਼ਤਿਹਗੜ੍ਹ ਸਾਹਿਬ (ਫ਼ਤਿਹਗੜ੍ਹ ਸਾਹਿਬ)
5. ਗੁਰਦੁਆਰਾ ਮੰਜੀ ਸਾਹਿਬ, ਪਾ: ਦਸਵੀਂ (ਆਲਮਗੀਰ)

ਇਹਨਾਂ ਪੰਜ ਗੁਰਦੁਆਰਾ ਸਾਹਿਬ ਵਿਖੇ ਨਰਸਰੀਆਂ ਸਥਾਪਿਤ ਕਰਨ ਲਈ ਪੰਜ-ਪੰਜ ਏਕੜ ਜ਼ਮੀਨ ਅਤੇ ਪਾਣੀ, ਬਿਨਾਂ ਕਿਸੇ ਲਾਗਤ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮੁਹੱਈਆ ਕਰਵਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਦੁਆਰਾ ਭੇਜੇ ਵਣ ਵਿਭਾਗ ਦੇ ਨੁਮਾਇੰਦੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਭੇਜੇ ਨੁਮਾਇੰਦੇ ਨਾਲ ਚੁਗਿਰਦੇ ਦੀ ਸੰਭਾਲ ਨੂੰ ਲੈ ਕੇ 'ਨੰਨ੍ਹੀ ਛਾਂ'

ਸਕੀਮ ਤਹਿਤ 14 ਸਤੰਬਰ 2009 ਨੂੰ ਕੁਝ ਸਮਝੌਤੇ ਕੀਤੇ ਗਏ ਸਨ।[3] ਜਿਹਨਾਂ ਦਾ ਮੁੱਖ ਮਨੋਰਥ ਪੰਜਾਬ ਦੇ ਵਾਤਾਵਰਨ ਨੂੰ ਹਰਾ-ਭਰਾ ਬਣਾਉਣਾ ਅਤੇ ਸਮਾਜ ਨੂੰ ਉੱਚਾ ਚੁਕਣਾ ਹੈ:

1. ਵਣ ਵਿਭਾਗ, ਪੰਜਾਬ ਨੰਨ੍ਹੀ ਛਾਂ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਬੂਟੇ ਤਿਆਰ ਕਰਨ ਲਈ ਅਨੰਦਪੁਰ ਸਾਹਿਬ, ਅੰਮ੍ਰਿਤਸਰ, ਤਲਵੰਡੀ ਸਾਬੋ ਅਤੇ ਫ਼ਤਿਹਗੜ੍ਹ ਸਾਹਿਬ ਵਿਖੇ ਨਰਸਰੀਆਂ ਸਥਾਪਿਤ ਕਰੇਗਾ। ਹਰ ਨਰਸਰੀ ਦੀ ਪ੍ਰਤੀ ਸਾਲ ਪੰਜ ਲੱਖ ਬੂਟੇ ਪੈਦਾ ਕਰਨ ਦੀ ਸਮਰੱਥਾ ਹੋਵੇਗੀ।
2. ਇਹਨਾਂ ਨਰਸਰੀਆਂ ਲਈ ਪਾਣੀ ਅਤੇ ਜ਼ਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੰਜਾਬ ਸਰਕਾਰ ਨੂੰ ਤਿੰਨ ਸਾਲਾਂ ਲਈ ਬਿਨਾਂ ਕਿਸੇ ਚਾਰਜ ਤੋਂ ਮੁਹੱਈਆ ਕਰਵਾਈ ਜਾਵੇਗੀ।
3. ਇਹਨਾਂ ਨਰਸਰੀਆਂ ਵਿਚ ਤਿਆਰ ਕੀਤੇ ਜਾਣ ਵਾਲੇ ਪੌਦਿਆਂ ਦੀ ਕਿਸਮ ਅਤੇ ਗਿਣਤੀ ਵਣ ਵਿਭਾਗ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸਾਲ ਆਪਸੀ ਸਹਿਮਤੀ ਨਾਲ ਤੈਅ ਕਰਨਗੇ।
4. ਇਹਨਾਂ ਨਰਸਰੀਆਂ ਵਿਚ ਤਿਆਰ ਕੀਤੇ ਜਾਣ ਵਾਲੇ ਪੌਦਿਆਂ ਦੀ ਕੀਮਤ ਬਿਨਾਂ ਕਿਸੇ ਲਾਭ ਅਤੇ ਹਾਨੀ ਦੀ ਲਾਗਤ ਨਾਲ ਤੈਅ ਕੀਤੀ ਜਾਵੇਗੀ।

ਨੰਨ੍ਹੀ ਛਾਂ ਪ੍ਰੋਗਰਾਮ ਅਧੀਨ ਹੋਏ ਇਹਨਾਂ ਸਮਝੌਤਿਆਂ ਅਨੁਸਾਰ ਕਈ ਕਿਸਮਾਂ ਦੇ ਪੌਦੇ ਤਿਆਰ ਕੀਤੇ ਜਾਂਦੇ ਹਨ, ਜਿਹਨਾਂ ਵਿਚ ਅਰਜਨ, ਤੁਣ, ਨਿੰਮ, ਡੇਕ, ਅੰਬ, ਜਾਮਣ, ਢੇਹੂ, ਕਚਨਾਰ, ਸੁਹੰਜਣਾ, ਸ਼ਹਿਤੂਤ, ਅਮਰੂਦ, ਬਿਲ, ਬੇਰੀ, ਕਦੰਮ, ਪੁਤਰਨਜੀਵਾ, ਲੈਜਰਸਟਰੋਮੀਆ, ਸਿਲਵਰ ਓਕ, ਜਰਕੰਡਾ, ਅਨਾਰ, ਕਟਹਲ, ਹਿਬਿਸਕਸ, ਚਾਂਦਨੀ, ਮਹਿੰਦੀ, ਕਵਾਰ, ਰਾਤ ਦੀ ਰਾਣੀ, ਸਦਾ ਬਹਾਰ, ਗੁਲਾਬ, ਤੁਲਸੀ, ਬੋਗਨਵੇਲ ਆਦਿ ਪ੍ਰਮੁੱਖ ਹਨ। ਇਹਨਾਂ ਨਰਸਰੀਆਂ ਵਿਚ ਤਿਆਰ ਕੀਤੇ ਜਾਣ ਵਾਲੇ ਪੌਦਿਆਂ ਦੀ ਕਿਸਮ ਅਤੇ ਗਿਣਤੀ ਵਣ ਵਿਭਾਗ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸੰਗਠਿਤ ਕਮੇਟੀ ਕਰਦੀ ਹੈ।

---

[3] ਅੰਤਿਕਾ ਨੰ: 2.

10 ਦਸੰਬਰ 2016 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 2019 ਈ. ਵਿਚ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ 'ਵਾਤਾਵਰਨ ਸ਼ੁੱਧਤਾ ਲਹਿਰ' ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ।[4] ਇਸ ਸੰਬੰਧ ਵਿਚ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਵਾਤਾਵਰਨ ਕਮੇਟੀ ਬਣਾਈ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਂ-ਸਮੇਂ ਉਤੇ ਸੰਗਤਾਂ ਨੂੰ ਚੁਗਿਰਦੇ ਪ੍ਰਤੀ ਸੁਚੇਤ ਕਰਨ ਵਿਚ ਅਹਿਮ ਯੋਗਦਾਨ ਪਾ ਰਹੀ ਹੈ।

**2. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ), ਅੰਮ੍ਰਿਤਸਰ**

ਪਿੰਗਲਵਾੜਾ ਸੰਸਥਾ ਦੇ ਉਸਰੱਈਏ ਭਗਤ ਪੂਰਨ ਸਿੰਘ ਜੀ ਸਨ। ਭਗਤ ਪੂਰਨ ਸਿੰਘ ਜੀ ਨੇ ਦੁਨੀਆ ਤੋਂ ਦੁਰਕਾਰੇ ਮਨੁੱਖਾਂ ਨੂੰ ਗਲ ਨਾਲ ਲਗਾਇਆ। ਉਹਨਾਂ ਨੇ ਅਪੰਗ ਬੱਚੇ ਪਿਆਰਾ ਸਿੰਘ ਅਤੇ 1947 ਈ. ਦੀ ਵੰਡ ਵਿਚ ਹੋਏ ਲਾਵਾਰਸ, ਅਪਾਹਜ, ਰੋਗੀਆਂ ਆਦਿ ਦੀ ਸੰਭਾਲ ਦੀ ਜ਼ਿੰਮੇਵਾਰੀ ਦੇ ਅਹਿਸਾਸ ਨਾਲ ਅੰਮ੍ਰਿਤਸਰ ਵਿਚ ਪਿੰਗਲਵਾੜਾ ਸੰਸਥਾ ਦੀ ਨੀਂਹ ਰੱਖੀ ਸੀ।

ਭਗਤ ਪੂਰਨ ਸਿੰਘ ਜੀ ਨੇ ਕੁਦਰਤ ਪ੍ਰਤੀ ਪ੍ਰੇਮ ਭਾਵਨਾ ਅਤੇ ਸੇਵਾ ਦੀ ਜਾਚ ਆਪਣੀ ਮਾਤਾ ਮਹਿਤਾਬ ਕੌਰ ਕੋਲੋਂ ਸਿੱਖੀ ਸੀ। ਮਾਤਾ ਮਹਿਤਾਬ ਕੌਰ, ਕੀੜੀਆਂ ਅਤੇ ਪੰਛੀਆਂ ਨੂੰ ਤਿਲ-ਚੌਲ਼ੀ ਅਤੇ ਆਟਾ ਪਾਉਂਦੀ, ਸਾਰਾ ਦਿਨ ਪਿੰਡ ਦੇ ਖੂਹ ਉਤੇ ਪਾਣੀ ਭਰਦੀ ਰਹਿੰਦੀ, ਆਏ ਗਏ ਮੁਸਾਫ਼ਰਾਂ ਜਾਂ ਪਿਆਸੇ ਪਸ਼ੂਆਂ ਨੂੰ ਪਾਣੀ ਪਿਆਉਂਦੀ, ਰਸਤੇ ਸਾਫ਼ ਕਰਦੀ, ਬੂਟੇ ਲਗਾਉਂਦੀ ਅਤੇ ਲੋੜਵੰਦ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ। ਹਰੀਸ਼ ਢਿੱਲੋਂ ਮਾਤਾ ਮਹਿਤਾਬ ਕੌਰ ਬਾਰੇ ਲਿਖਦੇ ਹਨ ਕਿ "ਉਸ ਦੀ ਦੁਨੀਆ ਸੀਮਤ ਨਹੀਂ ਸੀ। ਸਮੂਹ ਜੀਵ ਜੰਤੂ ਉਸ ਦਾ ਹਿੱਸਾ ਸਨ। ਮਨੁੱਖਾਂ ਅਤੇ ਪਸ਼ੂਆਂ ਤੋਂ ਇਲਾਵਾ ਉਹ ਆਪਣੇ ਚੌਗਿਰਦੇ ਦੀ ਸੰਭਾਲ ਅਤੇ ਉਸ ਦੇ ਵਿਕਾਸ ਲਈ ਵੀ ਯਤਨ ਕਰਦੀ ਸੀ। ਉਹ ਪਿੰਡ ਦੇ ਲੋਕਾਂ ਨੂੰ ਆਪਣੇ ਘਰਾਂ ਅਤੇ ਚੌਗਿਰਦੇ ਨੂੰ ਸਾਫ਼ ਰੱਖਣ ਅਤੇ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਦੀ।"[5] ਅਜਿਹੇ ਸੇਵਾ ਦੇ ਕਾਰਜ ਮਹਿਤਾਬ ਕੌਰ ਆਪਣੇ ਪੁੱਤਰ ਰਾਮ ਜੀ ਦਾਸ (ਭਗਤ ਪੂਰਨ ਸਿੰਘ) ਕੋਲੋਂ ਵੀ ਕਰਵਾਉਂਦੀ। ਭਗਤ ਪੂਰਨ ਸਿੰਘ ਜੀ ਲਿਖਦੇ ਹਨ ਕਿ ਜਦੋਂ ਉਹਨਾਂ ਦਾ ਜਨਮ ਹੋਇਆ ਤਾਂ ਉਹਨਾਂ ਦੇ ਬਾਪੂ ਸ਼ਿਬੂ ਮੱਲ ਨੇ ਪਿੰਡ ਵਿਚ ਇਕ ਤਲਾਅ ਲਵਾਇਆ ਸੀ ਅਤੇ ਮਾਂ ਨੇ ਦੋ

---

4 ਅਜੀਤ, ਜਿ. 2, ਅੰਕ 343, 12 ਦਸੰਬਰ 2016,

5 ਹਰੀਸ਼ ਢਿੱਲੋਂ, *ਨਿਥਾਵਿਆਂ ਦਾ ਥਾਂਵ: ਭਗਤ ਪੂਰਨ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 13.

ਤ੍ਰਿਵੇਣੀਆਂ ਅਤੇ ਤਿੰਨ ਪਿਪਲ ਦੇ ਰੁੱਖ ਲਾਏ ਸਨ। ਤ੍ਰਿਵੇਣੀ ਵਿਚ ਪਿਪਲ, ਬਰੋਟਾ ਅਤੇ ਨਿੰਮ ਦੇ ਦਰਖ਼ਤ ਸ਼ਾਮਿਲ ਹੁੰਦੇ ਹਨ। ਇਕ ਵਾਰ ਭਗਤ ਪੂਰਨ ਸਿੰਘ ਜੀ ਨੇ ਮਾਂ ਨੂੰ ਰੁੱਖ ਲਗਾਉਣ ਦਾ ਕਾਰਨ ਪੁਛਿਆ ਤਾਂ ਮਾਤਾ ਨੇ ਕਿਹਾ ਪੁੱਤਰ ਦਰਖ਼ਤ ਸਾਡੇ ਮਿੱਤਰ ਹੁੰਦੇ ਹਨ। ਜੋ ਹਰ ਵੇਲੇ ਸਾਡੀਆਂ ਸੁੱਖਾਂ ਸੁੱਖਦੇ ਹਨ, ਸਾਡੇ ਦੁੱਖ-ਸੁੱਖ ਵੇਲੇ ਸਾਡੇ ਕੰਮ ਆਉਂਦੇ ਹਨ। ਕੋਈ ਵੀ ਆਦਮੀ ਬੂਟੇ ਲਾਉਣ ਤੋਂ ਬਿਨਾਂ ਚੰਗਾ ਮਨੁੱਖ ਨਹੀਂ ਬਣ ਸਕਦਾ।[6]

ਭਗਤ ਪੂਰਨ ਸਿੰਘ ਨੂੰ ਚੁਗਿਰਦੇ ਵਿਚਲੇ ਪ੍ਰਦੂਸ਼ਿਤ ਹੋ ਰਹੇ ਹਵਾ, ਪਾਣੀ ਅਤੇ ਧਰਤੀ ਆਦਿ ਕੁਦਰਤੀ ਤੱਤ ਹਮੇਸ਼ਾ ਰੋ ਰਹੇ ਪ੍ਰਤੀਤ ਹੁੰਦੇ ਸਨ। ਉਹਨਾਂ ਨੇ ਸਾਰੀ ਉਮਰ ਮਨੁੱਖਤਾ ਨੂੰ ਇਹਨਾਂ ਤੱਤਾਂ ਦੀ ਅਹਿਮੀਅਤ ਬਾਰੇ ਜਾਗਰੂਕ ਕਰਨ ਦੀ ਸੇਵਾ ਨਿਭਾਈ। ਸ੍ਰੀ ਓਮ ਪ੍ਰਕਾਸ਼ ਗਾਸੋ ਅਨੁਸਾਰ "ਮਾਨਸਿਕ ਸਾਦਗੀ ਵਾਲਾ ਸੁਖਾਲਾ ਸਭਿਆਚਾਰ ਭਗਤ ਜੀ ਦੇ ਦਾਰਸ਼ਨਿਕ ਤੱਤ ਦਾ ਪ੍ਰਤੀਨਿਧ ਅੰਗ ਸੀ। ਇਸ ਸਿਲਸਿਲੇ ਅਧੀਨ ਭਗਤ ਜੀ ਦਾ ਸਭਿਆਚਾਰਕ ਵਿਸ਼ਵਾਸ ਆਉਂਦਾ ਹੈ। ਭਾਰਤੀ ਪਰੰਪਰਾ ਅਧੀਨ, ਦਰਖ਼ਤਾਂ, ਤ੍ਰਿਵੈਣੀਆਂ, ਪਸ਼ੂ-ਪੰਛੀਆਂ, ਪਾਣੀ, ਹਵਾ, ਧਰਤੀ, ਪਹਾੜਾਂ, ਨਦੀਆਂ, ਰਾਹਾਂ, ਵਿਸ਼ਵਾਸ, ਵਿਵਹਾਰ, ਵਿੱਦਿਆ ਅਤੇ ਗਿਆਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਉਹ ਸਾਰੀ ਉਮਰ ਪ੍ਰਯਤਨਸ਼ੀਲ ਰਹੇ ਹਨ।[7] ਪ੍ਰਦੂਸ਼ਣ ਦੀ ਸਮੱਸਿਆ ਉਤੇ ਕਾਬੂ ਪਾਉਣ ਲਈ ਭਗਤ ਪੂਰਨ ਸਿੰਘ ਹਰ ਮਨੁੱਖ ਨੂੰ ਆਪਣੀ ਜ਼ਿੰਦਗੀ ਵਿਚ ਪੰਜ ਰੁੱਖ ਲਗਾਉਣ ਲਈ ਕਹਿੰਦੇ ਸਨ। ਭਗਤ ਪੂਰਨ ਸਿੰਘ ਜੀ ਆਪਣੀਆਂ ਲਿਖਤਾਂ ਵਿਚ ਲਿਖਦੇ ਹਨ ਕਿ ਭਾਰਤ ਵਿਚ ਇਕ ਕਰੋੜ ਤੀਹ ਲੱਖ ਹੈਕਟੇਅਰ ਦੇ ਹਿਸਾਬ ਨਾਲ ਹਰ ਸਾਲ ਜੰਗਲ ਵੱਢੇ ਜਾ ਰਹੇ ਹਨ, ਪਰ ਰੁੱਖ ਲਾਉਂਦਾ ਕੋਈ ਨਹੀਂ। ਇਸ ਹਿਸਾਬ ਨਾਲ ਭਾਰਤ ਦੇ ਸਾਰੇ ਜੰਗਲ ਵੀਹ ਸਾਲਾਂ ਵਿਚ ਸਮਾਪਤ ਹੋ ਜਾਣਗੇ। ਭਾਰਤ ਦੀ ਧਰਤੀ ਰੇਤਾ ਹੋ ਜਾਵੇਗੀ, ਹਵਾ ਦੀਆਂ ਹਨੇਰੀਆਂ ਸਾਨੂੰ ਅੰਨ੍ਹੇ ਕਰਨਗੀਆਂ ਅਤੇ ਮਕਾਨਾਂ ਨੂੰ ਰੇਤੇ ਨਾਲ ਕੱਜਣਾ

---

[6] ਨਰਿੰਦਰ ਸਿੰਘ ਸੋਚ, *ਮਾਤਾ ਮਹਿਤਾਬ ਕੌਰ ਤੇ ਭਗਤ ਪੂਰਨ ਸਿੰਘ*, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ), ਅੰਮ੍ਰਿਤਸਰ, 2009, ਪੰਨਾ 65.

[7] ਓਮ ਪ੍ਰਕਾਸ਼ ਗਾਸੋ, *ਦਰਵੇਸ਼ ਦੀ ਫ਼ਕੀਰੀ*, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ), ਅੰਮ੍ਰਿਤਸਰ, 2003, ਪੰਨਾ 42.

ਅਰੰਭ ਕਰ ਦੇਣਗੀਆਂ।[8]

ਤੰਦਰੁਸਤ ਸਮਾਜ ਦੀ ਜੜ੍ਹ ਸ਼ੁੱਧ ਵਾਤਾਵਰਨ ਹੁੰਦਾ ਹੈ। ਇਸੇ ਕਰ ਕੇ ਭਗਤ ਪੂਰਨ ਸਿੰਘ ਕਹਿੰਦੇ ਸਨ ਕਿ 'ਮੈਨੂੰ ਪਿੰਗਲਵਾੜੇ ਤੋਂ ਵੀ ਵੱਧ ਫ਼ਿਕਰ ਵਾਤਾਵਰਨ ਦਾ ਹੈ'। ਅਜੋਕੇ ਪਦਾਰਥਵਾਦੀ ਯੁਗ ਵਿਚ ਮਨੁੱਖੀ ਲਾਲਸਾਵਾਂ ਵਧਣ ਕਾਰਨ ਵਾਤਾਵਰਨ ਦੀ ਸਥਿਤੀ ਵਿਚ ਨਿਘਾਰ ਆਇਆ ਹੈ। ਉਹਨਾਂ ਅਨੁਸਾਰ ਜੇਕਰ ਜੀਵਨ ਦਾ ਆਧਾਰ ਕੁਦਰਤੀ ਤੱਤ ਹੀ ਪ੍ਰਦੂਸ਼ਿਤ ਹੋ ਜਾਣ ਤਾਂ ਇਸ ਨਾਲ ਮਾਨਸਿਕਤਾ ਉਤੇ ਵੀ ਅਸਰ ਪੈਂਦਾ ਹੈ। ਪਦਾਰਥਕ ਦੌੜ ਕਾਰਨ ਕੁਦਰਤ ਦਾ ਤਵਾਜ਼ਨ ਵਿਗੜ ਰਿਹਾ ਹੈ। ਵਾਤਾਵਰਨ ਵਿਚ ਹੋ ਰਹੀ ਮਨੁੱਖ ਦੀ ਅਜਿਹੀ ਦਖ਼ਲ ਅੰਦਾਜ਼ੀ ਨੂੰ ਭਗਤ ਪੂਰਨ ਸਿੰਘ ਬਿਲਕੁਲ ਵੀ ਪਸੰਦ ਨਹੀਂ ਕਰਦੇ ਸਨ। ਭਗਤ ਪੂਰਨ ਸਿੰਘ ਜੀ 'ਸਾਦਾ ਜੀਵਨ ਅਤੇ ਉੱਚ ਵਿਚਾਰਾਂ' ਦੇ ਜੀਵਨ ਨੂੰ ਪਹਿਲ ਦਿੰਦੇ ਸਨ। ਉਹ ਵਧਦੀ ਆਬਾਦੀ ਅਤੇ ਮਨੁੱਖ ਦੀ ਐਸ਼ ਪ੍ਰਸਤੀ ਦੇ ਜੀਵਨ ਨੂੰ ਪ੍ਰਦੂਸ਼ਣ ਦਾ ਮੁੱਖ ਕਾਰਨ ਮੰਨਦੇ ਸਨ। ਇਸ ਲਈ ਭਗਤ ਜੀ ਹਮੇਸ਼ਾ ਸੰਜਮੀ ਜੀਵਨ ਬਤੀਤ ਕਰਨ ਲਈ ਕਹਿੰਦੇ ਸਨ। ਮਨੁੱਖਤਾ ਨੂੰ ਸਮਝਾਉਂਦੇ ਭਗਤ ਜੀ ਲਿਖਦੇ ਹਨ ਕਿ 'ਦੁਨੀਆ ਦੇ ਬੰਦਿਓ! ਪ੍ਰਾਣੀ ਮਾਤਰ ਦੀ ਹੋਂਦ ਨੂੰ ਕਾਇਮ ਰੱਖਣ ਵਾਲੇ ਧਰਤੀ, ਪਾਣੀ ਤੇ ਹਵਾ ਤਿੰਨ ਪਦਾਰਥਾਂ ਨੂੰ ਤਬਾਹ ਕਰ ਕੇ ਤੁਸੀਂ ਆਪਣੀ ਮੌਤ ਦੇ ਵਰੰਟਾਂ ਦੇ ਦਸਤਖ਼ਤ ਕਰ ਰਹੇ ਹੋ'।[9] ਭਗਤ ਪੂਰਨ ਸਿੰਘ ਵਾਤਾਵਰਨ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਕਹਿੰਦੇ ਸਨ, ਕਿਉਂਕਿ ਰੁੱਖ ਧਰਤੀ ਦੀ ਸੁਰੱਖਿਆ ਕਵਚ ਦਾ ਕਾਰਜ ਕਰਦੇ ਹਨ।

ਭਗਤ ਪੂਰਨ ਸਿੰਘ ਜੀ ਨੇ 40-50 ਸਾਲ ਪਹਿਲਾਂ ਹੀ ਫ਼ਰਿਜਾਂ, ਏ.ਸੀ ਆਦਿ ਦੀ ਵਰਤੋਂ ਨਾਲ ਓਜ਼ੋਨ ਪਰਤ ਵਿਚ ਪੈ ਰਹੇ ਵਿਗਾੜ ਬਾਰੇ ਜਾਣੂ ਕਰਵਾ ਦਿੱਤਾ ਸੀ। ਭਗਤ ਪੂਰਨ ਸਿੰਘ ਜੀ ਦੀਆਂ ਸੇਵਾਵਾਂ ਨੂੰ ਮੱਦੇ ਨਜ਼ਰ ਰੱਖ ਕੇ ਉਹਨਾਂ ਨੂੰ ਪਦਮ ਸ੍ਰੀ ਨਾਲ ਨਿਵਾਜਿਆ ਗਿਆ ਸੀ ਪਰ ਉਹਨਾਂ ਨੇ 'ਨੀਲਾ ਤਾਰਾ ਘੱਲੂਘਾਰੇ' ਦੇ ਰੋਸ ਵਜੋਂ ਇਸ ਐਵਾਰਡ ਨੂੰ ਵਾਪਸ ਕਰ ਦਿੱਤਾ ਸੀ ਅਤੇ ਕਿਹਾ ਕਿ ਮੈਂ ਉਪਾਧੀਆਂ, ਪੁਰਸਕਾਰਾਂ ਆਦਿ ਵਿਚ ਵਿਸ਼ਵਾਸ ਨਹੀਂ ਰੱਖਦਾ।

---

8 ਭਗਤ ਪੂਰਨ ਸਿੰਘ, *ਪਵਣੁ ਗੁਰੂ ਪਾਣੀ ਪਿਤਾ*, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ), ਅੰਮ੍ਰਿਤਸਰ, ਮਿਤੀਹੀਨ, ਪੰਨਾ 29.

9 ਉਹੀ, ਪੰਨਾ 31.

ਭਗਤ ਪੂਰਨ ਸਿੰਘ ਜੀ ਚੁਗਿਰਦੇ ਦੀ ਸੰਭਾਲ ਸੰਬੰਧੀ ਅਨੇਕ ਪੈਂਫਲਿਟ ਜਾਂ ਕਿਤਾਬਚੇ ਲਿਖ-ਲਿਖ ਕੇ ਵੰਡਦੇ ਸਨ ਅਤੇ ਹੋਰ ਵਿਦਵਾਨਾਂ ਦੇ ਮਿਲਦੇ ਵਿਚਾਰਾਂ ਨੂੰ ਇਕੱਠਾ ਕਰ ਕੇ ਕਿਤਾਬਾਂ ਜਾਂ ਕਿਤਾਬਚਿਆਂ ਦੇ ਰੂਪ ਵਿਚ ਮੁਫ਼ਤ ਵੰਡਦੇ ਸਨ। ਭਗਤ ਜੀ ਦੁਆਰਾ ਧਰਤੀ ਨੂੰ ਮਾਰੂਥਲ ਬਣਨ ਤੋਂ ਬਚਾਉਣ ਲਈ ਦਿੱਤੀ ਚੇਤਾਵਨੀ ਪਿੰਗਲਵਾੜਾ ਸੰਸਥਾ ਦੁਆਰਾ ਛਪਵਾਈਆਂ ਜਾਂਦੀਆਂ ਕਿਤਾਬਾਂ ਅਤੇ ਕੰਧਾਂ ਉਤੇ ਲਿਖਵਾਈ ਜਾਂਦੀ ਹੈ।

ਭਗਤ ਜੀ ਦੇ 1992 ਈ. ਵਿਚ ਹੋਏ ਅਕਾਲ ਚਲਾਣੇ ਮਗਰੋਂ ਵੀ ਪਿੰਗਲਵਾੜਾ ਸੰਸਥਾ ਇਸ ਕਾਰਜ ਵਿਚ ਅਹਿਮ ਭੂਮਿਕਾ ਅਦਾ ਕਰ ਰਹੀ ਹੈ। ਭਗਤ ਪੂਰਨ ਸਿੰਘ ਦੇ ਨਿਮਨ ਲਿਖਤ ਉਪਦੇਸ਼ ਪਿੰਗਲਵਾੜਾ ਸੰਸਥਾ ਵਲੋਂ ਹਰ ਕਿਤਾਬ ਵਿਚ ਛਪਵਾਏ ਜਾਂਦੇ ਹਨ ਤਾਂ ਕਿ ਲੋਕ ਵਾਤਾਵਰਨ ਪ੍ਰਤੀ ਜਾਗਰੂਕ ਹੋ ਸਕਣ।

1. ਕੁਦਰਤੀ ਸੋਮਿਆਂ ਦੀ ਰੱਖਿਆ ਕਰੋ।
2. ਸਾਦਾ ਜੀਵਨ ਬਤੀਤ ਕਰੋ।
3. ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ।
4. ਖਾਦੀ ਦਾ ਕੱਪੜਾ ਪਹਿਨ ਕੇ ਬੇ-ਰੋਜ਼ਗਾਰੀ ਨੂੰ ਘਟਾਉਣ ਵਿਚ ਮਦਦ ਕਰੋ।
5. ਸਾਦਾ ਖਾਣਾ, ਸਾਦਾ ਪਾਉਣਾ ਅਤੇ ਸਾਦਗੀ ਵਿਚ ਰਹਿਣ ਦਾ ਅਨੰਦ ਹੀ ਵੱਖਰਾ ਹੈ।
6. ਡੀਜ਼ਲ ਅਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ।
7. ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮੀ ਜੀਵਨ ਬਤੀਤ ਕਰੋ।
8. ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ।
9. ਬਰਸਾਤ ਦੇ ਮੌਸਮ ਵਿਚ ਹਰ ਇਕ ਪ੍ਰਾਣੀ ਘੱਟੋ-ਘੱਟ ਇਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
10. ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।

ਵਰਤਮਾਨ ਸਮੇਂ ਵਿਚ ਪਿੰਗਲਵਾੜਾ ਸੰਸਥਾ ਵਲੋਂ ਭਗਤ ਪੂਰਨ ਸਿੰਘ ਦਾ ਜਨਮ ਦਿਨ 4 ਜੂਨ ਨੂੰ

‘ਵਾਤਾਵਰਨ ਸੰਭਾਲ ਦਿਵਸ’ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਅਤੇ ਬਰਸੀ ਦੇ ਦਿਨ ਸਰਬ ਸਾਂਝੀਆਂ ਥਾਵਾਂ ਉਤੇ ਬੂਟੇ ਲਗਾਏ ਜਾਂਦੇ ਹਨ। ਪਿੰਗਲਵਾੜਾ ਸੰਸਥਾ ਵਲੋਂ ਬੂਟਿਆਂ ਨੂੰ ਉਗਾਉਣ ਦੇ ਪ੍ਰਬੰਧ ਨੂੰ ਲੈ ਕੇ ਨਰਸਰੀਆਂ ਲਗਾਈਆਂ ਗਈਆਂ ਹਨ। ਨਰਸਰੀਆਂ ਸਥਾਪਿਤ ਕਰਨ ਤੋਂ ਪਹਿਲਾਂ ਪਿੰਗਲਵਾੜਾ ਸੰਸਥਾ ਜੰਗਲਾਤ ਵਿਭਾਗ ਜਾਂ ਨਰਸਰੀਆਂ ਤੋਂ ਮੁੱਲ ਬੂਟੇ ਖ਼ਰੀਦ ਕੇ ਵੰਡਦੀ ਸੀ। ਪਰ 2001-02 ਵਿਚ ਸ੍ਰੀ ਸੁੰਦਰ ਲਾਲ ਬਹੁਗੁਣਾ ਦੇ ਉੱਦਮ ਅਤੇ ਪ੍ਰੇਰਨਾ ਨਾਲ ਪਿੰਗਲਵਾੜਾ ਸੰਸਥਾ ਦੇ ਅਧੀਨ ਹੀ ਬੂਟੇ ਤਿਆਰ ਕਰਨ ਲਈ ਇਕ ਨਰਸਰੀ ਸਥਾਪਿਤ ਕੀਤੀ ਗਈ ਹੈ। ਇਸ ਨਰਸਰੀ ਵਿਚ ਤਿਆਰ ਕੀਤੇ ਬੂਟੇ ਵੱਖ-ਵੱਖ ਕਾਲਜਾਂ, ਸਕੂਲਾਂ ਵਿਚ ਵੰਡੇ ਜਾਂਦੇ ਹਨ। 2003 ਤੋਂ ਬਾਅਦ ਲਗਾਤਾਰ ਹੁਣ ਤਕ ਪਿੰਗਲਵਾੜਾ ਸੰਸਥਾ ਦੁਆਰਾ ਕਾਲਜਾਂ, ਸਕੂਲਾਂ, ਸਮਸ਼ਾਨ-ਘਾਟਾਂ, ਹਸਪਤਾਲ ਆਦਿ ਜਨਤਕ ਥਾਵਾਂ ਉਤੇ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਗਈ ਹੈ। ਇਹਨਾਂ ਬੂਟਿਆਂ ਵਿਚ ਲਗਪਗ 54 ਕਿਸਮਾਂ ਦੇ ਫ਼ਲਦਾਰ ਅਤੇ ਫੁੱਲਦਾਰ ਬੂਟੇ ਲਗਾਏ ਜਾਂਦੇ ਹਨ। ਪਿੰਗਲਵਾੜਾ ਸੰਸਥਾ ਵਲੋਂ ਭਗਤ ਪੂਰਨ ਸਿੰਘ ਦੇ ਕੁਦਰਤੀ ਖੇਤੀ ਸੰਬੰਧੀ ਵਿਚਾਰਾਂ ਨੂੰ ਵੱਡੇ ਪੱਧਰ ’ਤੇ ਉਜਾਗਰ ਕੀਤਾ ਗਿਆ ਹੈ। ਇਸੇ ਤਹਿਤ ਪਿੰਗਲਵਾੜਾ ਸੰਸਥਾ ਵਲੋਂ ਮਾਨਾਂਵਾਲਾ ਕੰਪਲੈਕਸ (ਅੰਮ੍ਰਿਤਸਰ) ਵਿਚ ਕੁਦਰਤੀ ਖੇਤੀ ਕੀਤੀ ਜਾ ਰਹੀ ਹੈ ਅਤੇ ਨਾਲ ਹੀ ਸਮੇਂ-ਸਮੇਂ ਉਤੇ ਇਸ ਸੰਬੰਧੀ ਕਾਨਫ਼ਰੰਸਾਂ, ਸੈਮੀਨਾਰ ਅਤੇ ਵਰਕਸ਼ਾਪ ਆਦਿ ਵੀ ਲਗਾਈਆਂ ਜਾ ਰਹੀਆਂ ਹਨ:

1. 4 ਅਗਸਤ 1996 ਨੂੰ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਉਤੇ ਕਾਬੂ ਪਾਉਣ ਦੇ ਲਈ ਇਕ ਵਿਚਾਰ ਗੋਸ਼ਟੀ ਕਰਵਾਈ, ਜਿਸ ਵਿਚ ਵਾਤਾਵਰਨ ਪ੍ਰੇਮੀ ਵਿਦਵਾਨਾਂ ਨੇ ਭਾਗ ਲਿਆ ਸੀ।
2. ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬਰਾਂਚ ਵਲੋਂ 2006 ਵਿਚ ਕੁਦਰਤੀ ਖੇਤੀ ਸੰਬੰਧੀ ਦੋ ਦਿਨਾਂ ਵਰਕਸ਼ਾਪ ਲਗਵਾਈ ਗਈ ਸੀ। ਇਸ ਲੜੀ ਵਿਚ ਕੁਦਰਤੀ ਖੇਤੀ ਵਿਰਾਸਤ ਮਿਸ਼ਨ ਦੇ ਸਹਿਯੋਗ ਨਾਲ 2007 ਵਿਚ 4 ਤੋਂ 7 ਜਨਵਰੀ ਤਕ ਕੁਦਰਤੀ ਖੇਤੀ ਉਤੇ ਇਕ ਹੋਰ ਵਰਕਸ਼ਾਪ ਲਗਾਈ ਗਈ ਜਿਸ ਵਿਚ ਅਨੇਕ ਰਾਜਾਂ ਤੋਂ ਖੇਤੀ ਮਾਹਿਰਾਂ ਨੇ ਭਾਗ ਲਿਆ।

3. ਪਿੰਗਲਵਾੜਾ ਸੰਸਥਾ ਵਲੋਂ 6 ਜੁਲਾਈ 2008 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਾਤਾਵਰਨ ਦੀ ਸੰਭਾਲ ਸੰਬੰਧੀ ਸੈਮੀਨਾਰ ਕਰਵਾਇਆ ਗਿਆ।
4. 4,5 ਅਗਸਤ 2008 ਈ. ਵਿਚ ਹੀ Ecological Challenge And Social Responsibilities ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ ।
5. 2010 ਈ. ਵਿਚ ਪਿੰਗਲਵਾੜਾ ਸੰਸਥਾ ਵਲੋਂ ਨਰਸਰੀ ਵਿਚ ਉਗਾਏ ਵੱਖ-ਵੱਖ ਕਿਸਮ ਦੇ 60000 ਹਜ਼ਾਰ ਦੇ ਕਰੀਬ ਬੂਟੇ ਲਗਾਏ ਅਤੇ 20000 ਹਜ਼ਾਰ ਦੇ ਕਰੀਬ ਵੰਡੇ ਗਏ ਸਨ।
6. 16 ਤੋਂ 18 ਜੂਨ 2010 ਈ. ਤਕ ਕੁਦਰਤੀ ਖੇਤੀ ਕਰਨ ਦੇ ਢੰਗ ਨੂੰ ਉੱਨਤ ਕਰਨ ਲਈ ਤਿੰਨ ਦਿਨਾਂ ਕਾਰਜਸ਼ਾਲਾ ਲਗਾਈ ਗਈ ਸੀ।

ਪਿੰਗਲਵਾੜਾ ਸੰਸਥਾ ਵਲੋਂ ਚੁਗਿਰਦੇ ਸੰਭਾਲ ਸੰਬੰਧੀ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਛਪਾਈਆਂ, ਛੋਟੀਆਂ-ਵੱਡੀਆਂ ਪੁਸਤਕਾਂ ਵਿਚੋਂ ਕੁਝ ਖ਼ਾਸ ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ:

**ਪੰਜਾਬੀ**:

1. ਕੁਦਰਤੀ ਖੇਤੀ ਕਿਵੇਂ ਕਰੀਏ?
2. ਪਵਣੁ ਗੁਰੂ ਪਾਣੀ ਪਿਤਾ
3. ਹਰ ਪ੍ਰਾਣੀ ਦਾ ਬੁਨਿਆਦੀ ਅਧਿਕਾਰ ਹੈ ਪਾਣੀ
4. ਰੁੱਖ
5. ਪ੍ਰਦੂਸ਼ਣ ਵਿਸ਼ਵ ਦੀ ਹੋਂਦ ਨੂੰ ਖ਼ਤਰਾ
6. ਸਾਵਧਾਨ ਖੁਰ ਰਹੀ ਹੈ ਜ਼ਿੰਦਗੀ
7. ਜਾਨਵਰ ਸਾਡੇ ਭਰਾ
8. ਮਨੁੱਖੀ ਸਿਹਤ ਤੇ ਵਾਤਾਵਰਨ ਲਈ ਘਾਤਕ ਹੋਣਗੀਆਂ ਬੀ.ਟੀ. ਫ਼ਸਲਾਂ
9. ਪਹਿਲਾ ਪਾਣੀ ਜੀਓ ਹੈ
10. ਵਾਤਾਵਰਨ ਤੇ ਪ੍ਰਦੂਸ਼ਣ
11. ਸਫਲਿਓ ਬਿਰਖ ਹਰੀਆਵਲਾ

12. ਪਰਾਲੀ ਸੜਨ ਨਾਲ ਕੀ ਕੁਝ ਸੜਦੇ

13. ਹਰੇ ਇਨਕਲਾਬ ਦੇ ਭਿਆਨਕ ਸਿੱਟੇ

14. ਗਊ ਕ੍ਰਿਸਾਨੀ ਜੀਵਨ ਦਾ ਮਹੱਤਵਪੂਰਨ ਅੰਗ

15. ਵਧ ਰਹੀ ਆਬਾਦੀ ਅਤੇ ਜੰਗਲਾਂ ਦੀ ਵਢਾਈ

16. ਕੁਦਰਤ ਦੀ ਲੁੱਟ

**ਅੰਗਰੇਜ਼ੀ:**

1. Man Made Ecological Crisis
2. The Speaking Tree
3. Fire in the Heart fire Wood on the Back
4. Prices Cleaner Environment
5. Pawan Guru Pani Pita
6. Protector of Environment
7. Save Himalaya Soil, Water and Pure Air
8. Environment Protection the Way of Peace, Happiness And Contentment
9. Killers in the Air
10. Plant or Perish
11. Give Mother Earth a Chance for Survival
12. Environment concerns Trees
13. Ecological-Leave the Wilderness alone
14. Not Motor Car But Bicycle
15. Man against Nature
16. Environment Heath impact with Special Reference of Cancer

ਹਿੰਦੀ:

1. पानी की बदहाली
2. विकास और पर्यावरण
3. गंगा माता की महिमा
4. पेड़-पौधे लगाओ पर्यावरण बचाओ
5. पर्यावरण सुरक्षा: हम कया कर रहे हैं
6. कटते जंगल-रेती धरती
7. प्रकृति के बिना असंवभ है अस्तित्त्व
8. पानी क्यों गया पाताल में
9. घायल हिमालय की पीड़ा
10. गंगाजल की महता
11. कुदरती खेती कैसे करें ।

ਪਿੰਗਲਵਾੜਾ ਸੰਸਥਾ ਦੁਆਰਾ ਪ੍ਰਕਾਸ਼ਿਤ ਕੀਤੀਆਂ ਵਾਤਾਵਰਨ ਨਾਲ ਸੰਬੰਧਿਤ ਇਹਨਾਂ ਸਾਰੀਆਂ ਪੁਸਤਕਾਂ ਵਿਚ ਚੁਗਿਰਦਾ ਸੰਭਾਲ ਸੰਬੰਧੀ ਬਹੁਮੁੱਲੇ ਵਿਚਾਰ ਪ੍ਰਗਟਾਏ ਹਨ। ਇਹਨਾਂ ਵਿਚੋਂ ਬਹੁਤੀਆਂ ਕਿਤਾਬਾਂ ਭਗਤ ਪੂਰਨ ਸਿੰਘ ਜੀ ਦੁਆਰਾ ਲਿਖੀਆਂ ਗਈਆਂ ਸਨ ਪਰ ਕੁਝ ਵੱਖ-ਵੱਖ ਕਿਤਾਬਾਂ, ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪੇ ਵਾਤਾਵਰਨ ਸੰਬੰਧੀ ਲੇਖਾਂ ਨੂੰ ਇੱਕਠੇ ਕਰ ਕੇ ਸੰਪਾਦਿਤ ਕੀਤੀਆਂ ਗਈਆਂ ਹਨ। ਇਹ ਪੁਸਤਕਾਂ ਪਿੰਗਲਵਾੜਾ ਸੰਸਥਾ ਵਲੋਂ ਮੁਫ਼ਤ ਵੰਡੀਆਂ ਜਾਂਦੀਆਂ ਹਨ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪਿੰਗਲਵਾੜਾ ਸੰਸਥਾ ਭਗਤ ਪੂਰਨ ਸਿੰਘ ਦੇ ਮਾਰਗ ’ਤੇ ਚਲਦਿਆਂ ਚੁਗਿਰਦਾ ਸੰਭਾਲ਼ ਪ੍ਰਤੀ ਕਾਰਜ ਕਰ ਰਹੀਆਂ ਮੋਹਰੀ ਸੰਸਥਾਵਾਂ ਵਿਚੋਂ ਇਕ ਹੈ।

## 3. ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ, ਖਡੂਰ ਸਾਹਿਬ

ਖਡੂਰ ਸਾਹਿਬ ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਸਥਾਨ ਹੈ। ਤਰਨਤਾਰਨ ਜ਼ਿਲ੍ਹੇ ਵਿਚ ਸਥਿਤ ਇਹ ਸਥਾਨ ਮੁੱਖ ਤੌਰ ਤੇ ਗੁਰੂ ਅੰਗਦ ਦੇਵ ਜੀ ਦੇ ਨਾਂ ਨਾਲ ਪ੍ਰਸਿੱਧ ਹੈ।[10] ਗੁਰੂ ਅੰਗਦ ਦੇਵ ਜੀ ਨੇ ਗੁਰਤਾ-ਗੱਦੀ ਵਾਲਾ ਤੇਰ੍ਹਾਂ ਸਾਲ ਦਾ ਸਮਾਂ ਇਥੇ ਬਤੀਤ

---

10 ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ।। ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 967.

ਕੀਤਾ ਸੀ। ਗੁਰੂ ਅਮਰਦਾਸ ਜੀ ਨੇ ਲਗਪਗ ਬਾਰ੍ਹਾਂ ਸਾਲ ਬਿਆਸ ਦਰਿਆ (ਗੋਇੰਦਵਾਲ) ਤੋਂ ਜਲ ਦੀ ਗਾਗਰ ਭਰ ਕੇ ਲਿਆਉਣ ਦੀ ਸੇਵਾ ਵੀ ਇਥੇ ਹੀ ਕੀਤੀ ਸੀ। ਖਡੂਰ ਸਾਹਿਬ ਵਿਖੇ ਹੀ ਗੁਰੂ ਅੰਗਦ ਦੇਵ ਜੀ ਵਲੋਂ ਸਮਾਜ ਭਲਾਈ ਦੇ ਕਾਰਜਾਂ ਅਧੀਨ ਬੱਚਿਆਂ ਨੂੰ ਗੁਰਮੁਖੀ ਸਿਖਾਈ ਜਾਂਦੀ ਸੀ ਅਤੇ ਸਰੀਰਕ ਤੰਦਰੁਸਤੀ ਲਈ ਕੁਸ਼ਤੀਆਂ ਕਰਵਾਈਆਂ ਜਾਂਦੀਆਂ ਸਨ।

ਗੁਰੂ ਅੰਗਦ ਦੇਵ ਜੀ ਨਾਲ ਸੰਬੰਧਿਤ ਇਸ ਸਥਾਨ ਵਿਖੇ ਗੁਰਧਾਮਾਂ ਦੀ ਉਸਾਰੀ ਅਤੇ ਸੇਵਾ ਸੰਭਾਲ ਦਾ ਕੰਮ ਬਾਬਾ ਗੁਰਮੁਖ ਸਿੰਘ ਜੀ, ਬਾਬਾ ਸਾਧੂ ਸਿੰਘ ਜੀ ਅਤੇ ਬਾਬਾ ਝੰਡਾ ਸਿੰਘ ਜੀ ਵਲੋਂ ਤਕਰੀਬਨ 100 ਸਾਲ ਪਹਿਲਾਂ ਅਰੰਭਿਆ ਗਿਆ ਸੀ। ਇਹਨਾਂ ਮਹਾਂਪੁਰਸ਼ਾਂ ਤੋਂ ਬਾਅਦ ਇਹ ਸੇਵਾ ਬਾਬਾ ਸੇਵਾ ਸਿੰਘ ਜੀ ਵਲੋਂ ਸੰਭਾਲੀ ਗਈ। ਬਾਬਾ ਸੇਵਾ ਸਿੰਘ ਜੀ ਦੀ ਅਗਵਾਈ ਵਿਚ ਗੁਰਧਾਮਾਂ ਦੀ ਸੇਵਾ, ਸਰੋਵਰਾਂ ਦੀ ਸੇਵਾ, ਸੜਕਾਂ, ਪੁਲ, ਵਿੱਦਿਆ ਦੇ ਪ੍ਰਸਾਰ ਲਈ ਸਕੂਲ ਅਤੇ ਵਾਤਾਵਰਨ ਦੀ ਸੰਭਾਲ ਲਈ ਅਨੇਕ ਪ੍ਰੋਜੈਕਟ ਚਲਾਏ ਜਾ ਰਹੇ ਹਨ।

1999 ਈ. ਵਿਚ ਖ਼ਾਲਸਾ ਪੰਥ ਦੇ 300 ਸਾਲਾ ਸਾਜਣਾ ਦਿਵਸ ਮੌਕੇ ਕਾਰ ਸੇਵਾ ਖਡੂਰ ਸਾਹਿਬ ਵਲੋਂ ਵਾਤਾਵਰਨ ਸੰਭਾਲ ਸੰਬੰਧੀ ਕਾਰਜ ਅਰੰਭੇ ਗਏ ਸਨ। ਜਿਹਨਾਂ ਨੂੰ ਜੰਗੀ ਪੱਧਰ ਤੇ ਸਿਰੇ ਚੜ੍ਹਾਉਣ ਲਈ 18 ਅਪ੍ਰੈਲ 2004 ਨੂੰ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਦੇ ਸ਼ਤਾਬਦੀ ਸਮਾਗਮਾਂ ਦੌਰਾਨ ਕਈ ਯੋਜਨਾਵਾਂ ਉਲੀਕੀਆਂ ਗਈਆਂ ਸਨ। ਇਹਨਾਂ ਯੋਜਨਾਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਪੂਰਨ ਕਰਨ ਹਿਤ ਬਾਬਾ ਸੇਵਾ ਸਿੰਘ ਜੀ ਵਲੋਂ ਅਗਵਾਈ ਕੀਤੀ ਗਈ ਹੈ।

ਬਾਬਾ ਸੇਵਾ ਸਿੰਘ ਜੀ ਵਲੋਂ 'ਨਿਸ਼ਾਨ-ਏ-ਸਿੱਖੀ' ਚੈਰੀਟੇਬਲ ਟਰੱਸਟ (ਰਜਿ) ਦੀ ਸਥਾਪਨਾ ਕਰਵਾਈ ਗਈ ਹੈ, ਜਿਸ ਅਧੀਨ ਧਰਤੀ ਉਤੇ ਵਧ ਰਹੇ ਪ੍ਰਦੂਸ਼ਣ ਨਾਲ 'ਗਲੋਬਿਲ ਵਾਰਮਿੰਗ' ਦੀ ਪੈਦਾ ਹੋ ਰਹੀ ਸਮੱਸਿਆ ਦੇ ਨਾਲ ਨਜਿੱਠਣ ਲਈ 'ਬਲਿਹਾਰੀ ਕੁਦਰਤ ਵਸਿਆ' ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੰਤ ਬਾਬਾ ਸੇਵਾ ਸਿੰਘ ਵੱਡੀ ਪੱਧਰ 'ਤੇ ਬੂਟੇ ਲਗਾ ਕੇ ਉਹਨਾਂ ਨੂੰ ਬੱਚਿਆਂ ਵਾਂਗ ਪਾਲਣ ਦੀ ਸੇਵਾ ਕਰ ਰਹੇ ਹਨ। ਬਾਬਾ ਸੇਵਾ ਸਿੰਘ ਜੀ ਨੇ ਅਰੰਭ ਵਿਚ 50 ਦੇ ਕਰੀਬ ਸੇਵਾਦਾਰਾਂ ਅਤੇ 12 ਪਾਣੀ ਦੇ ਟੈਂਕਰਾਂ ਦਾ ਪ੍ਰਬੰਧ ਕਰ ਕੇ ਖਡੂਰ

ਸਾਹਿਬ ਦੇ ਨੇੜੇ-ਤੇੜੇ ਦੋ-ਦੋ ਕਿ.ਮੀ ਤਕ ਸੜਕਾਂ ਦੇ ਕਿਨਾਰਿਆਂ ਉਤੇ ਬੂਟੇ ਲਗਾਏ। ਮਗਰੋਂ ਖਡੂਰ ਸਾਹਿਬ ਦੇ ਨੇੜੇ ਤੇੜੇ ਦੀਆਂ 25 ਕਿ.ਮੀ ਤਕ ਦੀਆਂ ਸੜਕਾਂ ਅਤੇ ਹੋਰ ਇਲਾਕਿਆਂ ਵਿਚ ਬੂਟੇ ਲਗਾਉਣ ਨਾਲ ਇਸ ਕਾਰਜ ਦਾ ਵਿਸਤਾਰ ਕੀਤਾ ਗਿਆ। ਖਡੂਰ ਸਾਹਿਬ ਵਲੋਂ ਬੂਟਿਆਂ ਦੀ ਪੈਦਾਵਾਰ ਲਈ ਇਕ ਨਰਸਰੀ ਵੀ ਸਥਾਪਿਤ ਕੀਤੀ ਗਈ ਹੈ।

'ਨਿਸ਼ਾਨੇ-ਏ-ਸਿੱਖੀ' ਚੈਰੀਟੇਬਲ ਟਰੱਸਟ (ਰਜਿ) ਅਧੀਨ ਚਲ ਰਹੇ ਇਸ 'ਵਾਤਾਵਰਨ ਸੰਭਾਲ ਪ੍ਰੋਜੈਕਟ' ਨੂੰ ਵਾਤਾਵਰਨ ਪ੍ਰੇਮੀਆਂ ਦਾ ਹਾਂ ਪੱਖੀ ਹੁੰਗਾਰਾ ਮਿਲਣ ਨਾਲ ਕਾਰ ਸੇਵਾ ਖਡੂਰ ਸਾਹਿਬ ਵਲੋਂ ਪੰਜਾਬ ਤੋਂ ਅਗਾਂਹ ਹੋਰ ਰਾਜਾਂ ਜਿਵੇਂ ਦਿੱਲੀ, ਰਾਜਸਥਾਨ, ਮੱਧ ਪ੍ਰਦੇਸ਼ ਵਿਚ ਵੀ ਬੂਟੇ ਲਗਾਉਣ ਦਾ ਕਾਰਜ ਅਰੰਭਿਆ ਗਿਆ। ਖਡੂਰ ਸਾਹਿਬ ਵਿਖੇ ਹੀ ਬਣਾਈ ਅੱਠ ਮੰਜ਼ਿਲਾ ਇਮਾਰਤ 'ਨਿਸ਼ਾਨੇ-ਏ-ਸਿੱਖੀ' ਦੀ ਪੰਜਵੀਂ ਮੰਜ਼ਿਲ ਵਿਚ ਵਾਤਾਵਰਨ ਨਾਲ ਸੰਬੰਧਿਤ ਕਾਰਜਾਂ ਜਿਵੇਂ ਪੌਦੇ ਪੈਦਾ ਕਰਨੇ, ਉਹਨਾਂ ਦਾ ਪਾਲਨ ਪੋਸ਼ਣ, ਸਾਂਭ ਸੰਭਾਲ, ਪ੍ਰਦੂਸ਼ਣ ਨਾਲ ਨਿਪਟਣਾ ਅਤੇ ਨਾਲ ਹੀ ਸਮਾਜਿਕ ਸਮੱਸਿਆਵਾਂ (ਨਸ਼ੇ, ਵਿਭਚਾਰ ਅਤੇ ਐਚ ਆਈ ਵੀ) ਆਦਿ ਦੇ ਮਾੜੇ ਪ੍ਰਭਾਵ ਤੋਂ ਜਾਗਰੂਕ ਕੀਤਾ ਜਾਂਦਾ ਹੈ। ਇਸ ਸੰਸਥਾ ਵਲੋਂ ਪ੍ਰਕਾਸ਼ਿਤ ਟ੍ਰੈਕਟ 'ਵਾਤਾਵਰਨ ਸੰਭਾਲ ਪ੍ਰੋਜੈਕਟ' ਰਾਹੀਂ ਵੱਖ-ਵੱਖ ਇਲਾਕਿਆਂ ਵਿਚ ਲਗਾਏ ਬੂਟਿਆਂ ਬਾਰੇ ਜਾਣਕਾਰੀ ਇਸ ਪ੍ਰਕਾਰ ਦਿੱਤੀ ਗਈ ਹੈ:

> "ਪੰਜਾਬ ਵਿਚ 190 ਕਿਲੋਮੀਟਰ ਦੇ ਸੜਕੀ ਰਕਬੇ ਉਤੇ ਕੁਲ 29290 ਰੁੱਖ ਲਗਾਏ ਹਨ। ਇਸ ਵਿਚ ਖਡੂਰ ਸਾਹਿਬ, ਤਾਰਨ ਤਰਨ, ਗੋਇੰਦਵਾਲ, ਜੰਡਿਆਲਾ, ਰਈਆ, ਅਤੇ ਵੈਰੋਵਾਲ ਆਦਿ ਸੜਕਾਂ ਦੇ 128 ਕਿਲੋਮੀਟਰ ਦੇ ਰਕਬੇ ਵਿਚ 19698 ਰੁੱਖ ਲਗਾਏ ਗਏ ਹਨ। ਜਲੰਧਰ, ਕਰਤਾਰਪੁਰ, ਕਿਸ਼ਨਗੜ੍ਹ, ਬਿਸ਼ਰਾਮਪੁਰ ਅਤੇ ਫਤਿਹ ਜਲਾਲ ਆਦਿ 21 ਕਿਲੋਮੀਟਰ ਦੇ ਸੜਕੀ ਰਕਬੇ ਨੂੰ 3091 ਰੁੱਖਾਂ ਅਧੀਨ ਲਿਆਂਦਾ ਗਿਆ ਹੈ। ਗੁਰਦਾਸਪੁਰ, ਬਟਾਲਾ ਅਤੇ ਡੇਰਾ ਬਾਬਾ ਨਾਨਕ ਆਦਿ ਵਿਚ 22 ਕਿਲੋਮੀਟਰ ਦੇ ਸੜਕੀ ਖੇਤਰ ਉਤੇ 2500 ਰੁੱਖ ਲਗਾਏ ਗਏ ਹਨ। ਬਠਿੰਡਾ, ਤਖ਼ਤ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਅਤੇ ਗੁਰੂ ਸਰ ਆਦਿ ਖੇਤਰਾਂ ਵਿਚ 7 ਕਿਲੋਮੀਟਰ ਦਾ ਸੜਕੀ ਰਕਬਾ 1400 ਰੁੱਖਾਂ ਅਧੀਨ ਲਿਆਂਦਾ ਗਿਆ। ਅੰਮ੍ਰਿਤਸਰ

ਵਿਚ 12 ਕਿਲੋਮੀਟਰ ਦੇ ਸੜਕੀ ਖੇਤਰ ਵਿਚ 2601 ਰੁੱਖ ਲਗਾਏ ਗਏ ਹਨ। ਇਸੇ ਤਰ੍ਹਾਂ ਰਾਜਸਥਾਨ ਦੇ ਮਕਰਾਨਾ ਖੇਤਰ ਵਿਚ 15 ਕਿਲੋਮੀਟਰ ਦਾ ਸੜਕੀ ਰਕਬਾ 2135 ਰੁੱਖਾਂ ਅਧੀਨ ਅਤੇ ਨਰੈਣਾ ਖੇਤਰ ਵਿਚ 6 ਕਿਲੋਮੀਟਰ ਦਾ ਸੜਕੀ ਰਕਬਾ 800 ਰੁੱਖਾਂ ਅਧੀਨ ਲਿਆਂਦਾ ਗਿਆ ਹੈ। ਮੱਧ ਪ੍ਰਦੇਸ਼ ਦੇ ਗਵਾਲੀਅਰ ਸ਼ਹਿਰ ਵਿਚ 7 ਕਿਲੋਮੀਟਰ ਦੇ ਸੜਕੀ ਰਕਬੇ ਵਿਚ 471 ਰੁੱਖ ਲਗਾਏ ਗਏ ਹਨ।"[11]

2016 ਦੇ ਮੈਗਜ਼ੀਨ 'ਨਿਸ਼ਾਨ-ਏ-ਸਿੱਖੀ' ਅਨੁਸਾਰ ਹੁਣ ਤਕ 318 ਕਿਲੋਮੀਟਰ ਸੜਕਾਂ ਅਤੇ ਜਨਤਕ ਥਾਂਵਾਂ, ਬਾਗ਼ਾਂ, 462 ਪਿੰਡਾਂ ਵਿਚ ਲਗਪਗ 310081 ਦੇ ਕਰੀਬ ਰੁੱਖ ਲਗਾਏ ਜਾ ਚੁਕੇ ਹਨ।[12] ਬਾਬਾ ਸੇਵਾ ਸਿੰਘ ਜੀ ਦੇ ਕਹਿਣ ਅਨੁਸਾਰ ਬੂਟਿਆਂ ਵਲੋਂ ਮਿਲਦੀ ਆਕਸੀਜਨ, ਛਾਂ ਅਤੇ ਫ਼ਲ ਕੁਦਰਤ ਦੀ ਦੇਣ ਹਨ, ਵਿਗਿਆਨ ਇਹਨਾਂ ਸਭ ਨੂੰ ਬਣਾ ਨਹੀਂ ਸਕਦਾ ਇਸ ਲਈ ਇਹਨਾਂ ਨੂੰ ਕੇਵਲ ਸੰਭਾਲਿਆ ਹੀ ਜਾ ਸਕਦਾ ਹੈ। ਕਾਰ ਸੇਵਾ ਖਡੂਰ ਸਾਹਿਬ ਵਲੋਂ ਲਗਾਏ ਗਏ ਇਹਨਾਂ ਬੂਟਿਆਂ ਵਿਚ ਮੁੱਖ ਤੌਰ ਤੇ ਛਾਂਦਾਰ, ਛਾਂਦਾਰ+ਫੁੱਲਦਾਰ ਅਤੇ ਫਲਦਾਰ ਬੂਟੇ ਸ਼ਾਮਲ ਹਨ। ਜਿਹਨਾਂ ਵਿਚ ਬੋਹੜ, ਪਿਪਲ, ਨਿੰਮ, ਟਾਹਲੀ, ਅਰਜਨ, ਚਕਰੇਸੀਆ, ਐਲਸਟੋਨੀਆ, ਤੁਣ, ਪੁਤਰਨਜੀਵਾ, ਤੂਤ, ਸਾਗਵਾਨ, ਬ੍ਰਹਮੀ, ਧਰੇਕ, ਮੋਹਗਨੀ, ਸੁਖਚੈਨ, ਅਸ਼ੋਕਾ, ਫਾਈਕਸ, ਕੁਲੀਫਾਰਮ, ਬੋਤਲ ਪਾਮ, ਮੌਲਸਰੀ, ਅਮਲਾਤਾਸ, ਕਚਨਾਰ, ਗੁਲਮੋਹਰ, ਜੈਟਰੋਂਡਾ, ਲੈਜਸਟੋਨੀਆ, ਤਿਕੋਮਾ ਅਤੇ ਚੰਪਾ, ਅੰਬ, ਜਾਮਨ, ਅਮਰੂਦ, ਬਿਲ, ਬਹੇੜਾ, ਆਂਵਲਾ ਆਦਿ ਬੂਟੇ ਲਗਾਏ ਜਾਂਦੇ ਹਨ। ਹੁਣ ਤਕ ਲਗਾਏ ਜਾ ਚੁਕੇ ਬੂਟਿਆਂ ਵਿਚ 25,000 ਦੇ ਕਰੀਬ ਫਲਦਾਰ ਬੂਟੇ ਹਨ। ਖਡੂਰ ਸਾਹਿਬ ਗੁਰਦੁਆਰੇ ਦੀ 40 ਏਕੜ ਜ਼ਮੀਨ ਅਤੇ ਨਾਲ ਲਗਦੇ ਇਲਾਕੇ ਦੀ 100 ਏਕੜ ਜ਼ਮੀਨ ਵਿਚ ਬਾਗ਼ ਲਗਾਇਆ ਗਿਆ ਹੈ। ਕਾਰ ਸੇਵਾ ਖਡੂਰ ਸਾਹਿਬ ਨਾਲ ਸੰਬੰਧਿਤ ਮਹਾਂਪੁਰਸ਼ ਸਾਧੂ ਸਿੰਘ ਦੀ ਯਾਦ ਵਿਚ ਗੁਰਦੁਆਰਾ ਤਪਿਆਣਾ ਸਾਹਿਬ (ਖਡੂਰ ਸਾਹਿਬ) ਦੇ ਨੇੜੇ ਲਗਾਏ ਇਸ ਬਾਗ ਵਿਚ 36 ਕਿਸਮਾਂ ਦੇ ਫਲਦਾਰ ਰੁੱਖ ਹਨ। ਇਹਨਾਂ ਫਲਾਂ ਨੂੰ ਪ੍ਰਸ਼ਾਦ ਦੇ ਰੂਪ

---

11 *ਵਾਤਾਵਰਨ ਸੰਭਾਲ ਪ੍ਰੋਜੈਕਟ,* ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ), ਖਡੂਰ ਸਾਹਿਬ (ਤਾਰਨ ਤਰਨ), ਮਿਤੀਹੀਨ.

12 *ਨਿਸ਼ਾਨ-ਏ-ਸਿੱਖੀ,* ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ), ਖਡੂਰ ਸਾਹਿਬ (ਤਾਰਨ ਤਰਨ), ਅੰਕ 3, ਜਨਵਰੀ-ਮਾਰਚ 2016, ਪੰਨਾ 41.

ਵਿਚ ਸੰਗਤ ਵਿਚ ਵਰਤਾਇਆ ਜਾਂਦਾ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਬਣੀਆ ਦੀ ਫਿਰਨੀ ਤੋਂ ਅਰੰਭ ਕਰ ਕੇ ਹੁਣ ਹੋਰ ਪਿੰਡਾਂ ਦੀਆਂ ਫਿਰਨੀਆਂ ਵਿਚ ਵੀ ਫਲਦਾਰ ਬੂਟੇ ਲਗਾਏ ਜਾ ਰਹੇ ਹਨ। ਕਾਰ ਸੇਵਾ ਖਡੂਰ ਸਾਹਿਬ ਵਲੋਂ ਮੁੱਖ ਤੌਰ ਤੇ ਨਹਿਰਾਂ ਦੇ ਕਿਨਾਰੇ ਲਗਾਏ ਗਏ ਬੋਹੜ ਅਤੇ ਪਿਪਲ ਦੇ ਇਕ-ਇਕ ਬੂਟਿਆਂ ਨਾਲ-ਨਾਲ ਤ੍ਰਿਵੈਣੀਆਂ ਵੀ ਲਗਾਈਆਂ ਜਾਂਦੀਆਂ ਹਨ। 2010 ਵਿਚ ਬਾਬਾ ਸੇਵਾ ਸਿੰਘ ਜੀ ਨੇ ਪਿੰਡਾਂ ਵਿਚ ਘਰ-ਘਰ ਜਾ ਕੇ ਨਿੰਮ ਦੇ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਹੈ। ਬਾਬਾ ਸੇਵਾ ਸਿੰਘ ਜੀ ਦੀ ਸੇਵਾ ਨੂੰ ਮੱਦੇ ਨਜ਼ਰ ਰੱਖ ਕੇ ਉਹਨਾਂ ਨੂੰ ਕਈ ਸੰਸਥਾਵਾਂ ਅਤੇ ਸਰਕਾਰਾਂ ਵਲੋਂ ਸਨਮਾਨਿਤ ਵੀ ਕੀਤਾ ਗਿਆ:

1. 2009 ਵਿਚ ਵਿੰਡਸਰ ਕੈਸਲ, ਲੰਡਨ (ਇੰਗਲੈਂਡ) ਵਿਖੇ ਵਿੰਡਸਰ ਉਤਸਵ ਦੌਰਾਨ ਐਚ. ਆਰ. ਐਚ. ਪ੍ਰਿੰਸ ਫਿਲਿਪ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਰਨਲ ਬਾਨ ਕੀ ਮੂਨ ਵਲੋਂ ਬਾਬਾ ਸੇਵਾ ਸਿੰਘ ਜੀ ਨੂੰ ਉਹਨਾਂ ਦੁਆਰਾ ਵਾਤਾਵਰਨ ਸੰਭਾਲ ਵਿਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।
2. 31 ਮਾਰਚ 2010 ਨੂੰ ਭਾਰਤ ਦੇ ਰਾਸ਼ਟਰਪਤੀ ਵਲੋਂ 'ਪਦਮ ਸ੍ਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।
3. ਦਸੰਬਰ 2011 ਵਿਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ. ਪੀ. ਜੇ ਅਬਦੁਲ ਕਲਾਮ ਅਤੇ ਭਾਰਤ ਦੇ ਤਤਕਾਲੀ ਮੁੱਖ ਜੱਜ ਸ੍ਰੀ ਅਲਤਮਸ ਕਬੀਰ ਵਲੋਂ ਬਾਬਾ ਸੇਵਾ ਸਿੰਘ ਜੀ ਨੂੰ ਕੈਪੀਟਲ ਫਾਊਂਡੇਸ਼ਨ ਦੇ 'ਜਸਟਿਸ ਕੁਲਦੀਪ ਸਿੰਘ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।
4. 2011 ਵਿਚ ਪੰਜਾਬ ਸਰਕਾਰ ਵਲੋਂ ਵੀ ਬਾਬਾ ਜੀ ਨੂੰ ਉਹਨਾਂ ਦੀ ਵਾਤਾਵਰਨ ਸੰਭਾਲ ਖੇਤਰ ਵਿਚ ਪਾਏ ਯੋਗਦਾਨ ਕਾਰਨ ਸਨਮਾਨਿਤ ਕੀਤਾ ਗਿਆ।

ਸੰਤ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚਲ ਰਹੀ ਕਾਰ ਸੇਵਾ ਖਡੂਰ ਸਾਹਿਬ 'ਬਲਿਹਾਰੀ ਕੁਦਰਤਿ ਵਸਿਆ' ਦੇ ਸੰਕਲਪ ਅਧੀਨ ਚੁਗਿਰਦੇ ਦੀ ਸਾਂਭ-ਸੰਭਾਲ ਪ੍ਰਤੀ ਵਚਨ ਬੱਧ ਹੈ।

### 4. ੧ਓ ਚੈਰੀਟੇਬਲ ਟਰੱਸਟ ਸੀਚੇਵਾਲ

ਸੀਚੇਵਾਲ ਸੰਸਥਾ ਦੇ ਮੁਖੀ ਬਾਬਾ ਬਲਬੀਰ ਸਿੰਘ ਜੀ ਹਨ। ਜਿਹਨਾਂ ਨੂੰ ਇਲਾਕੇ ਵਿਚ ਉਹਨਾਂ ਦੇ ਨਾਂ ਤੋਂ ਘੱਟ ਪਰ ਕੰਮ ਤੋਂ ਵਧੇਰੇ ਕਰ ਕੇ ਜਾਣਿਆ ਜਾਂਦਾ ਹੈ। ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਇਹ ਸਭ ਕਾਰਜ '੧ਓ ਚੈਰੀਟੇਬਲ ਟਰੱਸਟ ਸੀਚੇਵਾਲ' ਅਧੀਨ ਕਰ ਰਹੇ ਹਨ। ਬਾਬਾ ਬਲਬੀਰ ਸਿੰਘ ਜੀ ਨੂੰ 'ਸੜਕਾਂ ਵਾਲਾ ਬਾਬਾ' ਜਾਂ 'ਵੈਲਫੇਅਰ ਬਾਬਾ' ਵੀ ਕਿਹਾ ਜਾਂਦਾ ਹੈ। ਬਾਬਾ ਬਲਬੀਰ ਸਿੰਘ ਜੀ ਦੇ ਵਾਤਾਵਰਨ ਸੰਬੰਧੀ ਕੀਤੇ ਕਾਰਜਾਂ ਕਾਰਨ ਉਹਨਾਂ ਨੂੰ 'ਵਾਤਾਵਰਨ ਵਿਗਿਆਨੀ' ਵੀ ਕਿਹਾ ਜਾਂਦਾ ਹੈ। ਅੰਤਰਰਾਸ਼ਟਰੀ ਟਾਈਮ ਪੱਤ੍ਰਿਕਾ ਵਿਚ ਕੁਦਰਤੀ ਵਸਤਾਂ ਦੀ ਸੰਭਾਲ ਸੰਬੰਧੀ ਕਾਰਜ ਕਰ ਕੇ ਦੁਨੀਆ ਵਿਚ ਬਦਲਾਅ ਲਿਆਉਣ ਵਾਲੀਆਂ ਸਖ਼ਸ਼ੀਅਤਾਂ ਬਾਰੇ ਇਕ ਖ਼ਾਸ ਰਿਪੋਰਟ ਪੇਸ਼ ਕੀਤੀ ਗਈ ਸੀ। ਜਿਸ ਵਿਚ ਕੁਦਰਤ ਨਾਲ ਪਿਆਰ ਕਰਨ ਵਾਲੀਆਂ 30 ਸਖਸ਼ੀਅਤਾਂ ਦੀ ਸੂਚੀ ਪੇਸ਼ ਕੀਤੀ ਗਈ ਸੀ, ਜਿਹਨਾਂ ਨੂੰ 'Heroes of the Environment' ਆਖਿਆ ਗਿਆ ਹੈ। ਸੰਤ ਬਾਬਾ ਬਲਬੀਰ ਸਿੰਘ ਜੀ ਦਾ ਨਾਂ ਵੀ ਇਹਨਾਂ 'Heroes of the Environment' ਦੀ ਇਸ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ।[13] ਬਾਬਾ ਬਲਬੀਰ ਸਿੰਘ ਜੀ ਨੇ ਕਾਰ ਸੇਵਾ ਨੂੰ ਕੇਵਲ ਗੁਰਦੁਆਰੇ ਬਣਾਉਣ ਤਕ ਹੀ ਸੀਮਤ ਨਹੀਂ ਰਖਿਆ ਸਗੋਂ ਇਸ ਦਾ ਘੇਰਾ ਹੋਰ ਵੱਡਾ ਕਰ ਕੇ ਪਿੰਡਾਂ ਦੀਆਂ ਸੜਕਾਂ ਠੀਕ ਕੀਤੀਆਂ, ਟੋਭੇ ਠੀਕ ਕੀਤੇ ਤੇ ਨਾਲ ਹੀ ਇਹਨਾਂ ਵਿਚ ਖੜ੍ਹੇ ਪਾਣੀ ਨੂੰ ਮੁੜ ਵਰਤੋਂ ਵਿਚ ਲਿਆਉਣ ਲਈ 'ਵਾਟਰ ਟਰੀਟਮੈਂਟ ਪੰਪ' ਲਗਵਾਏ ਗਏ ਹਨ।

ਜਲੰਧਰ ਜ਼ਿਲ੍ਹੇ ਦੀ ਸ਼ਾਹਕੋਟ ਤਹਿਸੀਲ ਦੇ ਪਿੰਡ ਸੀਚੇਵਾਲ ਵਿਖੇ ਸਥਾਪਤ ਨਿਰਮਲ ਸੰਪਰਦਾ ਨਾਲ ਸੰਬੰਧਿਤ ਨਿਰਮਲ ਕੁਟੀਆ ਦੇ ਸੰਸਥਾਪਕ ਬਾਬਾ ਲਾਲ ਸਿੰਘ ਜੀ ਅਤੇ ਉਹਨਾਂ ਤੋਂ ਬਾਅਦ ਬਾਬਾ ਅਵਤਾਰ ਸਿੰਘ ਜੀ ਹੋਏ ਹਨ। ਬਾਬਾ ਅਵਤਾਰ ਸਿੰਘ ਜੀ ਤੋਂ ਬਾਅਦ ਨਿਰਮਲ ਕੁਟੀਆ ਦੀ ਸੇਵਾ ਸੰਭਾਲ ਦਾ ਕਾਰਜ ਬਾਬਾ ਬਲਬੀਰ ਸਿੰਘ ਜੀ ਨੂੰ ਸੌਂਪਿਆ ਗਿਆ ਹੈ। ਉਹਨਾਂ ਨੇ 1981 ਵਿਚ ਡੀ. ਏ. ਵੀ ਕਾਲਜ ਜਲੰਧਰ ਤੋਂ ਪੜ੍ਹਾਈ ਵਿਚਕਾਰ ਛੱਡ ਕੇ ਹੀ ਆਪਣੇ ਆਪ ਨੂੰ

13 Madhur Singh, 'Balbir Singh Seechewal' *Time,* Time Asia, U.S. Vol. 172, No. 13, 2008, p. 77.

ਸਮਾਜ ਸੇਵਾ ਲਈ ਸਮਰਪਿਤ ਕਰ ਦਿੱਤਾ ਸੀ। ਬਾਬਾ ਬਲਬੀਰ ਸਿੰਘ ਜੀ ਨੇ ਸਮਾਜ ਸੇਵਾ ਦੇ ਨਾਲ-ਨਾਲ ਮੁੱਖ ਕਾਰਜ ਵਾਤਾਵਰਨ ਸੰਬੰਧੀ ਕੀਤੇ ਹਨ। ਜਿਸ ਵਿਚ ਪਾਣੀ ਦੀ ਸੰਭਾਲ਼ ਅਤੇ ਚੁਗਿਰਦੇ ਨੂੰ ਹਰਾ-ਭਰਾ ਬਣਾਉਣ ਨੂੰ ਤਰਜੀਹ ਦਿੱਤੀ ਗਈ ਹੈ।

ਬਾਬਾ ਬਲਬੀਰ ਸਿੰਘ ਸੀਚੇਵਾਲ ਜੀ ਨੇ ਜਿਸ ਦਿਨ ਤੋਂ ਨਿਰਮਲ ਕੁਟੀਆ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਸੰਭਾਲੀ ਸੀ। ਉਸ ਦਿਨ ਤੋਂ ਉਹਨਾਂ ਨੇ ਸੇਵਾ ਕਰਨ ਦੇ ਨਵੇਂ-ਨਵੇਂ ਢੰਗ ਲੱਭੇ ਹਨ। ਉਹਨਾਂ ਨੇ ਸਭ ਤੋਂ ਪਹਿਲਾਂ ਇਲਾਕੇ ਦੀਆਂ ਟੁੱਟੀਆਂ ਸੜਕਾਂ ਠੀਕ ਕਰਨ ਦਾ ਕਦਮ ਚੁੱਕਿਆ। ਜਿਸ ਕਾਰਨ ਉਹਨਾਂ ਦਾ ਨਾਮ 'ਸੜਕਾਂ ਵਾਲਾ ਬਾਬਾ' ਪੈ ਗਿਆ। ਬਾਬਾ ਬਲਬੀਰ ਸਿੰਘ ਜੀ ਵਲੋਂ ਇਲਾਕੇ ਵਿਚ ਲੋਕਾਂ ਨੂੰ ਜਾਗਰੂਕ ਕਰਨ ਲਈ ਗੁਰਪੁਰਬਾਂ ਉਤੇ ਨਗਰ ਕੀਰਤਨ ਕੱਢੇ ਜਾਂਦੇ ਸਨ। ਲੋਕਾਂ ਨੂੰ ਇਹ ਐਲਾਨ ਵੀ ਕੀਤਾ ਜਾਂਦਾ ਸੀ ਕਿ ਜਿਸ ਪਿੰਡ ਦੀ ਸੜਕ ਟੁੱਟੀ ਹੋਈ ਜਾਂ ਸਾਫ਼ ਨਹੀਂ ਹੈ ਉਧਰੋਂ ਨਗਰ ਕੀਰਤਨ ਨਹੀਂ ਗੁਜ਼ਰੇਗਾ। ਅਸਲ ਵਿਚ ਇਹ ਲੋਕਾਂ ਨੂੰ ਜਾਗਰੂਕ ਕਰਨ ਦਾ ਢੰਗ ਸੀ। ਖੁਸ਼ਹਾਲ ਸਿੰਘ ਲਾਲੀ ਅਨੁਸਾਰ "ਇਹ ਇਕ ਤਰ੍ਹਾਂ ਨਾਲ ਨਗਰ ਕੀਰਤਨ ਦੇ ਨਾਲ-ਨਾਲ ਪੂਰੇ ਇਲਾਕੇ ਦੇ ਰਸਤਿਆਂ ਦੀ ਸਫ਼ਾਈ ਅਤੇ ਉਨ੍ਹਾਂ ਨੂੰ ਠੀਕ ਕਰਨ ਦਾ ਢੰਗ ਬਣ ਜਾਂਦਾ ਹੈ। ਇਹ ਇਸ ਤਰ੍ਹਾਂ ਦੀ ਗੱਲ ਹੈ ਕਿ ਜਿਵੇਂ ਸਿੱਖ ਧਰਮ ਗੁਰਦੁਆਰੇ ਤੋਂ ਬਾਹਰ ਆ ਕੇ ਲੋਕਾਂ ਨੂੰ ਹਵਾ, ਪਾਣੀ, ਮਿੱਟੀ ਅਤੇ ਕੁਦਰਤ ਦੀ ਸਾਂਭ-ਸੰਭਾਲ ਦਾ ਸੁਨੇਹਾ ਦੇ ਰਿਹਾ ਹੋਵੇ।"[14] ਇਲਾਕੇ ਦੇ ਲੋਕਾਂ ਵਲੋਂ ਨਗਰ ਕੀਰਤਨ ਦੇ ਸਵਾਗਤ ਲਈ ਟੁੱਟੀਆਂ ਸੜਕਾਂ ਸੁਆਰੀਆਂ ਤੇ ਸਾਫ਼ ਕੀਤੀਆਂ ਜਾਣ ਲੱਗੀਆਂ। ਗੁਰੂ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਰਸਤਿਆਂ ਦੇ ਦੁਆਲੇ ਬੂਟੇ ਲਗਾਏ ਜਾਣ ਲੱਗੇ ਅਤੇ ਸੜਕਾਂ ਦੇ ਦੁਆਲੇ ਖੜੇ ਬੂਜਿਆਂ ਦੀ ਥਾਂ ਫੁੱਲ ਅਤੇ ਫਲਾਂ ਦੇ ਬੂਟਿਆਂ ਨੇ ਲੈ ਲਈ ਸੀ।

ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਅਨੁਸਾਰ ਗੁਰਬਾਣੀ ਦੀ ਸ਼ੁਰੂਆਤ ਹੀ ਕੁਦਰਤ ਵਿਚੋਂ ਹੋਈ ਹੈ। ਗੁਰੂ ਨਾਨਕ ਦਾ ਸਿਖ ਅਖਵਾਉਣ ਵਾਲੇ ਨੂੰ ਕੁਦਰਤ ਦੀ ਸੰਭਾਲ ਕਰਨੀ ਕਾਦਰ ਦੀ ਸੇਵਾ ਕਰਨ ਦੇ ਤੁੱਲ ਹੈ। ਬਾਬਾ ਬਲਬੀਰ ਸਿੰਘ ਜੀ ਦੁਆਰਾ ਚੁਗਿਰਦਾ ਸੰਭਾਲ ਸੰਬੰਧੀ ਕੀਤੇ ਮੁੱਖ ਕਾਰਜਾਂ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ 'ਵੇਈਂ ਨਦੀ' ਨੂੰ ਸਾਫ ਕਰਵਾ ਕੇ

[14] ਖੁਸ਼ਹਾਲ ਲਾਲੀ, *ਬਾਬੇ ਦਾ ਮਿਸ਼ਨ*, ਓਵਰਈਜ਼ ਮੀਡੀਆ ਸਰਵਿਸ, ਮੋਹਾਲੀ, 2008, ਪੰਨਾ 14.

ਮੁੜ ਸੁਰਜੀਤ ਕਰਨਾ ਹੈ। ਇਸ ਨਾਲ ਇਕ ਪਾਸੇ ਨਦੀ ਦੀ ਇਤਿਹਾਸਕ ਮਹੱਤਤਾ ਨੂੰ ਬਰਕਰਾਰ ਕੀਤਾ ਗਿਆ ਅਤੇ ਨਾਲ ਹੀ ਵਾਤਾਵਰਨ ਸੰਭਾਲ ਵਿਚ ਵੀ ਯੋਗਦਾਨ ਪਾਇਆ ਗਿਆ ਹੈ। ਖੁਸ਼ਹਾਲ ਸਿੰਘ ਲਾਲੀ ਅਨੁਸਾਰ "ਜੋ ਕੁਝ ਉਨ੍ਹਾਂ ਨੇ ਆਪਣੇ ਪਿੰਡਾਂ ਜਾਂ ਇਤਿਹਾਸਕ ਵੇਈਂ ਨਦੀ ਦੁਆਲੇ ਕੀਤਾ ਹੈ ਉਹ ਮਹਿਜ਼ ਐਨੀ ਗਲ ਹੈ ਕਿ ਉਨ੍ਹਾਂ ਪਲੀਤ ਕਰ ਦਿਤੀ ਗਈ ਇਕ ਪੁਰਾਤਨ ਨਦੀ ਨੂੰ ਮੁੜ ਸੁਰਜੀਤ ਕੀਤਾ ਹੈ ਤੇ ਵਾਤਾਵਰਨ ਦੇ ਸੰਭਾਲ ਦੇ ਨੁਕਤੇ ਤੋਂ ਇਸ ਛੋਟੇ ਜਿਹੇ ਖਿੱਤੇ ਦੇ ਚੌਗਿਰਦੇ ਨੂੰ ਮੁੜ ਸੰਤੁਲਨ ਵਿਚ ਲੈ ਆਂਦਾ ਹੈ।"[15] 'ਵੇਈਂ' ਤੋ ਭਾਵ ਜਲ ਦਾ ਪ੍ਰਵਾਹ ਹੈ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਹ ਨਦੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਟੇਰਕਿਆਣਾ ਦੇ ਛੰਭ ਵਿਚੋਂ ਨਿਕਲ ਕੇ ਰਿਆਸਤ ਕਪੂਰਥਲੇ ਦੇ ਇਲਾਕੇ ਵਿਚੋਂ ਦੀ ਲੰਘਦੀ ਹੋਈ ਸੁਲਤਾਨਪੁਰ ਤੋਂ ਅਗੇ ਜਾ ਕੇ ਦਰਿਆ ਸਤਲੁਜ ਵਿਚ (ਹਰੀ ਕੇ ਪਤਣ ਤੋਂ ਦਸ ਕੁ ਮੀਲ ਉੱਪਰਲੇ ਪਾਸੇ) ਜਾ ਮਿਲਦੀ ਹੈ।[16] ਵੇਈਂ ਨਦੀ ਦੇ ਕੰਢੇ ਵਸੇ ਸਥਾਨ ਸੁਲਤਾਨਪੁਰ ਵਿਖੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਲਗਪਗ 15 ਸਾਲ ਬਿਤਾਏ ਸਨ।

**ਵੇਈਂ ਨਦੀ ਦੀ ਕਾਰ ਸੇਵਾ**: ਸਮੇਂ ਦੇ ਬਦਲਾਅ ਨਾਲ ਇਸ ਨਦੀ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਸੀ। ਇਸ ਨਦੀ ਦਾ ਤਲ ਕਾਲਾ ਹੋਣ ਕਾਰਨ ਇਸ ਨੂੰ 'ਕਾਲੀ ਵੇਈਂ' ਕਿਹਾ ਜਾਣ ਲਗ ਪਿਆ ਸੀ ਪਰ ਇਲਾਕੇ ਦੇ ਲੋਕਾਂ ਨੇ ਇਸ ਨਦੀ 'ਕਾਲੀ ਵੇਈਂ' ਨੂੰ ਗੰਦੀ ਨਦੀ ਸਮਝ ਕੇ ਘਰਾਂ, ਉਦਯੋਗਾਂ ਅਤੇ ਪਿੰਡਾਂ, ਸ਼ਹਿਰਾਂ ਦੀ ਰਹਿੰਦ-ਖੂੰਹਦ ਅਤੇ ਕੂੜੇ ਕਰਕਟ ਦਾ ਢੇਰ ਬਣਾ ਦਿੱਤਾ ਗਿਆ ਸੀ। ਇਸ ਪਵਿੱਤਰ ਵੇਈਂ ਦੇ ਕਿਨਾਰਿਆਂ 'ਤੇ ਸਥਿਤ ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲਾ ਸ਼ਹਿਰਾਂ ਦੇ 43 ਪਿੰਡਾਂ ਅਤੇ 6 ਸ਼ਹਿਰਾਂ ਦੀ ਘਰੇਲੂ ਰਹਿੰਦ-ਖੂੰਹਦ, ਸੀਵਰੇਜ ਅਤੇ ਕਾਰਖ਼ਾਨਿਆਂ ਦਾ ਗੰਦਾ ਪਾਣੀ ਇਸ ਨਦੀ ਵਿਚ ਪੈ ਰਿਹਾ ਸੀ।[17] ਦਸੂਹਾ ਨੇੜੇ ਪਿੰਡ ਧਨੋਆ ਵਿਖੇ ਇਕ ਜਲਗਾਹ ਜਿਸ ਤੋਂ ਵੇਈਂ ਨਦੀ ਦਾ ਵਹਿਣ ਵਹਿੰਦਾ ਸੀ, ਇਹ ਬਿਆਸ ਦਰਿਆ ਦੀ ਸੇਮ ਤੋਂ ਬਣਦੀ ਸੀ। ਪਰ ਕੁਝ ਸਮੇਂ ਬਾਅਦ ਇਸ ਨਦੀ ਵਿਚਲੇ ਕੂੜੇ ਕਰਕਟ ਨੂੰ ਵੇਖ ਕੇ ਦਸੂਹੇ ਦੇ ਪਿੰਡ ਗਲੋਵਾਲ ਕੋਲ ਬੰਨ੍ਹ ਲਗਾ ਕੇ

---

15 ਖੁਸ਼ਹਾਲ ਲਾਲੀ, *ਬਾਬੇ ਦਾ ਮਿਸ਼ਨ*, ਪੰਨਾ 6.

16 ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 961.

17 ਖੁਸ਼ਹਾਲ ਲਾਲੀ, *ਬਾਬੇ ਦਾ ਮਿਸ਼ਨ*, ਪੰਨਾ 60.

ਨਦੀ ਦਾ ਪਾਣੀ ਰੋਕ ਦਿੱਤਾ ਗਿਆ ਸੀ। ਜਿਸ ਨਾਲ ਵੇਈਂ ਵਿਚ ਵਗਣ ਵਾਲਾ ਪਾਣੀ ਸੁੱਕਣ ਲਗਾ ਤੇ ਪਰ ਦੂਜੇ ਪਾਸੇ ਪਾਣੀ ਬੰਦ ਕਰਨ ਨਾਲ ਇਸ ਤੋਂ ਪਿਛੋਂ ਦੇ ਪਿੰਡਾਂ ਜਿਵੇਂ ਧਨੋਆ, ਹਿੰਮਤਪੁਰ, ਸਤਾਬਕੋਟ, ਟੇਰਕਿਆਣਾ ਆਦਿ ਵਿਚ ਪਾਣੀ ਦੀ ਸੇਮ ਇੰਨੀ ਹੋ ਗਈ ਕਿ ਫ਼ਸਲਾਂ ਨੂੰ ਖੜੇ ਪਾਣੀ ਵਿਚ ਹੀ ਵੱਢਿਆ ਜਾਂਦਾ ਸੀ। ਵੇਈਂ ਨਦੀ ਦੀ ਤਹਿ ਉਤੇ ਚਿੱਕੜ ਅਤੇ ਗਾਰੇ ਦੀ ਤਹਿ ਜੰਮ ਚੁੱਕੀ ਸੀ ਜਿਸ ਨਾਲ ਪਾਣੀ ਦੀ ਰੀਚਾਰਜਿੰਗ ਬੰਦ ਹੋ ਚੁੱਕੀ ਸੀ। ਜਿਹਨਾਂ ਇਲਾਕਿਆਂ ਵਿਚ ਇਹ ਪਾਣੀ ਜਾਂਦਾ ਸੀ ਉਹ ਘਰੇਲੂ ਵਰਤੋਂ ਅਤੇ ਗੁਰਦੁਆਰਿਆਂ ਦੇ ਲੰਗਰਾਂ ਵਿਚ ਇਸ ਪਾਣੀ ਨੂੰ ਹੀ ਵਰਤਦੇ ਸਨ। ਸਿਖ ਧਰਮ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਨੂੰ ਵੇਈਂ ਦੀ ਅਜਿਹੀ ਹਾਲਤ ਵੇਖ ਕੇ ਦੁੱਖ ਹੁੰਦਾ ਸੀ।

ਵੇਈਂ ਨਦੀ ਦੀ ਇਸ ਸਮੱਸਿਆ ਨੂੰ ਵੇਖ ਕੇ 15 ਜੁਲਾਈ 2000 ਨੂੰ ਜਲੰਧਰ ਦੇ ਸੈਂਟਰਲ ਕੋਆਪਰੇਟਿਵ ਬੈਂਕ ਦੇ ਹਾਲ ਵਿਚ 'ਧਰਤ ਸੁਹਾਵੀ' ਸਵੈ ਸੇਵੀ ਸੰਸਥਾ ਵਲੋਂ ਸੈਮੀਨਾਰ ਦੇ ਰੂਪ ਵਿਚ ਇਕ ਮੀਟਿੰਗ ਬੁਲਾਈ ਗਈ। ਜਿਸ ਵਿਚ ਵਾਤਾਵਰਨ ਪ੍ਰੇਮੀ ਅਤੇ ਵਿਦਵਾਨਾਂ ਵਲੋਂ ਪ੍ਰਦੂਸ਼ਣ ਦੀ ਗੰਭੀਰ ਸਮੱਸਿਆ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿਚ ਬਾਬਾ ਬਲਬੀਰ ਸਿੰਘ ਜੀ ਵੀ ਹਾਜ਼ਰ ਸਨ। ਬਾਬਾ ਜੀ ਨੇ ਇਸ ਵੇਈਂ ਨਦੀ ਨੂੰ ਕਾਰ ਸੇਵਾ ਰਾਹੀਂ ਸਾਫ਼ ਕਰਨ ਦਾ ਐਲਾਨ ਕਰ ਕੇ ਇਸ ਦੀ ਪਵਿੱਤਰਤਾ ਨੂੰ ਮੁੜ ਬਹਾਲ ਕਰਵਾਉਣ ਦਾ ਬੀੜਾ ਚੁੱਕ ਲਿਆ।

16 ਜੁਲਾਈ 2000 ਨੂੰ ਬਾਬਾ ਬਲਬੀਰ ਸਿੰਘ ਸਿੰਘ ਜੀ ਨੇ ਗੁਰਦੁਆਰਾ ਬੇਰ ਸਾਹਿਬ[18] ਵਿਖੇ ਅਰਦਾਸ ਕਰ ਕੇ ਇਸ ਨਦੀ ਦੀ ਸੇਵਾ ਦਾ ਕਾਰਜ ਅਰੰਭ ਕਰ ਦਿੱਤਾ। 28 ਜੁਲਾਈ ਨੂੰ ਬਾਬਾ ਬਲਬੀਰ ਸਿੰਘ ਜੀ ਨੇ ਵੇਈਂ ਦੇ ਗੰਦੇ ਪਾਣੀ ਵਿਚੋਂ ਬੁੱਕ ਭਰ ਕੇ ਪਾਣੀ ਪੀਤਾ, ਜਿਸ ਤੋਂ ਸੰਗਤ ਇੰਨੀ ਪ੍ਰਭਾਵਿਤ ਹੋਈ ਕਿ ਸੇਵਾਦਾਰਾਂ ਨੇ ਵੇਈਂ ਨਦੀ ਵਿਚ ਵੜ ਕੇ ਕਾਰ ਸੇਵਾ ਵਿਚ ਬਾਬਾ ਜੀ ਦਾ ਸਾਥ ਦੇਣਾ ਅਰੰਭ ਕਰ ਦਿੱਤਾ। ਵੇਈਂ ਨਦੀ ਦੀ ਇਹ ਸਮੁੱਚੀ ਸੇਵਾ ਚਾਰ ਪੜਾਵਾਂ ਵਿਚ ਸੰਪੂਰਨ ਹੋਈ:

**(1) ਪਹਿਲਾ ਪੜਾਅ (2000-03):** ਵੇਈਂ ਨਦੀ ਦੀ ਕਾਰ ਸੇਵਾ ਦੇ ਪਹਿਲੇ ਪੜਾਅ ਵਿਚ ਵੇਈਂ

---

18 "ਸੁਲਤਾਨਪੁਰ ਤੋਂ ਪਛਮ ਵਲ ਕਰੀਬ ਅੱਧ ਮੀਲ ਦੂਰੀ ਉਤੇ ਉਹ ਅਸਥਾਨ ਜਿਥੇ ਗੁਰੂ ਸਾਹਿਬ ਵੇਈਂ ਵਿਚ ਇਸ਼ਨਾਨ ਕਰਨ ਸਮੇਂ ਜਾਇਆ ਕਰਦੇ ਸਨ।"

ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 194.

ਵਿੱਚੋਂ ਬੂਟੀ ਕੱਢੀ ਗਈ ਸੀ। ਨਦੀ ਦੇ ਤਲ ਉਤੇ ਇਕੱਠੀ ਹੋਈ ਚੀਕਣੀ ਗਾਰ ਨੂੰ ਕੱਢ ਕੇ ਵੇਈਂ ਦੇ ਕੰਢਿਆਂ ਉਤੇ ਉਚੇ ਤੇ ਚੌੜੇ ਬੰਨੇ ਬਣਾਏ ਗਏ ਸਨ। ਕੰਢਿਆਂ ਉਤੇ ਦੋਹੀਂ ਪਾਸੀਂ ਪੱਕੀਆਂ ਸੜਕਾਂ ਤਿਆਰ ਕੀਤੀਆਂ ਗਈਆਂ। ਵੇਈਂ ਦੇ ਕਿਨਾਰੇ ਫੁੱਲਾਂ ਤੇ ਫਲਾਂ ਵਾਲੇ ਦਰਖ਼ਤ ਲਗਾਏ ਗਏ ਅਤੇ ਸੰਗਤਾਂ ਦੇ ਇਸ਼ਨਾਨ ਲਈ ਸੁੰਦਰ ਇਸ਼ਨਾਨ ਘਾਟ ਉਸਾਰੇ ਗਏ ਸਨ। ਇਹਨਾਂ ਕਾਰਜਾਂ ਦੇ ਨਾਲ-ਨਾਲ ਵੇਈਂ ਨਦੀ ਵਿਚ ਪੈ ਰਹੇ ਗੰਦੇ ਸੀਵਰੇਜ ਨੂੰ ਬੰਦ ਕਰਾ ਕੇ ਸਾਫ਼ ਪਾਣੀ ਦੀ ਮਾਤਰਾ ਵਧਾਉਣ ਅਤੇ ਲੋਕਾਂ ਨੂੰ ਵੇਈਂ ਨਦੀ ਦੀ ਮਹੱਤਤਾ ਨੂੰ ਸਮਝਾਉਣ ਹਿਤ ਬਾਬਾ ਜੀ ਨੇ ਜਨਤਕ ਮੀਟਿੰਗਾਂ ਦੇ ਨਾਲ-ਨਾਲ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਧਾਰਮਿਕ ਅਤੇ ਰਾਜਸੀ ਨੇਤਾਵਾਂ ਦੀਆਂ ਵਿਚਾਰ ਗੋਸ਼ਟੀਆਂ ਵੀ ਕਰਵਾਈਆਂ। ਜਿਸ ਸਦਕਾ ਕਈ ਪਿੰਡਾਂ ਨੇ ਗੰਦੇ ਪਾਣੀ ਨੂੰ ਵੇਈਂ ਨਦੀ ਵਿਚ ਪੈਣ ਤੋਂ ਰੋਕ ਲਿਆ ਸੀ। ਇਸ ਕਾਰਜ ਵਿਚ ਸੁਲਤਾਨਪੁਰ ਲੋਧੀ ਅਤੇ ਇਸ ਦੇ ਆਸ ਪਾਸ ਦੇ ਪਿੰਡਾਂ ਦੀਆਂ ਅਣਗਿਣਤ ਸੰਗਤਾਂ ਨੇ ਵਧ-ਚੜ੍ਹ ਕੇ ਵਿਚ ਯੋਗਦਾਨ ਪਾਇਆ ਸੀ।

(2) **ਦੂਜਾ ਪੜਾਅ (2003-04):** ਇਸ ਸਮੇਂ ਦੌਰਾਨ ਨਦੀ ਵਿਚਲੇ ਸਾਫ਼ ਪਾਣੀ ਦੀ ਸਮੱਸਿਆ ਨੂੰ ਵਿਚਾਰਿਆ ਗਿਆ ਸੀ ਕਿਉਂਕਿ ਸਮੇਂ ਦੇ ਫੇਰ ਨਾਲ ਹੁਸ਼ਿਆਰਪੁਰ ਦੇ ਪਿੰਡ ਧਨੋਆ ਵਿਖੇ ਵੇਈਂ ਦੇ ਮੁੱਢ ਸਰੋਤ ਤੋਂ ਬਿਆਸ ਦਰਿਆ ਪਿੱਛੇ ਹਟ ਚੁਕਾ ਸੀ। ਇਸ ਤੋਂ ਇਲਾਵਾ ਧਰਤੀ ਹੇਠੋਂ ਫੁੱਟਦੇ ਝਰਨੇ ਜੋ ਬਿਆਸ ਦਰਿਆ ਦੇ ਪਿੱਛੇ ਹਟ ਜਾਣ ਮਗਰੋਂ ਵੇਈਂ ਨੂੰ ਪਾਣੀ ਮੁਹੱਈਆ ਕਰਦੇ ਰਹੇ ਸਨ, ਉਹ ਵੀ ਧਰਤੀ ਦੇ ਮੁਸਾਮ ਬੰਦ ਹੋਣ ਕਾਰਨ ਵਗਣੇ ਬੰਦ ਹੋ ਗਏ ਸਨ। ਇਸ ਕਰ ਕੇ ਮੁਕੇਰੀਆਂ ਹਾਈਡਲ ਚੈਨਲ ਤੋਂ ਸਾਈਫ਼ਨ ਰਾਹੀਂ ਕੁਝ ਸਾਫ਼ ਪਾਣੀ ਵੇਈਂ ਨਦੀ ਵਿਚ ਪਾਇਆ ਗਿਆ ਪਰ ਕੁਦਰਤੀ ਰੋੜ੍ਹ ਨਾ ਬਣ ਸਕਿਆ ਅਤੇ ਹਾਇਸੈਂਥ ਬੂਟੀ ਕਾਰਨ ਵਹਿਣ ਰੁਕ ਗਿਆ ਸੀ। ਸਰਕਾਰ ਵਲੋਂ ਛੱਡਿਆ ਪਾਣੀ ਵੇਈਂ ਨਦੀ ਦੇ ਨਾਲ ਲਗਦੀਆਂ ਜ਼ਮੀਨਾਂ ਵਿਚ ਫੈਲ ਗਿਆ ਤੇ ਫ਼ਸਲਾਂ ਲਈ ਖ਼ਤਰਾ ਬਣ ਗਿਆ। ਸੰਤ ਬਲਬੀਰ ਸਿੰਘ ਜੀ ਨੇ ਇਸ ਸਾਰੀ ਸਮੱਸਿਆ ਦੇ ਹਲ ਲਈ ਮੁੱਢੋਂ ਹੀ ਵੇਈਂ ਨਦੀ ਦੀ ਸੇਵਾ ਕਰਨ ਦੀ ਗੱਲ ਸੋਚੀ। ਇਸ ਕਾਰਜ ਲਈ ਲਾਗਲੇ ਪਿੰਡ ਹਿੰਮਤਪੁਰਾ

(ਧਨੋਆ) ਦੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਕਰਵਾਇਆ ਗਿਆ ਅਤੇ ਵੇਈਂ ਦੀ ਕਾਰ ਸੇਵਾ ਦੀ ਆਰੰਭਤਾ ਦੀ ਅਰਦਾਸ ਕੀਤੀ ਗਈ। 6 ਮਈ, 2003 ਨੂੰ ਬੂਧੋ ਬਰਕਤ-ਗਾਲੋਵਾਲ ਪੁਲ ਨੇੜੇ ਸੰਗਤ ਦੇ ਠਹਿਰਾਓ ਲਈ ਤੰਬੂ ਲਗਾ ਕੇ ਵੇਈਂ ਨਦੀ ਦੀ ਸਫ਼ਾਈ ਦੀ ਸੇਵਾ ਦਾ ਇਹ ਕਾਰਜ ਆਰੰਭ ਕਰ ਦਿੱਤਾ ਗਿਆ। ਇਸ ਤਰ੍ਹਾਂ 160 ਕਿਲੋਮੀਟਰ ਲੰਬੀ ਵੇਈਂ ਨਦੀ ਵਿਚੋਂ ਬੂਟੀ ਦੀ ਸਫ਼ਾਈ ਦਾ ਇਹ ਕਾਰਜ 65 ਦਿਨਾਂ ਵਿਚ ਮੁਕੰਮਲ ਕੀਤਾ ਗਿਆ। ਵੇਈਂ ਦੇ ਕਿਨਾਰੇ 110 ਕਿਲੋਮੀਟਰ ਲੰਬਾ ਰਸਤਾ ਵੀ ਤਿਆਰ ਕੀਤਾ ਗਿਆ। ਕਾਰ ਸੇਵਾ ਦੇ ਇਸ ਪੜਾਅ ਦੌਰਾਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਮੌਕੇ ਪਵਿੱਤਰ ਵੇਈਂ ਦੇ ਕੰਢੇ ਵਿਸ਼ਾਲ ਨਗਰ ਕੀਰਤਨਾਂ ਦਾ ਆਯੋਜਨ ਕੀਤਾ ਗਿਆ ਸੀ। ਜਨਵਰੀ ਤੋਂ 13 ਅਪ੍ਰੈਲ 2004 ਤਕ ਪਿੰਡ ਗਾਲੋਵਾਲ, ਭੁਲਥ, ਸੁਭਾਨਪੁਰ ਨਗਰ ਦਾ ਵੇਈਂ ਵਿਚ ਪੈਂਦਾ ਗੰਦਾ ਪਾਣੀ ਬੰਦ ਕਰ ਕੇ ਸੁੰਦਰ ਇਸ਼ਨਾਨ ਘਾਟਾਂ ਦੀ ਉਸਾਰੀ ਕਰ ਦਿੱਤੀ ਗਈ। 14 ਅਪ੍ਰੈਲ 2004 ਨੂੰ ਨਵੀਂ ਵੇਈਂ ਦੇ ਇਤਿਹਾਸ ਵਿਚ ਪਹਿਲੀ ਵਾਰ ਬਹੁਤ ਵੱਡੇ ਪੈਮਾਨੇ ’ਤੇ ਵਿਸਾਖੀ ਦਾ ਮੇਲਾ ਲੱਗਿਆ। ਨਾਨਕ ਨਾਮ ਲੇਵਾ ਸੰਗਤਾਂ ਨੇ ਵੇਈਂ ਕਿਨਾਰੇ ਇਹਨਾਂ ਸਥਾਨਾਂ ਤੇ (ਗਾਲੋਵਾਲ, ਭੁਲੱਥ, ਸੁਭਾਨਪੁਰ ਅਤੇ ਸੁਲਤਾਨਪੁਰ) ਵਿਖੇ ਅਖੰਡ ਪਾਠਾਂ ਦੇ ਭੋਗ ਪਾਏ, ਕੀਰਤਨ ਦਰਬਾਰ ਸਜਾਏ ਅਤੇ ਇਸ਼ਨਾਨ ਕੀਤੇ। ਵਿਸਾਖੀ ਤੋਂ ਅਗਲੇ ਦਿਨ 15 ਅਪ੍ਰੈਲ 2004 ਨੂੰ ਸੰਗਤਾਂ ਨੇ ਕਾਂਜਲੀ ਵਿਖੇ ਵੇਈਂ ਦੀ ਸਫ਼ਾਈ ਦੀ ਸੇਵਾ ਸ਼ੁਰੂ ਕਰ ਦਿੱਤੀ। ਮਈ 2004 ਵਿਚ ਕਾਂਜਲੀ ਦੀ ਝੀਲ ਦੀ ਸਫ਼ਾਈ ਮੁਕੰਮਲ ਕਰ ਕੇ ਪਿਕਨਿਕ ਸਪਾਟ ਕਾਂਜਲੀ ਅਤੇ 750 ਫੁੱਟ ਲੰਬੇ ਪੱਛਮੀ ਬੰਨ੍ਹ ਉਤੇ ਸੁੰਦਰ ਘਾਟ ਉਸਾਰੇ ਗਏ। ਸੰਤ ਬਲਬੀਰ ਸਿੰਘ ਸੀਚੇਵਾਲ ਦੀ ਰਹਿਨੁਮਾਈ ਅਧੀਨ ਚੱਲ ਰਹੀ ਇਸ ਕਾਰ ਸੇਵਾ ਦੇ ਦੂਜੇ ਪੜਾਅ ਦੌਰਾਨ ਡਾ. ਏ.ਪੀ.ਜੇ. ਅਬਦੁਲ ਕਲਾਮ ਵਲੋਂ 11 ਮਈ 2004 ਨੂੰ ‘ਤਕਨਾਲੋਜੀ ਦਿਵਸ’ ਦੇ ਮੌਕੇ ਰੇਡੀਓ ਤੋਂ ਕੌਮ ਦੇ ਨਾਂ ਆਪਣੇ ਸੰਦੇਸ਼ ਵਿਚ ਰਾਸ਼ਟਰ ਦੀਆਂ 9 ਸਰਵੋਤਮ ਪ੍ਰਾਪਤੀਆਂ ਵਿਚ ਕਾਰ ਸੇਵਾ ਦੇ ਇਸ ਕਾਰਜ ਨੂੰ ਵੀ ਸ਼ਾਮਲ ਕੀਤਾ ਗਿਆ ਸੀ।

(3) **ਤੀਜਾ ਪੜਾਅ (2004-05):** ਤੀਜੇ ਪੜਾਅ ਵਿਚ ਤਲਵੰਡੀ ਚੌਧਰੀਆਂ ਪੁਲ ਤੋਂ ਲੈ ਕੇ ਗੁਰਦੁਆਰਾ ਬੇਰ ਸਾਹਿਬ ਨੇੜਲੇ ਮੁਗ਼ਲਈ ਪੁਲ ਤਕ ਵੇਈਂ ਦੇ ਉੱਤਰ-ਪੱਛਮੀ ਪਾਸੇ ਘਾਟ ਉਸਾਰਨ ਦਾ ਕੰਮ ਪੂਰਾ ਕੀਤਾ ਗਿਆ ਸੀ। ਜੁਲਾਈ 2005 ਵਿਚ ਸੁਲਤਾਨਪੁਰ ਲੋਧੀ ਦੀ ਪਵਿੱਤਰ ਨਗਰੀ ਨੂੰ ਹਰਿਆ ਭਰਿਆ ਬਣਾਉਣ ਲਈ ਸੰਤ ਬਲਬੀਰ ਸਿੰਘ ਜੀ ਵਲੋਂ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ। ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪਿਪਲ, ਬੋਹੜ ਅਤੇ ਨਿੰਮ ਦੇ ਦਰਖਤਾਂ ਦੀਆਂ ਤ੍ਰਿਵੈਣੀਆਂ ਲਗਾਈਆਂ ਗਈਆਂ ਹਨ। ਪਾਣੀ ਵਿਚਲੇ ਜੀਵ ਪਾਣੀ ਦੀ ਸਫ਼ਾਈ ਵਿਚ ਬਹੁਤ ਭੂਮਿਕਾ ਨਿਭਾਉਂਦੇ ਹਨ, ਜਿਸ ਸਦਕਾ ਜੁਲਾਈ 2005 ਵਿਚ ਵੇਈਂ ਵਿਚੋਂ ਮੱਛੀਆਂ ਅਤੇ ਹੋਰ ਜਲ ਚਰ ਜੀਵਾਂ ਦੇ ਸ਼ਿਕਾਰ ਤੇ ਪਾਬੰਦੀ ਲਗਵਾਉਣ ਲਈ ਇਕ ਲੋਕ ਮੁਹਿੰਮ ਚਲਾਈ ਗਈ, ਜਿਸ ਸਦਕਾ ਅਕਤੂਬਰ 2006 ਵਿਚ ਵੇਈਂ ਨੂੰ 'ਪਵਿੱਤਰ ਨਦੀ' ਦਾ ਦਰਜਾ ਦੇ ਕੇ ਜਲੀ ਜੀਵਾਂ ਦੀ ਹੱਤਿਆ ਉਤੇ ਮੁਕੰਮਲ ਤੌਰ ਤੇ ਪਾਬੰਦੀ ਲਗਾ ਦਿੱਤੀ ਗਈ। ਸਤੰਬਰ-ਅਕਤੂਬਰ, 2005 ਵਿਚ ਸੁਲਤਾਨਪੁਰ ਦੀ ਇਤਿਹਾਸਕ ਨਗਰੀ ਨੂੰ ਸੁੰਦਰ ਤੇ ਸਾਫ਼ ਸੁਥਰਾ ਬਣਾਉਣ ਦੀ ਮੁਹਿੰਮ ਦੀ ਲੜੀ ਵਜੋਂ ਸੰਤ ਬਲਬੀਰ ਸਿੰਘ ਜੀ ਵਲੋਂ ਨਗਰ ਦੇ ਸਭ ਤੋਂ ਗੰਦੇ ਇਲਾਕੇ ਮੋਰੀ ਮੁਹੱਲੇ ਵਿਚ ਜ਼ਮੀਨਦੋਜ਼ ਸੀਵਰੇਜ ਪਾਉਣ ਦੀ ਸੇਵਾ ਅਰੰਭ ਕਰਵਾਈ ਗਈ।

(4) **ਚੌਥਾ ਪੜਾਅ (2006-07):** ਜਨਵਰੀ 2006 ਵਿਚ ਵੇਈਂ ਲਈ ਬੇੜੀਆਂ ਲਿਆਂਦੀਆਂ ਗਈਆਂ। ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਹੇਠਾਂ ਵਲ ਨੂੰ ਵੇਈਂ ਦੀ ਸਾਫ਼ ਸਫ਼ਾਈ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਇਸ ਦੌਰਾਨ ਵੇਈਂ ਦੇ ਡੂੰਘਾ ਅਤੇ ਸਾਫ ਹੋ ਜਾਣ ਕਾਰਨ ਹਰੀਕੇ ਪਤਣ ਵਲੋਂ ਬਿਆਸ ਦਰਿਆ ਦਾ ਪਾਣੀ ਸੁਲਤਾਨਪੁਰ ਵਲ ਆਉਣ ਲਗ ਪਿਆ, ਜਿਸ ਨਾਲ ਵੇਈਂ ਨਦੀ ਦਾ ਪਾਣੀ ਮੁੜ ਵਗਣਾ ਸ਼ੁਰੂ ਹੋ ਗਿਆ ਤੇ ਪਾਣੀ ਦੀ ਸਤ੍ਹਾ ਉਚੀ ਹੋਣੀ ਸ਼ੁਰੂ ਹੋ ਗਈ ਪਰ ਅਜੇ ਵੀ ਬਹੁਤ ਸਾਰੇ ਪਿੰਡ ਵੇਈਂ ਨਦੀ ਵਿਚ ਗੰਦਾ ਪਾਣੀ ਪਾਉਂਦੇ ਹਨ।

21 ਅਪ੍ਰੈਲ 2006 ਨੂੰ ਸੰਤ ਸੀਚੇਵਾਲ ਜੀ ਨੇ ਰਾਸ਼ਟਰਪਤੀ ਭਵਨ ਵਿਖੇ ਡਾ. ਏ.ਪੀ.ਜੇ. ਅਬਦੁਲ ਕਲਾਮ ਨਾਲ ਮੁਲਾਕਾਤ ਕਰ ਕੇ, ਵੇਈਂ ਨਦੀ ਵਿਚ ਪੈ ਰਹੇ ਗੰਦੇ ਪਾਣੀ ਦੀ ਸਮੱਸਿਆ ਸੰਬੰਧੀ ਧਿਆਨ ਦਿਵਾਇਆ ਸੀ। ਰਾਸ਼ਟਰਪਤੀ ਵਲੋਂ ਇਸ ਦਾ ਗੰਭੀਰ ਨੋਟਿਸ ਲੈਂਦੇ ਹੋਏ ਸਥਾਨਕ ਪ੍ਰਸ਼ਾਸਨ ਨੂੰ ਤੁਰੰਤ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ ਸੀ। ਇਸ ਸਮੱਸਿਆ ਦੇ ਮੱਦੇ ਨਜ਼ਰ ਰਾਸ਼ਟਰਪਤੀ ਡਾ. ਅਬਦੁਲ ਕਲਾਮ ਜੀ ਪਵਿੱਤਰ ਵੇਈਂ ਦੇ ਦਰਸ਼ਨਾਂ ਲਈ ਸੁਲਤਾਨਪੁਰ ਲੋਧੀ ਵਿਖੇ ਵੀ ਆਏ ਸਨ। ਰਾਸ਼ਟਰਪਤੀ ਦੁਆਰਾ ਸੰਤ ਬਾਬਾ ਸੀਚੇਵਾਲ ਜੀ ਦੀ ਅਗਵਾਈ ਵਿਚ ਕੀਤੀ ਜਾ ਰਹੀ ਇਸ ਸੇਵਾ ਦੀ ਬਹੁਤ ਸ਼ਲਾਘਾ ਵੀ ਕੀਤੀ ਗਈ ਹੈ। ਸਰਕਾਰ ਵਲੋਂ 'ਬਾਬਾ ਨਾਨਕ ਪਵਿੱਤਰ ਕਾਲੀ ਵੇਈਂ ਪ੍ਰੋਜੈਕਟ' ਕਮੇਟੀ ਬਣਾਈ ਗਈ ਸੀ। ਵੇਈਂ ਨਦੀ ਵਿਚ ਪੈਂਦੇ ਗੰਦੇ ਪਾਣੀਆਂ ਦੇ ਆਰਜ਼ੀ ਪ੍ਰਬੰਧ ਲਈ ਪੰਜਾਬ ਸਰਕਾਰ ਵਲੋਂ ਨੌਂ ਕਰੋੜ ਰੁਪਏ ਵੀ ਦਿੱਤੇ ਗਏ ਸਨ। ਇਸ ਕਾਰਜ ਦੌਰਾਨ ਬਾਬਾ ਬਲਬੀਰ ਸਿੰਘ ਜੀ ਨੂੰ ਕਈ ਪਿੰਡਾਂ ਅਤੇ ਪ੍ਰਸ਼ਾਸਨ ਤੋਂ ਬਹੁਤ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ ਸੀ।

**ਸੀਚੇਵਾਲ ਮਾਡਲ:** ਬਾਬਾ ਬਲਵੀਰ ਸਿੰਘ ਸੀਚੇਵਾਲ ਵਲੋਂ ਵੇਈਂ ਨਦੀ ਵਿਚ ਪੈ ਰਹੇ ਤਕਰੀਬਨ 22 ਪਿੰਡਾਂ ਅਤੇ ਸ਼ਹਿਰਾਂ ਦੇ ਗੰਦੇ ਪਾਣੀਆਂ ਨੂੰ ਸਾਂਝੇ ਛੱਪੜਾਂ ਵਿਚ ਇਕੱਠਾ ਕਰਨ ਉਪਰੰਤ ਦੇਸੀ ਢੰਗ ਨਾਲ ਟਰੀਟ ਕਰ ਕੇ ਪਾਈਪ ਲਾਈਨਾਂ ਰਾਹੀਂ ਕਿਸਾਨਾਂ ਦੇ ਖੇਤਾਂ ਤਕ ਪਹੁੰਚਾਉਣ ਦੇ ਬਦਲਵੇਂ ਪ੍ਰਬੰਧ ਕੀਤੇ ਗਏ ਹਨ। ਜਿਸ ਨੂੰ 'ਸੀਚੇਵਾਲ ਮਾਡਲ' ਕਿਹਾ ਜਾਂਦਾ ਹੈ। ਇਸ ਸਹੂਲਤ ਦਾ ਲਾਭ 72 ਦੇ ਕਰੀਬ ਕਿਸਾਨ ਲੈ ਰਹੇ ਹਨ। ਇਸ ਤਰ੍ਹਾਂ ਜੋ ਗੰਦਾ ਪਾਣੀ ਪਹਿਲਾਂ ਇਕ ਮੁਸੀਬਤ ਬਣਿਆ ਹੋਇਆ ਸੀ, ਉਹ ਹੁਣ ਇਕ ਕੀਮਤੀ ਵਸਤ ਬਣ ਗਿਆ ਹੈ। ਇਹ ਸੀਚੇਵਾਲ ਮਾਡਲ ਨਿਮਨਲਿਖਤ ਢੰਗ ਰਾਹੀਂ ਤਿਆਰ ਕੀਤਾ ਜਾਂਦਾ ਹੈ:

1. ਸੀਚੇਵਾਲ ਮਾਡਲ ਬਣਾਉਣ ਲਈ ਪਿੰਡ ਜਾਂ ਸਥਿਤ ਵਸੋਂ ਦੇ ਗੰਦੇ ਕੀਤੇ ਪਾਣੀ ਨੂੰ ਸੀਵਰੇਜ ਰਾਹੀਂ ਇਕ ਛੱਪੜ ਵਿਚ ਇੱਕਠਾ ਕੀਤਾ ਜਾਂਦਾ ਹੈ। ਇਸ ਛੱਪੜ ਦੇ ਅਰੰਭ ਵਿਚ ਇਕ ਜਾਲੀ ਲਗਾਈ ਜਾਂਦੀ ਹੈ ਤਾਂ ਜੋ ਪਾਣੀ ਉਪਰ ਤੈਰ ਰਹੀਆਂ ਵਸਤਾਂ ਨੂੰ ਇਕੱਠਾ ਕਰ ਕੇ ਅੱਗੇ ਜਾਣ ਤੋਂ ਰੋਕਿਆ ਜਾ ਸਕੇ।

2. ਛੱਪੜ ਦੇ ਇਕ ਪਾਸੇ ਤਿੰਨ ਖੂਹ ਬਣਾਏ ਜਾਂਦੇ ਹਨ, ਸੀਵਰੇਜ ਰਾਹੀਂ ਆ ਰਿਹਾ ਪਾਣੀ ਇਹਨਾਂ ਤਿੰਨਾਂ ਖੂਹਾਂ ਵਿਚੋਂ ਦੀ ਹੁੰਦਾ ਹੋਇਆ ਛੱਪੜ ਵਿਚ ਪੈਂਦਾ ਹੈ।
3. ਸੀਵਰੇਜ ਰਾਹੀਂ ਇੱਕਠੀ ਹੋਈ ਗਾਰ ਪਹਿਲੇ ਖੂਹ ਵਿਚ ਹੀ ਰਹਿ ਜਾਂਦੀ ਹੈ ਪਾਣੀ ਤੈਰ ਕੇ ਦੂਜੇ ਖੂਹ ਵਿਚ ਪੈ ਜਾਂਦਾ ਹੈ। ਇਸ ਖੂਹ ਵਿਚ ਪਾਣੀ ਉਪਰ ਤੈਰ ਰਹੀ ਚਿਕਨਾਈ ਰਹਿ ਜਾਂਦੀ ਹੈ ਅਤੇ ਪਾਣੀ ਤੀਜੇ ਖੂਹ ਵਿਚ ਚਲਾ ਜਾਂਦਾ ਹੈ। ਇਹਨਾਂ ਤਿੰਨਾਂ ਖੂਹਾਂ ਵਿਚ ਪਾਣੀ ਦਾ ਲੈਵਲ ਬਰਾਬਰ ਰੱਖਿਆ ਜਾਂਦਾ ਹੈ। ਸੂਰਜ ਦੀਆ ਕਿਰਨਾਂ ਰਾਹੀਂ ਸਾਫ਼ ਹੋਇਆ ਤੀਜੇ ਖੂਹ ਵਿਚਲਾ ਪਾਣੀ ਛੱਪੜ ਵਿਚ ਚਲਾ ਜਾਂਦਾ ਹੈ।
4. ਇਸ ਛੱਪੜ ਵਿਚ ਖੂਹਾਂ ਤੋਂ ਦੂਜੇ ਪਾਸੇ ਮੋਟਰ ਲਗੀ ਹੁੰਦੀ ਹੈ, ਜਿਸ ਰਾਹੀਂ ਇਹ ਪਾਣੀ ਖੇਤਾਂ ਨੂੰ ਸਪਲਾਈ ਕਰ ਕੇ ਫ਼ਸਲਾਂ ਲਈ ਵਰਤਿਆ ਜਾਂਦਾ ਹੈ।

ਜਿਹੜੇ ਕਿਸਾਨ ਇਹ ਟਰੀਟ ਕੀਤਾ ਹੋਇਆ ਪਾਣੀ ਆਪਣੀਆਂ ਫ਼ਸਲਾਂ ਨੂੰ ਲਾਉਂਦੇ ਹਨ, ਉਨ੍ਹਾਂ ਨੂੰ ਦੂਹਰਾ ਲਾਭ ਹੁੰਦਾ ਹੈ, ਇਕ ਤਾਂ ਉਹਨਾਂ ਦੀ ਫ਼ਸਲ ਨੂੰ ਪਾਣੀ ਮਿਲਦਾ ਹੈ, ਦੂਜਾ ਫ਼ਸਲ ਨੂੰ ਰਸਾਇਣਿਕ ਖਾਦਾਂ ਦੀ ਲੋੜ ਵੀ ਨਹੀਂ ਪੈਂਦੀ।

ਸਾਲ 2015 ਵਿਚ ਕੇਂਦਰੀ ਮੰਤਰੀ ਉਮਾ ਭਾਰਤੀ ਵਲੋਂ ਇਸ ਸੀਚੇਵਾਲ ਮਾਡਲ ਦਾ ਦੌਰਾ ਕੀਤਾ ਗਿਆ। ਘੱਟ ਲਾਗਤ ਵਾਲੇ ਇਸ ਮਾਡਲ ਤੋਂ ਪ੍ਰਭਾਵਿਤ ਹੋ ਕੇ ਕੇਂਦਰ ਸਰਕਾਰ ਵਲੋਂ ਉਤਰਾਖੰਡ, ਰਾਜਸਥਾਨ, ਹਰਿਆਣਾ ਆਦਿ ਰਾਜਾਂ ਵਿਚ ਇਸ ਮਾਡਲ ਨੂੰ ਲਾਗੂ ਕਰ ਕੇ ਪਾਣੀ ਦੀ ਸੰਭਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤਹਿਤ ਕੇਂਦਰ ਸਰਕਾਰ ਵਲੋਂ ਗੰਗਾ ਨਦੀ ਦੇ ਕੰਢੇ ਵਸਦੇ 1657 ਪਿੰਡਾਂ ਵਿਚੋਂ 200 ਪਿੰਡਾਂ ਵਿਚ ਇਹ ਮਾਡਲ ਲਾਗੂ ਕਰਨ ਲਈ ਇਕ-ਇਕ ਕਰੋੜ ਰੁਪਇਆ ਵੀ ਦਿੱਤਾ ਗਿਆ ਹੈ।[19] ਇਸ ਮਾਡਲ ਰਾਹੀਂ ਦੂਸ਼ਿਤ ਪਾਣੀ ਨੂੰ ਮੁੜ ਵਰਤੋਂ ਵਿਚ ਲਿਆ ਕੇ ਧਰਤੀ ਵਿਚੋਂ ਟਿਊਬਵੈਲਾਂ ਰਾਹੀ ਕਢੇ ਜਾਂਦੇ ਪਾਣੀ ਉਤੇ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਪਾਣੀ ਦੇ ਪੱਧਰ ਨੂੰ ਨੀਵਾਂ ਹੋਣ ਤੋਂ ਰੋਕਿਆ ਜਾ ਸਕਦਾ ਹੈ।

**ਕਾਲਾ ਸੰਘਿਆ ਡਰੇਨ ਅਤੇ ਬੁੱਢਾ ਨਾਲਾ:** ਦੁਆਬੇ ਦੇ ਕੇਂਦਰੀ ਉਦਯੋਗਿਕ ਸ਼ਹਿਰਾਂ ਦਾ ਜ਼ਹਿਰੀਲਾ

---

19 *ਨਿਰਮਲ ਨੂਰ,* Vol-52, ਜਨਵਰੀ-ਫਰਵਰੀ 2017, ਪੰਨਾ 25.

ਅਤੇ ਗੰਦਾ ਪਾਣੀ ਇਥੇ ਵਗਦੀਆਂ ਨਦੀਆਂ ਬਿਆਸ, ਸਤਲੁਜ, ਕਾਲੀ ਵੇਈਂ, ਚਿੱਟੀ ਵੇਈਂ, ਬੁੱਢਾ ਨਾਲਾ, ਕਾਲਾ ਸੰਘਿਆ ਡਰੇਨ ਆਦਿ ਵਿਚ ਪੈਣ ਕਾਰਨ ਇਹ ਨਦੀਆਂ ਜ਼ਹਿਰ ਦੀਆਂ ਨਦੀਆਂ ਬਣ ਗਈਆਂ ਸਨ।[20] ਜਿਸ ਕਰ ਕੇ ਮਾਰਚ 2009 ਵਿਚ ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਪਾਣੀਆਂ ਦੀ ਸੰਭਾਲ ਲਈ ਦੁਆਬੇ ਵਿਚੋਂ ਲੋਕ ਲਹਿਰ ਉੱਠੀ, ਜਿਸ ਦੁਆਰਾ 'ਪਾਣੀ ਬਚਾਓ ਪੰਜਾਬ ਬਚਾਓ' ਨਾਹਰੇ ਹੇਠ ਇਕ 'ਵਾਤਾਵਰਨ ਚੇਤਨਾ ਮਾਰਚ' ਕੱਢਿਆ ਗਿਆ। ਇਸ ਚੇਤਨਾ ਮਾਰਚ ਦਾ ਐਲਾਨ ਬਾਬਾ ਲਾਲ ਸਿੰਘ ਜੀ ਦੀ ਚੌਥੀ ਬਰਸੀ ਮੌਕੇ ਕਰ ਦਿੱਤਾ ਗਿਆ ਸੀ। ਇਸ ਚੇਤਨਾ ਮਾਰਚ ਤਹਿਤ ਅਨੇਕ ਬੁੱਧੀਜੀਵੀਆਂ, ਵਾਤਾਵਰਨ ਪ੍ਰੇਮੀਆਂ, ਧਾਰਮਿਕ ਅਤੇ ਸਮਾਜਕ ਪ੍ਰੇਮੀਆਂ ਆਦਿ ਨਾਲ ਵਿਚਾਰ ਵਟਾਂਦਰੇ ਕੀਤੇ ਗਏ ਸਨ। ਇਹ 'ਵਾਤਾਵਰਨ ਚੇਤਨਾ ਮਾਰਚ' 1 ਅਪ੍ਰੈਲ 2009 ਤੋਂ ਸ਼ੁਰੂ ਕਰ ਕੇ 30 ਅਪ੍ਰੈਲ 2009 ਨੂੰ ਗੰਗਾਨਗਰ ਜਾ ਕੇ ਸੰਪੂਰਨ ਹੋਇਆ ਸੀ। ਇਸ ਚੇਤਨਾ ਮਾਰਚ ਰਾਹੀਂ ਪ੍ਰਦੂਸ਼ਿਤ ਜਲ ਸਰੋਤਾਂ ਕਾਲਾ ਸੰਘਿਆ ਡਰੇਨ, ਚਿੱਟੀ ਵੇਈਂ, ਬੁੱਢਾ ਨਾਲਾ, ਸਤਲੁਜ ਦਰਿਆ, ਰਾਜਸਥਾਨ ਫੀਡਰ, ਅਤੇ ਸਰਹਿੰਦ ਨਹਿਰ ਦੇ ਕੰਢਿਆਂ ਉਤੇ ਵਸੇ ਨਗਰਾਂ ਦਾ ਨਿਰੀਖਣ ਕੀਤਾ ਗਿਆ ਹੈ ਕਿਉਂਕਿ ਇਹਨਾਂ ਨਗਰਾਂ ਦੇ ਲੋਕ ਜ਼ਹਿਰੀਲੇ ਪਾਣੀ ਕਾਰਨ ਵੱਡੀ ਗਿਣਤੀ ਵਿਚ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਮਰ ਰਹੇ ਹਨ।[21] ਸੰਗਤਾਂ ਵਲੋਂ ਥਾਂ-ਥਾਂ ਇਸ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ ਸੀ।

ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਵਲੋਂ ਚਿੱਟੀ ਵੇਈਂ[22] ਵਿਚ ਪੈ ਰਹੇ 'ਕਾਲਾ ਸੰਘਿਆ ਡਰੇਨ' ਅਤੇ ਸਤਲੁਜ ਵਿਚ ਪੈ ਰਹੇ ਲੁਧਿਆਣੇ ਜ਼ਿਲ੍ਹੇ ਦੇ 'ਬੁੱਢੇ ਨਾਲੇ' ਦਾ ਗੰਦਾ ਪਾਣੀ ਬੰਦ ਕਰਾਉਣ ਲਈ ਵੀ ਜੱਦੋ-ਜਹਿਦ ਕੀਤੀ ਜਾ ਰਹੀ ਹੈ। ਜਲੰਧਰ ਸ਼ਹਿਰ ਦਾ 'ਕਾਲਾ ਸੰਘਿਆ ਡਰੇਨ' ਇਲਾਕੇ ਨੂੰ ਬਰਸਾਤ ਦੇ ਪਾਣੀ ਦੀ ਮਾਰ ਤੋਂ ਬਚਾਉਣ ਅਤੇ ਪਾਣੀ ਦੀ ਰੀਚਾਰਜਿੰਗ ਲਈ ਬਣਾਇਆ

---

20 *ਨਿਰਮਲ ਨੂਰ,* Vol-31, ਜੂਨ-2009, ਪੰਨਾ 3.

21 ਉਹੀ, ਪੰਨਾ 4.

22 "ਜਿਲਾ ਹੁਸ਼ਿਆਰਪੁਰ ਦੇ ਨਗਰ ਗੜ੍ਹਸ਼ੰਕਰ ਪਾਸੋਂ ਨਿਕਲਕੇ, ਜਿਲ੍ਹਾ ਹੁਸ਼ਿਆਰਪੁਰ ਜਲੰਧਰ ਦੀਆਂ ਹੱਦਾਂ ਵਿੱਚ ਦੀਂ ਵਲ ਖਾਂਦੀ ਹੋਈ, ਰਿਆਸਤ ਕਪੂਰਥਲੇ ਦੇ ਇਲਾਕੇ ਥਾਣੀਂ ਲੰਘ ਕੇ ਜਿਲ੍ਹਾ ਜਲੰਧਰ ਦੀ ਜ਼ਮੀਨ ਵਿਚ ਸਤਲੁਜ ਦਰਿਆ ਨਾਲ ਜਾ ਮਿਲਦੀ ਹੈ।"
ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 961.

ਗਿਆ ਸੀ। ਇਹ ਡਰੇਨ ਪਠਾਨਕੋਟ ਦੇ ਪਿੰਡ ਬੁਲੰਦਪੁਰ ਤੋਂ ਸ਼ੁਰੂ ਹੋ ਕੇ ਕਪੂਰਥਲਾ ਰੋਡ ਚਮੜਾ ਕੰਪਲੈਕਸ ਕੋਲੋਂ ਹੁੰਦਾ ਹੋਇਆ ਕਾਲਾ ਸੰਘਿਆ ਤੋਂ ਬਾਅਦ ਚਿੱਟੀ ਵੇਈਂ ਵਿਚ ਜਾ ਰਲਦਾ ਹੈ। ਪਹਿਲਾਂ ਇਹ ਨਾਲਾ ਸਾਫ਼ ਸੁਥਰਾ ਹੁੰਦਾ ਸੀ ਪਰ ਮਗਰੋਂ ਜਲੰਧਰ ਨਗਰ ਨਿਗਮ ਵਲੋਂ ਸ਼ਹਿਰ ਦੇ ਘਰੇਲੂ ਅਤੇ ਉਦਯੋਗਿਕ ਰਹਿੰਦ-ਖੂੰਹਦ ਲਈ ਵਰਤਿਆ ਜਾਣ ਲਗ ਪਿਆ ਹੈ।

ਇਸੇ ਤਰ੍ਹਾਂ ਲੁਧਿਆਣੇ ਜ਼ਿਲ੍ਹੇ ਵਿਚਲਾ ਬੁੱਢਾ ਨਾਲਾ ਵੀ ਸਤਲੁਜ ਦਰਿਆ ਦੇ ਪ੍ਰਦੂਸ਼ਣ ਦਾ ਮੁੱਖ ਕਾਰਨ ਬਣ ਰਿਹਾ ਹੈ। ਬੁੱਢਾ ਨਾਲਾ ਪੰਜਾਬ ਦੇ ਮਾਲਵਾ ਖੇਤਰ ਵਿਚ ਵਗਦਾ ਮੌਸਮੀ ਨਾਲਾ ਹੈ। ਇਹ ਸਿੰਧ ਨਦੀ ਦੀ ਇਕ ਸਹਾਇਕ ਨਦੀ ਹੈ, ਜਿਹੜੀ ਕਿ ਸਤਲੁਜ ਵਿਚ ਜਾ ਪੈਂਦੀਂ ਹੈ। ਹੁਣ ਸ਼ਹਿਰ ਦੀ ਉਦਯੋਗਿਕ ਅਤੇ ਘਰੇਲੂ ਰਹਿੰਦ-ਖੂੰਹਦ ਇਸ ਨਾਲੇ ਵਿਚ ਸੁੱਟੀ ਜਾਂਦੀ ਹੈ। ਜਿਹੜੀ ਕਿ ਸਾਰੀ ਇਕੱਠੀ ਹੋ ਕੇ ਸਤਲੁਜ ਵਿਚ ਜਾ ਪੈਂਦੀ ਹੈ, ਜਿਸ ਨਾਲ ਸਤਲੁਜ ਦਾ ਪਾਣੀ ਗੰਦਾ ਹੋ ਜਾਂਦਾ ਹੈ। 2010 ਦੀਆਂ ਰਿਪੋਰਟਾਂ ਅਨੁਸਾਰ ਬੁੱਢੇ ਨਾਲੇ ਦੇ ਪਾਣੀ ਵਿਚ ਜ਼ਿੰਕ, ਨਿਕਲ, ਕਰੋਮੀਅਮ, ਸਿੱਕਾ, ਤਾਂਬਾ, ਲੋਹਾ ਅਤੇ ਸੋਡੀਅਮ ਵਰਗੇ ਜ਼ਹਿਰੀਲੇ ਤੱਤ ਸ਼ਾਮਿਲ ਹਨ।[23] ਸਤਲੁਜ ਦਾ ਪਾਣੀ ਹਰੀ ਕੇ ਪੱਤਣ ਕੋਲ ਜਾ ਕੇ ਬਿਆਸ ਦਰਿਆ ਵਿਚ ਮਿਲ ਜਾਂਦਾ ਹੈ ਜਿਥੋਂ ਕਿ ਵੱਖ-ਵੱਖ ਨਹਿਰਾਂ ਰਾਹੀਂ ਇਹ ਪਾਣੀ ਮਲੋਟ, ਜ਼ੀਰਾ, ਲੰਬੀ ਅਤੇ ਰਾਜਸਥਾਨ ਨੂੰ ਦਿੱਤਾ ਜਾਂਦਾ ਹੈ। ਇਹਨਾਂ ਕਾਰਨਾਂ ਕਰ ਕੇ ਇਥੋਂ ਦੇ ਇਲਾਕੇ ਕੈਂਸਰ, ਕਾਲਾ ਪੀਲੀਆ ਅਤੇ ਹੋਰ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹਨ। ਸੰਤ ਬਾਬਾ ਸੀਚੇਵਾਲ ਵਲੋਂ ਕਾਲਾ ਸੰਘਿਆ ਡਰੇਨ ਅਤੇ ਬੁੱਢੇ ਨਾਲ਼ੇ ਵਿਚਲੇ ਪਾਣੀ ਦੇ ਵਹਾਅ ਨੂੰ ਅਨੇਕ ਵਾਰ ਬੰਨ੍ਹ ਲਗਾ ਕੇ ਪ੍ਰਸ਼ਾਸਨ ਅਤੇ ਉਦਯੋਗਪਤੀਆਂ ਨੂੰ ਉਹਨਾਂ ਦੀ ਜ਼ਿਮੇਵਾਰੀ ਦਾ ਅਹਿਸਾਸ ਕਰਵਾਇਆ ਜਾਂਦਾ ਰਿਹਾ ਹੈ।

**ਸਨਮਾਨ:** ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੂੰ ਵਾਤਾਵਰਨ ਸੰਭਾਲ ਲਈ ਨਿਭਾਈ ਜਾ ਰਹੀ ਸੇਵਾ ਸਦਕਾ ਕਈ ਸਨਮਾਨ ਵੀ ਪ੍ਰਾਪਤ ਹੋਏ:

1. ਸਵੱਛ ਭਾਰਤ ਮੁਹਿੰਮ ਦੀ ਦੂਜੀ ਵਰ੍ਹੇਗੰਢ ਮੌਕੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਨਵੀਂ ਦਿੱਲੀ ਵਿਚ 'ਸਫ਼ਾਈ ਗਿਰੀ' ਐਵਾਰਡ ਨਾਲ ਸਨਮਾਨਿਤ ਕੀਤਾ

[23] *ਨਿਰਮਲ ਨੂਰ,* Vol 34, ਮਈ 2011, ਪੰਨਾ 7.

ਗਿਆ। ਇਹ ਐਵਾਰਡ ਫ਼ਿਲਮੀ ਅਦਾਕਾਰਾ ਐਸ਼ਵਰਿਆ ਰਾਏ ਬੱਚਨ, ਸੂਚਨਾ ਤੇ ਪ੍ਰਸਾਰਣ ਮੰਤਰੀ ਐਮ.ਵੈਕਈਆ ਨਾਇਡੂ ਅਤੇ ਇੰਡੀਆ ਟੂਡੇ ਗਰੁੱਪ ਦੇ ਐਡੀਟਰ-ਇਨ-ਚੀਫ਼ ਅਰੁਣ ਪੁਰੀ ਨੇ ਸਾਂਝੇ ਤੌਰ ਤੇ ਦਿੱਤਾ।[24]

2. ਮਹਾਰਾਸ਼ਟਰ ਵਿਕਾਸ ਕੇਂਦਰ ਪੁਣੇ ਵੱਲੋਂ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਪਵਿੱਤਰ ਕਾਲੀ ਵੇਈਂ ਨੂੰ ਮੁੜ ਸੁਰਜੀਤ ਕਰਨ ਅਤੇ ਟਰੀਟ ਹੋਏ ਪਾਣੀ ਨੂੰ ਖੇਤੀ ਲਈ ਵਰਤੇ ਜਾਣ ਬਾਰੇ ਵਿੱਢੀ ਮੁਹਿੰਮ ਸਦਕਾ 'ਜਲ-ਮਿੱਤਰਾ' ਐਵਾਰਡ ਨਾਲ ਸਨਮਾਨਿਤ ਕੀਤਾ। ਇਹ ਸਨਮਾਨ ਦੁਬਈ ਦੇ ਵਾਟਰ ਕੰਜ਼ਰਵੇਸ਼ਨ ਐਂਡ ਰੇਨ ਵਾਟਰ ਹਾਰਵੈਸਟਿੰਗ ਦੇ ਚੇਅਰਮੈਨ ਅਤੇ ਵਰਲਡ ਵਾਟਰ ਕੌਂਸਲ (ਫਰਾਂਸ) ਦੇ ਮੈਂਬਰ ਡਾ. ਮੁਸਤਫ਼ਾ ਤਾਹਿਰ ਅਲੀ ਸਸਾ ਨੇ ਦਿੱਤਾ ਸੀ।[25]

3. ਬਾਬਾ ਬਲਬੀਰ ਸਿੰਘ ਜੀ ਦੁਆਰਾ ਚੁਗਿਰਦਾ ਦੀ ਸੰਭਾਲ ਵਿਚ ਪਾਏ ਯੋਗਦਾਨ ਸਦਕਾ 2017 ਵਿਚ ਉਹਨਾਂ ਨੂੰ 'ਪਦਮ ਸ੍ਰੀ ਐਵਾਰਡ' ਨਾਲ ਸਨਮਾਨਿਆ ਗਿਆ ਹੈ।

ਬਾਬਾ ਬਲਬੀਰ ਸਿੰਘ ਜੀ ਵਲੋਂ ਪਾਣੀਆਂ ਦੀ ਸੰਭਾਲ ਕਰ ਕੇ 'ਪਹਿਲਾ ਪਾਣੀ ਜੀਉ ਹੈ' ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਬਾਬਾ ਬਲਬੀਰ ਸਿੰਘ ਜੀ ਅਨੁਸਾਰ "ਪਾਣੀ ਤਾਂ ਪਾਣੀ ਹੈ। ਇਹ ਪਾਣੀ ਚਿੱਟੀ ਵੇਈਂ ਦਾ ਹੋਵੇ ਜਾਂ ਕਾਲੀ ਵੇਈਂ ਦਾ ਹੋਵੇ। ਸਤਲੁਜ, ਗੰਗਾ, ਜਮਨਾ ਜਾਂ ਗੋਦਾਵਰੀ ਦਾ ਹੋਵੇ, ਭਾਰਤ ਦਾ ਪਾਣੀ ਹੋਵੇ ਜਾਂ ਕਿਸੇ ਹੋਰ ਦੇਸ਼ ਦਾ ਪਾਣੀ ਹੋਵੇ। ਹਰ ਇਕ ਨੂੰ ਪਾਣੀ ਦੀ ਜ਼ਰੂਰਤ ਉਸੇ ਤਰ੍ਹਾਂ ਹੈ ਜਿਵੇਂ ਸਾਹ ਲੈਣ ਲਈ ਹਵਾ ਦੀ। ਪੰਜਾਬ ਦੀ ਕਾਲੀ ਵੇਈਂ ਤੋਂ ਪਾਣੀ ਸੰਭਾਲ ਦੀ ਸ਼ੁਰੂ ਕੀਤੀ ਇਸ ਲਹਿਰ ਨੂੰ ਅਸੀਂ ਸਿਰਫ਼ ਭਾਰਤ ਵਿਚ ਹੀ ਨਹੀਂ, ਸਗੋਂ ਪੂਰੀ ਦੁਨੀਆ ਵਿਚ ਫੈਲਾਉਣਾ ਚਾਹੁੰਦੇ ਹਾਂ। ਵਾਤਾਵਰਨ ਦੀ ਸੰਭਾਲ ਕਰਨਾ ਸਮੇਂ ਦੀ ਮੁੱਖ ਮੰਗ ਹੈ। ਕਾਲੀ ਵੇਈਂ ਦੇ ਪੁਨਰ-ਜੀਵਤ ਹੋਣ ਨਾਲ ਇਹ ਸੰਦੇਸ਼ ਸਾਰੀ ਦੁਨੀਆ ਤੱਕ ਗਿਆ ਹੈ।"[26] ਅੰਤਰਰਾਸ਼ਟਰੀ ਪੱਧਰ 'ਤੇ ਕੋਪਨਹੈਗਨ ਵਿਚ ਹੋਏ ਵਾਤਾਵਰਨ ਸੰਬੰਧੀ ਵਿਸ਼ਵ ਸੰਮੇਲਨ ਵਿਚ ਵੀ ਬਾਬਾ ਬਲਬੀਰ ਸਿੰਘ

---

[24] *ਨਿਰਮਲ ਨੂਰ,* Vol 52, ਜਨਵਰੀ/ਫਰਵਰੀ 2017, ਪੰਨਾ 66.

[25] ਉਹੀ, ਪੰਨਾ 67.

[26] ਕੁਲਵਿੰਦਰ ਕੌਰ ਮਿਨਹਾਸ, *ਕਰਮਯੋਗੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2011, ਪੰਨੇ. 177-78.

ਜੀ ਵਲੋਂ ਪਾਣੀਆਂ ਦੀ ਸੰਭਾਲ ਦੇ ਮੁੱਦੇ ਉਤੇ ਵਿਚਾਰ ਪੇਸ਼ ਕੀਤੇ ਗਏ ਸਨ। ਬਾਬਾ ਜੀ ਨੇ ਦੁਨੀਆ ਦੇ ਵਾਤਾਵਰਨ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰਬਾਣੀ ਵਿਚ ਦਰਜ ਸਲੋਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਵਿਚ ਵਾਤਾਵਰਨ ਸੰਬੰਧੀ ਸਾਰੀਆਂ ਸਮੱਸਿਆਵਾਂ ਦਾ ਹਲ ਹੈ।[27] ਬਾਬਾ ਬਲਬੀਰ ਸਿੰਘ ਜੀ ਵਲੋਂ ਕਾਲ਼ੀ ਵੇਈਂ, ਕਾਲਾ ਸੰਘਿਆ ਡਰੇਨ, ਬੁੱਢਾ ਨਾਲਾ ਆਦਿ ਦੀ ਸਹੀ ਵਰਤੋਂ ਕਰਨ, ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀ ਦੀ ਸੰਭਾਲ ਕਰਨ ਲਈ ਲੋਕਾਂ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ।

**5. ਈਕੋ ਸਿੱਖ**

ਈਕੋ ਸਿੱਖ ਸੰਸਥਾ ਦਾ ਅਰੰਭ ਵਿਦੇਸ਼ੀ ਸਿਖ ਭਾਈਚਾਰੇ ਅਤੇ ਡਾ. ਰਾਜਵੰਤ ਸਿੰਘ ਦੇ ਉੱਦਮਾਂ ਸਦਕਾ ਹੋਇਆ ਹੈ। ਇਸ ਸੰਸਥਾ ਦੀ ਸ਼ੁਰੂਆਤ ਸਿਖ ਭਾਈਚਾਰੇ ਦੁਆਰਾ ਧਰਮ ਅਤੇ ਵਿੱਦਿਆ ਦੇ ਪ੍ਰਸਾਰ ਲਈ ਬਣਾਈ ਕਮੇਟੀ Sikh Council of Religion and Education (SCORE) ਵਲੋਂ Alliance of Religion And Conservation (ARC) ਅਤੇ United Nations Development Program (UNDP) ਅਧੀਨ ਸੰਸਾਰਕ ਜਲਵਾਯੂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖ ਕੇ ਸ਼ੁਰੂ ਕੀਤੀ ਪੀੜ੍ਹੀ ਬਦਲ ਯੋਜਨਾ (plans for Generational Change) ਵਿਚ ਭਾਗੀਦਾਰੀ ਕਰਨ ਨਾਲ ਕੀਤੀ ਗਈ ਸੀ। ARC ਦਾ ਸੰਸਥਾਪਕ ਪ੍ਰਿੰਸ ਫਿਲਿਪ ਸੀ, ਜਿਸ ਨੇ UNDP ਦੇ ਸਹਿਯੋਗ ਨਾਲ ਨਵੰਬਰ 2009 ਈ. ਵਿਚ ਪੀੜ੍ਹੀ ਬਦਲ ਯੋਜਨਾ (plans for Generational Change) ਅਧੀਨ ਵਿੰਡਸੋਰ ਕਿਲ੍ਹੇ ਵਿਚ ਕਾਨਫ਼ਰੰਸ ਬੁਲਾਈ ਸੀ। ਇਸ ਕਾਨਫ਼ਰੰਸ ਵਿਚ ਸੰਸਾਰ ਦੇ ਸਾਰੇ ਧਰਮਾਂ ਦੇ ਪ੍ਰਤੀਨਿਧੀਆਂ ਨੂੰ ਉਹਨਾਂ ਦੇ ਧਰਮਾਂ ਵਿਚ ਚੁਗਿਰਦੇ ਪ੍ਰਤੀ ਆਏ ਵਿਚਾਰਾਂ ਨੂੰ ਪੇਸ਼ ਕਰਨ ਲਈ ਸੱਦਾ ਪੱਤਰ ਦਿੱਤਾ ਗਿਆ ਸੀ।

ਇਸ ਕਾਨਫ਼ਰੰਸ ਵਿਚ ਸਿਖ ਧਰਮ ਦਾ ਪੱਖ ਪੇਸ਼ ਕਰਨ ਲਈ ਡਾ. ਰਾਜਵੰਤ ਸਿੰਘ ਦੀ ਰਹਿਨੁਮਾਈ ਸਦਕਾ ਭਾਰਤੀ ਅਤੇ ਵਿਦੇਸ਼ੀ ਕੁਦਰਤ ਪ੍ਰੇਮੀ ਸਿਖਾਂ ਵਲੋਂ ਸਿਖ ਧਰਮ ਵਿਚ ਕੁਦਰਤ ਨਾਲ ਸੰਬੰਧਿਤ ਸਿਧਾਂਤਕ ਅਤੇ ਵਿਹਾਰਕ ਕਾਰਜਾਂ ਸੰਬੰਧੀ ਚਾਨਣਾ ਪਾਉਣ ਲਈ ਦਿੱਲੀ ਵਿਖੇ

---

[27] ਕੁਲਵਿੰਦਰ ਕੌਰ ਮਿਨਹਾਸ, *ਕਰਮਯੋਗੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ,* ਪੰਨਾ 173.

ਜੁਲਾਈ 2009 ਨੂੰ ਇਕ ਕਾਨਫ਼ਰੰਸ ਬੁਲਾਈ ਗਈ। ਇਸ ਕਾਨਫ਼ਰੰਸ ਵਿਚ ਚੁਗਿਰਦੇ ਸੰਬੰਧੀ ਸਮੱਸਿਆਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਪੰਜ ਸਾਲਾ ਯੋਜਨਾ ਉਲੀਕੀ ਗਈ। ਜਿਸ ਤਹਿਤ ਵਾਤਾਵਰਨ ਸੰਬੰਧੀ ਹੋ ਰਹੀਆਂ ਤਬਦੀਲੀਆਂ ਉਤੇ ਕਾਬੂ ਪਾਉਣ ਲਈ ਕਾਰਜ ਕਰਨ ਦੀ ਵਚਨ ਬੱਧਤਾ ਪ੍ਰਗਟਾਈ ਸੀ। ਸਿਖ ਸੰਗਤ ਦੁਆਰਾ ਚੁਗਿਰਦੇ ਸੰਬੰਧੀ ਸਮੱਸਿਆਵਾਂ ਨਾਲ ਨਜਿੱਠਣ ਲਈ ਬਣਾਏ ਇਸ ਸੰਗਠਨ ਨੂੰ 'ਈਕੋ ਸਿੱਖ' ਦਾ ਨਾਂ ਦਿੱਤਾ ਗਿਆ।[28] ਜਿਸ ਦਾ ਵਿਸ਼ਵ ਪੱਧਰ 'ਤੇ ਪ੍ਰਗਟਾਅ ਨਵੰਬਰ 2009 ਨੂੰ ਵਿੰਡਸੋਰ ਕਿਲ੍ਹੇ ਅੰਦਰ ਹੋਈ ਕਾਨਫ਼ਰੰਸ ਵਿਚ ਕੀਤਾ ਗਿਆ ਸੀ। ਈਕੋ ਸਿੱਖ ਸੰਸਥਾ ਦਾ ਮੁੱਖ ਮਨੋਰਥ ਵਾਤਾਵਰਨ ਦੀ ਸੰਭਾਲ ਲਈ ਜਾਗਰੂਕਤਾ ਪੈਦਾ ਕਰ ਕੇ ਧਰਤੀ ਨੂੰ ਹਰਾ-ਭਰਾ ਬਣਾਉਣਾ ਹੈ।

ਨਵੰਬਰ 2009 ਵਿਚ ਇੰਗਲੈਂਡ ਦੇ ਵਿੰਡਸੋਰ ਕਿਲ੍ਹੇ ਵਿਚ ਹੋਈ ਕਾਨਫ਼ਰੰਸ ਵਿਚ ਵਾਤਾਵਰਨ ਪ੍ਰੇਮੀ ਸ਼ਖ਼ਸੀਅਤਾਂ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਬਲਬੀਰ ਸਿੰਘ ਸੀਚੇਵਾਲ ਤੋਂ ਇਲਾਵਾ ਸੰਸਾਰ ਦੇ ਪ੍ਰਮੁੱਖ ਨੌਂ ਧਰਮਾਂ ਸਿਖ, ਬੁੱਧ, ਇਸਾਈ, ਹਿੰਦੂ, ਇਸਲਾਮ, ਯਹੂਦੀ, ਬਹਾਈ (ਈਰਾਨੀ ਧਰਮ), ਸ਼ਿੰਤੋ ਧਰਮ (ਜਪਾਨੀ ਧਰਮ), ਤਾਓਵਾਦ (ਚੀਨੀ ਧਰਮ) ਨਾਲ ਸੰਬੰਧਿਤ 200 ਦੇ ਲਗਪਗ ਪ੍ਰਤੀਨਿਧ ਸ਼ਾਮਿਲ ਹੋਏ ਸਨ। ਇਸ ਸਮਾਗਮ ਨੂੰ UN ਸਕੱਤਰ ਜਨਰਲ ਬਾਨ ਕੀ ਮੂਨ ਵਲੋਂ ਸੰਬੋਧਿਤ ਕੀਤਾ ਗਿਆ ਸੀ। ਇਸ ਇਕੱਠ ਵਿਚ ਸਾਰੇ ਧਰਮਾਂ ਦੇ ਪ੍ਰਤੀਨਿਧਾਂ ਵਲੋਂ ਚੁਗਿਰਦੇ ਸੰਬੰਧੀ ਸਮੱਸਿਆਵਾਂ ਨੂੰ ਮੁੱਖ ਰੱਖ ਕੇ ਵਿਹਾਰਕ ਤੌਰ ਤੇ ਕਾਰਜ ਕਰਨ ਦੀ ਵਚਨ ਬੱਧਤਾ ਪ੍ਰਗਟਾਈ ਗਈ ਸੀ। ਸੰਸਾਰ ਦੇ ਵੱਖ-ਵੱਖ ਧਰਮਾਂ ਵਲੋਂ ਵਾਤਾਵਰਨ ਸੰਭਾਲ ਸੰਬੰਧੀ ਉਠਾਏ ਜਾ ਰਹੇ ਕਦਮਾਂ ਨੂੰ ਹੋਰ ਸੰਗਠਨਾਂ ਵਲੋਂ ਵੀ ਭਰਵਾਂ ਹੁੰਗਾਰਾ ਮਿਲਿਆ ਸੀ, ਜਿਹਨਾਂ ਵਿਚ ਸੰਯੁਕਤ ਰਾਸ਼ਟਰ ਵਿਕਾਸ ਯੋਜਨਾ (United Nations Development Programme), ਧਰਮ ਨਿਰਪੱਖ ਸੰਸਥਾਵਾਂ, ਵਣ ਸੇਵਾ ਪ੍ਰਬੰਧਕੀ ਮੰਡਲ (Forset Stewardship Council), ਨਿਰਪੱਖ ਵਪਾਰ ਕਮੇਟੀ, World Wide Fund ਆਦਿ ਪ੍ਰਮੁੱਖ ਹਨ।

ਇਸ ਕਾਨਫ਼ਰੰਸ ਵਿਚ ਈਕੋ ਸਿਖ ਵਲੋਂ EcoSikh 5 Year Seed Plan[29] ਸਿਰਲੇਖ

---

[28] http://environment-ecology.com, 5/3/2017.

[29] http://www.ecosikh.org/wp-content/uploads/2011/09/EcoSikh-Guidebook.pdf, 3/3/2017.

ਹੇਠ ਪ੍ਰਾਰੰਭਿਕ ਯੋਜਨਾ ਦੀ ਰਿਪੋਰਟ ਪੇਸ਼ ਕੀਤੀ ਗਈ ਸੀ। ਇਸ ਰਿਪੋਰਟ ਵਿਚ ਚੁਗਿਰਦੇ ਦੀ ਸੰਭਾਲ ਲਈ ਪੰਜ ਸਰਲ ਤਰੀਕੇ ਸਮਝਾਏ ਗਏ ਹਨ:

1. **ਕੁਦਰਤੀ ਸੰਪਤੀ ਦੀ ਸੰਭਾਲ:** ਕੁਦਰਤੀ ਸੰਪਤੀ ਦੀ ਸੰਭਾਲ ਕਰਨੀ ਜਿਵੇਂ ਹਵਾ-ਪਾਣੀ ਦੀ ਸੰਭਾਲ ਕਰਨੀ, ਕੁਦਰਤੀ ਵਸਤਾਂ ਨੂੰ ਮੁੜ ਵਰਤੋਂ ਵਿਚ ਲਿਆਉਣਾ, ਰੁੱਖ ਲਗਾਉਣੇ, ਜੈਵਿਕ ਭੋਜਨ ਦੀ ਵਰਤੋਂ ਕਰਨੀ, ਮੁੜ ਵਰਤੋਂ ਵਿਚ ਆਉਣ ਵਾਲੇ ਧਾਤ ਤੋਂ ਬਣੇ ਭਾਂਡੇ ਵਰਤਣੇ ਆਦਿ।
2. **ਵਿੱਦਿਆ ਰਾਹੀਂ ਜਾਗਰੂਕ ਕਰਨਾ:** ਸਿੱਖਿਆ ਦੇ ਤੌਰ ਤੇ ਜੰਕ ਫੂਡ ਦੇ ਹੋ ਰਹੇ ਨੁਕਸਾਨ ਤੋਂ ਜਾਣੂ ਕਰਵਾਉਣਾ, ਮਸ਼ੀਨਰੀ ਦੀ ਹੋ ਰਹੀ ਵਧੇਰੇ ਵਰਤੋਂ ਅਤੇ ਘਰਾਂ ਵਿਚ ਹੋ ਰਹੀ ਵਧੇਰੇ ਊਰਜਾ ਦੀ ਖਪਤ ਪ੍ਰਤੀ ਜਾਗਰੂਕ ਕਰਨਾ।
3. **ਵਾਤਾਵਰਨ ਦਿਵਸ ਮਨਾਉਣਾ:** ਸਿਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਦਿਨਾਂ ਨੂੰ 'ਵਾਤਾਵਰਨ ਦਿਵਸ ਵਜੋਂ ਮਨਾਉਣਾ', ਇਸ ਦਿਨ ਕੁਦਰਤ ਨਾਲ ਸੰਬੰਧਿਤ ਸ਼ਬਦਾਂ ਦਾ ਕਥਾ ਜਾਂ ਕੀਰਤਨ ਕਰਨਾ ਅਤੇ ਬੂਟਿਆਂ ਨੂੰ ਪ੍ਰਸ਼ਾਦ ਦੇ ਰੂਪ ਵਿਚ ਵੰਡਣਾ ਆਦਿ ਪ੍ਰਮੁੱਖ ਹੈ।
4. **ਸੰਚਾਰ ਸਾਧਨਾਂ ਦਾ ਯੋਗਦਾਨ:** ਸੰਚਾਰ ਸਾਧਨਾਂ ਰਾਹੀਂ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਜਿਵੇਂ: ਸੈਮੀਨਾਰ ਜਾਂ ਗਰੁੱਪਾਂ ਵਿਚ ਕੁਦਰਤ ਪ੍ਰਤੀ ਜਾਗਰੂਕ ਕਰ ਕੇ ਇਸ ਸੰਦੇਸ਼ ਨੂੰ ਇੰਟਰਨੈਟ ਰਾਹੀਂ ਦੇਸ਼ਾਂ-ਵਿਦੇਸ਼ਾ ਵਿਚ ਫੈਲਾਉਣਾ, ਵਾਤਾਵਰਨ ਪ੍ਰਤੀ ਛੋਟੀਆਂ-ਛੋਟੀਆਂ ਫਿਲਮਾਂ ਬਣਾ ਕੇ ਕੁਦਰਤ ਪ੍ਰਤੀ ਪ੍ਰੇਮ ਪੈਦਾ ਕਰਨਾ।
5. **ਵਾਤਾਵਰਨ ਨਾਲ ਰਿਸ਼ਤਾ ਕਾਇਮ ਕਰਨਾ:** ਕੁਦਰਤ ਨੂੰ ਮਾਣਨ ਲਈ ਖੁਲ੍ਹੇ ਤੌਰ ਤੇ ਬਿਲਡਿੰਗਾਂ ਤੋਂ ਬਾਹਰ ਪ੍ਰੋਗਰਾਮ ਰੱਖੇ ਜਾ ਸਕਦੇ ਹਨ। ਇਕੱਲੇ ਬੈਠ ਕੇ ਕੁਦਰਤ ਨੂੰ ਮਾਣਿਆ ਜਾ ਸਕਦਾ ਹੈ।

ਈਕੋ ਸਿਖ ਸੰਸਥਾ ਵਲੋਂ ਅਕਾਲ ਤਖ਼ਤ, ਸੰਯੁਕਤ ਰਾਸ਼ਟਰ ਅਤੇ ਪ੍ਰਮੁੱਖ ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ 2010 ਤੋਂ ਗੁਰੂ ਹਰਿਰਾਇ ਜੀ ਦੇ ਗੁਰਤਾਗੱਦੀ ਦਿਵਸ ਨੂੰ 'ਸਿੱਖ ਵਾਤਾਵਰਨ

ਦਿਵਸ' ਵਜੋਂ ਮਨਾਇਆ ਜਾ ਰਿਹਾ ਹੈ। ਇਸ ਦਿਨ ਸਿਖ ਸੰਗਤਾਂ ਵਲੋਂ ਧਾਰਮਿਕ ਅਸਥਾਨਾਂ, ਸਕੂਲਾਂ-ਕਾਲਜਾਂ ਆਦਿ ਵਿਚ ਬੂਟੇ ਲਗਾਏ ਜਾਂਦੇ ਹਨ ਅਤੇ ਬੂਟਿਆਂ ਦਾ ਪ੍ਰਸ਼ਾਦ ਦਿੱਤਾ ਜਾਂਦਾ ਹੈ। ਗੁਰੂ ਘਰਾਂ ਵਿਚ ਕੁਦਰਤ ਨਾਲ ਸੰਬੰਧਿਤ ਸ਼ਬਦਾਂ ਦਾ ਕੀਰਤਨ, ਕਥਾ-ਵਿਚਾਰਾਂ, ਸੈਮੀਨਾਰ ਕਰਵਾਏ ਜਾਂਦੇ ਹਨ। ਈਕੋ ਸਿੱਖ ਵਲੋਂ 'ਖ਼ਾਲਸਾ ਰਾਹ ਦਿਖਾਏਗਾ। ਮਾਤਾ ਧਰਤ ਬਚਾਏਗਾ' ਦੇ ਨਾਹਰੇ ਅਧੀਨ ਵਾਤਾਵਰਨ ਦਿਵਸ ਨੂੰ ਸਮਰਪਿਤ ਕੁਝ ਨੁਕਤੇ ਵੀ ਸੰਗਤਾਂ ਨਾਲ ਸਾਂਝੇ ਕੀਤੇ ਜਾਂਦੇ ਹਨ:

1. ਘਰਾਂ, ਗੁਰੂ-ਘਰਾਂ, ਦੁਕਾਨਾਂ, ਸਕੂਲਾਂ ਆਦਿ ਵਿਚ ਜਿੱਥੇ ਵੀ ਪਾਣੀ ਵਗਦਾ ਹੋਵੇ ਉਸ ਨੂੰ ਬੰਦ ਕਰੋ ਜਾਂ ਸੂਚਨਾ ਦਰਜ ਕਰਵਾਓ।
2. ਬਿਜਲੀ, ਪਾਣੀ ਦੀ ਲੋੜ ਨੂੰ ਘੋਖੋ ਅਤੇ ਉਸ ਨੂੰ ਘਟਾਉਣ ਦਾ ਯਤਨ ਕਰੋ।
3. ਘਰਾਂ, ਗੁਰੂ-ਘਰਾਂ, ਦੁਕਾਨਾਂ ਦੇ ਇਲਾਕੇ ਵਿਚ ਗੰਦਗੀ ਨਾ ਫੈਲਾਓ। ਹਮੇਸ਼ਾ ਕੂੜੇਦਾਨ ਦੀ ਵਰਤੋਂ ਕਰੋ।
4. ਗੁਰਦੁਆਰੇ, ਗੁਰਪੁਰਬ ਅਤੇ ਨਗਰ ਕੀਰਤਨ ਸਾਡੇ ਆਪਣੇ ਹਨ, ਇਹਨਾਂ ਵਿਚ ਪਲਾਸਟਿਕ ਅਤੇ ਡਿਸਪੋਜ਼ੇਬਲ ਭਾਂਡਿਆਂ ਦੀ ਵਰਤੋਂ ਬੰਦ ਕਰ ਕੇ ਸਟੀਲ ਦੇ ਜਾਂ ਮੁੜ ਉਪਯੋਗ ਵਿਚ ਆਉਣ ਵਾਲੇ ਭਾਂਡਿਆ ਨੂੰ ਥਾਂ ਦੇਣ ਪ੍ਰਤੀ ਸੁਚੇਤ ਕਰਨਾ।
5. ਬੂਟੇ ਲਗਾਓ ਅਤੇ ਉਹਨਾਂ ਦੀ ਸੰਭਾਲ ਵੀ ਕਰੋ।
6. ਲੰਗਰ ਵਿਚ ਆਰਗੈਨਿਕ ਸਬਜ਼ੀਆਂ ਜਾਂ ਦਾਲਾਂ ਆਦਿ ਪੌਸ਼ਟਿਕ ਪਦਾਰਥਾਂ ਦੀ ਵਰਤੋਂ ਸ਼ੁਰੂ ਕਰਾਉਣੀ।
7. ਕੁਦਰਤ ਨਾਲ ਸੰਬੰਧਿਤ ਕਥਾ ਕੀਰਤਨ ਤੇ ਅਰਦਾਸ ਕਰੋ।

ਈਕੋ ਸਿੱਖ ਵਲੋਂ ਅੰਮ੍ਰਿਤਸਰ ਸ਼ਹਿਰ ਨੂੰ ਹਰਾ-ਭਰਾ ਅਤੇ ਸਾਫ਼ ਸੁਥਰਾ ਬਣਾਉਣ ਲਈ 2011 ਵਿਚ ਅੰਮ੍ਰਿਤਸਰ ਦੇ 440 ਵੋਂ ਸਥਾਪਨਾ ਦਿਵਸ ਤੇ 'ਗਰੀਨ ਅੰਮ੍ਰਿਤਸਰ' ਪ੍ਰੋਜੈਕਟ ਅਰੰਭਿਆ ਗਿਆ ਹੈ।[30] ਇਸ 'ਗਰੀਨ ਅੰਮ੍ਰਿਤਸਰ ਪ੍ਰੋਜੈਕਟ' ਤਹਿਤ ਅੰਮ੍ਰਿਤਸਰ ਸ਼ਹਿਰ ਦੀ

---

30 http://www.ecosikh.org/programmes/ecoamritsar, 10/3/2017.

ਸਫ਼ਾਈ ਕੀਤੀ ਜਾਂਦੀ ਅਤੇ ਬੂਟੇ ਲਗਾਏ ਜਾਂਦੇ ਹਨ। ਅੰਮ੍ਰਿਤਸਰ ਵਾਸੀਆਂ ਦੁਆਰਾ ਸਿਖ ਸ਼ਰਧਾਲੂਆਂ ਦੇ ਸਹਿਯੋਗ ਨਾਲ ਆਪਣੇ ਘਰਾਂ ਅਤੇ ਜਨਤਕ ਥਾਵਾਂ ਵਿਚ ਬਗ਼ੀਚੇ ਲਗਾਏ ਗਏ ਹਨ। ਇਸ ਕਾਰਜ ਵਿਚ ਸਿਖ ਸੇਵਾ-ਸੁਸਾਇਟੀਆਂ, ਕਾਲਜਾਂ, ਸਕੂਲਾਂ, ਜੱਥੇਬੰਦੀਆਂ ਅਤੇ ਹੋਰ ਧਰਮਾਂ ਦੇ ਪੈਰੋਕਾਰਾਂ ਵਲੋਂ ਵੀ ਭਰਪੂਰ ਸਹਿਯੋਗ ਦਿੱਤਾ ਗਿਆ ਹੈ। ਸਾਲ 2011 ਵਿਚ ਅਨੰਦਪੁਰ ਸਾਹਿਬ ਵਿਖੇ ਪਲਾਸਟਿਕ ਮੁਕਤ ਹੋਲਾ-ਮਹੱਲਾ ਮਨਾਇਆ ਗਿਆ। ਜਿਸ ਅਧੀਨ ਪੰਜਾਬ ਸਰਕਾਰ ਵਲੋਂ ਲਿਫ਼ਾਫ਼ਿਆਂ ਦੀ ਵਰਤੋਂ ਉਤੇ ਪਬੰਦੀ ਲਗਾਈ ਸੀ। ਜ਼ੀਰਕਪੁਰ ਵਿਖੇ ਸ੍ਰੀ ਗੰਗਾ ਨਰਸਰੀ ਸਥਾਪਿਤ ਕੀਤੀ ਗਈ। ਈਕੋ ਸਿਖ ਵਲੋਂ 2013 ਈ. ਵਿਚ ਨਾਰਵੇ ਵਿਚ ਵੀ ਆਪਣੀ ਬਰਾਂਚ ਸ਼ੁਰੂ ਕੀਤੀ ਗਈ ਹੈ ਅਤੇ ਵਾਈਟ ਹਊਸ ਵਿਚ ਵੀ ਜਲਵਾਯੂ ਪਰਿਵਰਤਨ ਸੰਬੰਧੀ ਸਿਖ-ਵਿਚਾਰ ਪੇਸ਼ ਕੀਤੇ ਹਨ।

ਸਾਰ ਰੂਪ ਵਜੋਂ ਕਿਹਾ ਜਾ ਸਕਦਾ ਹੈ ਕਿ ਇਹ ਸਭ ਸੇਵਾ ਸੰਠਗਨ ਜਾਂ ਸੰਸਥਾਵਾਂ ਵਾਤਾਵਰਨ ਪ੍ਰਤੀ ਜਾਗਰੂਕ ਕਰ ਕੇ ਵਿਸ਼ਵ-ਪੱਧਰ ’ਤੇ ਆਪਣੀ ਪਹਿਚਾਣ ਬਣਾ ਰਹੀਆਂ ਹਨ ਅਤੇ ਪ੍ਰੇਰਨਾ ਸ੍ਰੋਤ ਵੀ ਬਣ ਰਹੀਆ ਹਨ। ਇਹਨਾਂ ਸੰਗਠਨਾਂ ਨੇ ਚੁਗਿਰਦੇ ਨੂੰ ਹਰਾ-ਭਰਾ ਰੱਖਣ ਦੇ ਨਾਲ-ਨਾਲ ਪਾਣੀ ਦੀ ਸਾਂਭ ਸੰਭਾਲ ਉਪਰ ਵਿਸ਼ੇਸ ਬਲ ਦਿੱਤਾ ਹੈ। ਇਹਨਾਂ ਸੰਸਥਾਵਾਂ ਦੁਆਰਾ ਕੀਤੇ ਯਤਨਾਂ ਵਿਚ ਆਰਗੈਨਿਕ ਖੇਤੀ, ਨਰਸਰੀਆਂ ਦੀ ਸਥਾਪਨਾ, ਬੂਟੇ ਲਗਾਉਣੇ ਆਦਿ ਵਰਗੀਆਂ ਉਦਾਹਰਨਾਂ ਅੰਤਰਰਾਸ਼ਟਰੀ ਪਧਰ ’ਤੇ ਪ੍ਰਸਿੱਧ ਹਨ। ਇਹ ਪੰਜੇ ਸੰਸਥਾਵਾਂ ਵੱਖੋ-ਵੱਖਰੇ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਚੁਗਿਰਦਾ ਸੰਭਾਲ ਲਈ ਯਤਨਸ਼ੀਲ ਹਨ।

# ਸਾਰ

ਸੰਸਾਰ ਦੇ ਨਵੀਨ ਧਾਰਮਿਕ ਫ਼ਲਸਫ਼ਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ੇਸ਼ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਹੋਂਦ ਦੇ ਲਗਭਗ ਸਾਰੇ ਢੰਗਾਂ ਅਤੇ ਸਰੋਤਾਂ ਦਾ ਵਰਣਨ ਆਇਆ ਹੈ। ਇਸੇ ਕਰਕੇ ਇਸ ਗ੍ਰੰਥ ਵਿਚ ਕੇਵਲ ਮਨੁੱਖ ਮਾਤਰ ਦੀ ਹੀ ਗਲ ਨਹੀਂ ਕੀਤੀ ਗਈ ਬਲਕਿ ਸਮੁੱਚੀ ਕਾਇਨਾਤ ਇਸ ਦਾ ਵਿਸ਼ਾ ਬਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਕੁਦਰਤ, ਪ੍ਰਕ੍ਰਿਤੀ, ਮਾਇਆ ਆਦਿ ਸ਼ਬਦ ਇਸੇ ਦੀ ਹਾਮੀ ਭਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਦਰਤ ਦੇ ਵਿਸ਼ਾਲ ਰੂਪ ਧਰਤੀ, ਹਵਾ, ਪਾਣੀ, ਅਗਨੀ, ਅਕਾਸ਼, ਜੀਵ-ਜੰਤੂ, ਬਨਸਪਤੀ, ਖਣਿਜ-ਪਦਾਰਥ, ਸਮਾਂ, ਸੂਰਜ, ਚੰਦ, ਤਾਰੇ, ਗ੍ਰਹਿ ਆਦਿ ਦੇ ਵਰਣਨ ਰਾਹੀਂ ਚੁਗਿਰਦੇ ਦਾ ਭਰਪੂਰ ਚਿਤਰਣ ਕੀਤਾ ਗਿਆ ਹੈ।

ਚੁਗਿਰਦਾ ਸ਼ਬਦ ਦਾ ਪੰਜਾਬੀ ਵਿਚ ਸਮਾਨ-ਅਰਥੀ ਸ਼ਬਦ 'ਵਾਤਾਵਰਨ' ਅਤੇ 'ਆਲ਼ਾ-ਦੁਆਲ਼ਾ' ਹੈ। ਹਿੰਦੀ ਭਾਸ਼ਾ ਵਿਚ ਚੁਗਿਰਦੇ ਲਈ 'पर्यावरण' ਅਤੇ ਅੰਗਰੇਜ਼ੀ ਵਿਚ Environment ਸ਼ਬਦ ਵਰਤਿਆ ਜਾਂਦਾ ਹੈ। ਚੁਗਿਰਦੇ ਬਾਰੇ ਗਿਆਨ ਪ੍ਰਾਪਤ ਕਰਨ ਨੂੰ 'ਚੁਗਿਰਦਾ ਬੋਧ' ਕਿਹਾ ਜਾਂਦਾ ਹੈ। ਵਿਗਿਆਨ ਦੀ ਭਾਸ਼ਾ ਵਿਚ ਚੁਗਿਰਦਾ ਬੋਧ ਲਈ 'ਇਕਾਲੋਜੀ' ਸ਼ਬਦ ਵਰਤਿਆ ਜਾਂਦਾ ਹੈ। ਕਿਸੇ ਵੀ ਜੀਵ ਦੇ ਆਲ਼ੇ-ਦੁਆਲ਼ੇ ਪਸਰੀ ਹਵਾ, ਪਾਣੀ, ਧਰਤੀ, ਆਕਾਸ਼, ਜੀਵ ਜੰਤੂ, ਬਨਸਪਤੀ ਆਦਿ ਜੈਵਿਕ ਅਤੇ ਅਜੈਵਿਕ ਵਸਤਾਂ ਦੇ ਸਮੂਹ ਨੂੰ ਉਸ ਦਾ ਚੁਗਿਰਦਾ ਕਿਹਾ ਜਾਂਦਾ। 'ਚੁਗਿਰਦੇ' ਅਧੀਨ ਭੌਤਿਕ, ਸਮਾਜਿਕ ਅਤੇ ਮਾਨਸਿਕ ਤਿੰਨ ਕਿਸਮਾਂ ਦੇ ਚੁਗਿਰਦੇ ਦਾ ਵਰਣਨ ਆਉਂਦਾ ਹੈ ਪਰ ਭੌਤਿਕ ਚੁਗਿਰਦੇ ਭਾਵ ਕੁਦਰਤ ਦਾ ਮਨੁਖੀ ਜੀਵਨ ਵਿਚ ਵਿਸ਼ੇਸ਼ ਸਥਾਨ ਹੈ ਕਿਉਂਕਿ ਮਨੁੱਖ ਦਾ ਸਮਾਜਿਕ ਅਤੇ ਮਾਨਸਿਕ ਜੀਵਨ ਉਸ ਦੇ ਭੌਤਿਕ ਚੁਗਿਰਦੇ ਤੋਂ ਵਧੇਰੇ ਪ੍ਰਭਾਵਿਤ ਹੁੰਦਾ ਹੈ।

ਚੁਗਿਰਦੇ ਅਤੇ ਧਰਮ ਦਾ ਅਨਿੱਖੜਵਾਂ ਸੰਬੰਧ ਹੈ। ਧਰਮ ਦੀ ਉਤਪਤੀ ਚੁਗਿਰਦੇ ਵਿਚੋਂ ਹੀ ਮੰਨੀ ਜਾਂਦੀ ਹੈ। ਚੁਗਿਰਦੇ ਵਿਚ ਵਾਪਰਦੀਆਂ ਕੁਦਰਤੀ ਘਟਨਾਵਾਂ ਨੂੰ ਵੇਖ ਕੇ ਮਨੁੱਖ ਹੈਰਾਨ ਹੋ

ਜਾਂਦਾ ਸੀ। ਪ੍ਰਾਚੀਨ ਮਨੁੱਖ ਨੇ ਕੁਦਰਤ ਵਿਚ ਆਤਮਾ ਦੀ ਹੋਂਦ ਨੂੰ ਮੰਨ ਕੇ ਕੁਦਰਤੀ ਸ਼ਕਤੀਆਂ ਦੀ ਅਰਾਧਨਾ ਸ਼ੁਰੂ ਕੀਤੀ ਸੀ। ਉਸ ਨੇ ਕੁਦਰਤ ਪ੍ਰਤੀ ਪਿਆਰ ਅਤੇ ਸਤਿਕਾਰ ਨੂੰ ਜਿਸ ਰੂਪ ਵਿਚ ਪ੍ਰਗਟ ਕੀਤਾ ਉਸ ਨੂੰ ਮੁੱਢਲਾ ਧਰਮ ਕਿਹਾ ਜਾਂਦਾ ਹੈ। ਪਰਮਾਤਮਾ ਨਾਲ ਜੁੜੇ ਸਿਧਾਂਤ ਨਿਰੰਤਰ ਈਸ਼ਵਰਵਾਦ, ਸਰਬ ਈਸ਼ਵਰਵਾਦ ਅਤੇ ਦੇਵਵਾਦ ਦਾ ਸੰਬੰਧ ਸਿੱਧੇ ਜਾਂ ਅਸਿੱਧੇ ਰੂਪ ਵਿਚ ਕੁਦਰਤ ਨਾਲ ਹੀ ਰਿਹਾ ਹੈ। ਕੁਦਰਤ ਪਰਮਾਤਮਾ ਦੀ ਕ੍ਰਿਤ ਵੀ ਹੈ ਅਤੇ ਉਸ ਦਾ ਸਰੂਪ ਵੀ। ਵੱਖ-ਵੱਖ ਧਰਮਾਂ ਦੇ ਗ੍ਰੰਥਾਂ ਵਿਚ ਕੁਦਰਤ ਸੰਬੰਧੀ ਦਿੱਤਾ ਗਿਆ ਗਿਆਨ ਚੁਗਿਰਦੇ ਦੀ ਸਿਰਜਣ ਕਿਰਿਆ ਵਿਚ ਪਰਮਾਤਮਾ ਦੀ ਹਿੱਸੇਦਾਰੀ ਬਿਆਨ ਕਰਦਾ ਹੈ।

ਭਾਰਤੀ ਧਰਮਾਂ ਵਿਚ ਹਿੰਦੂ ਰਿਸ਼ੀਆਂ ਦੀਆਂ ਰਚਨਾਵਾਂ ਵਿਚ ਚੁਗਿਰਦੇ ਵਿਚਲੀਆਂ ਬਹੁਤੀਆਂ ਚੀਜ਼ਾਂ ਨਾਲ ਦੇਵਤਾ ਜਾਂ ਦੇਵੀ ਦੀ ਧਾਰਨਾ ਜੋੜੀ ਹੋਈ ਹੈ। ਜੈਨ ਧਰਮ ਦੇ ਤੀਰਥੰਕਰਾਂ ਦਾ ਸੰਬੰਧ ਵੀ ਚੁਗਿਰਦੇ ਵਿਚਲੇ ਜੀਵ-ਜੰਤੂਆਂ ਜਾਂ ਰੁੱਖ-ਬੂਟਿਆਂ ਨਾਲ ਰਿਹਾ ਹੈ। ਜੈਨ ਧਰਮ ਨੇ ਅਹਿੰਸਾ ਦੇ ਸਿਧਾਂਤ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਗ੍ਰਹਿਣ ਕੀਤਾ ਹੋਇਆ ਹੈ। ਇਸੇ ਤਰ੍ਹਾਂ ਬੁੱਧ ਧਰਮ ਵਿਚ ਵੀ ਮਹਾਤਮਾ ਬੁੱਧ ਦੇ ਜਨਮ, ਨਿਰਵਾਣ ਪ੍ਰਾਪਤੀ ਤੋਂ ਇਲਾਵਾ ਉਹਨਾਂ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਵਿਚ ਬਨਸਪਤੀ ਹਮੇਸ਼ਾ ਭਾਈਵਾਲ ਰਹੀ ਹੈ। ਇਹਨਾਂ ਦੇ ਧਰਮ-ਗ੍ਰੰਥਾਂ ਵਿਚ ਬਨਸਪਤੀ ਜਾਂ ਜੀਵ ਜੰਤੂਆਂ ਪ੍ਰਤੀ ਅਹਿੰਸਾ ਦਾ ਉਪਦੇਸ਼ ਦਰਜ਼ ਹੈ। ਪੱਛਮੀ ਧਰਮਾਂ ਯਹੂਦੀ, ਇਸਾਈ ਅਤੇ ਇਸਲਾਮ ਵਿਚ ਵੀ ਸ੍ਰਿਸ਼ਟੀ ਨੂੰ ਪਰਮਾਤਮਾ ਦੀ ਕ੍ਰਿਤ ਮੰਨਿਆ ਗਿਆ ਹੈ। ਇਹਨਾਂ ਧਰਮਾਂ ਦੇ ਗ੍ਰੰਥਾਂ ਵਿਚ ਵੀ ਰੁੱਖ-ਬੂਟਿਆਂ ਜਾਂ ਜੀਵ ਜੰਤੂਆਂ ਦੀ ਭਲਾਈ ਸੰਬੰਧੀ ਅਨੇਕ ਆਦੇਸ਼ ਮਿਲਦੇ ਹਨ, ਜਿਹਨਾਂ ਅਨੁਸਾਰ ਕੁਦਰਤ ਦੀ ਸੰਭਾਲ ਕਰਨਾ ਮਨੁੱਖ ਦਾ ਨੈਤਿਕ ਫ਼ਰਜ਼ ਹੈ।

ਸਿਖ ਧਰਮ ਵਿਚ ਕੁਦਰਤ ਨੂੰ ਕਾਦਰ ਦੀ ਕ੍ਰਿਤ ਕਿਹਾ ਹੈ। ਜਿਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ, ਪਰਪੰਚ, ਮਾਇਆ, ਜਗਤ, ਸੰਸਾਰ, ਆਕਾਰ, ਰਚਨਾ ਆਦਿ ਅਨੇਕ ਨਾਂ ਵਰਤੇ ਗਏ ਹਨ। ਗੁਰਬਾਣੀ ਅਨੁਸਾਰ ਪਰਮਾਤਮਾ ਨੇ ਇਸ ਸਭ ਦੀ ਰਚਨਾ ਆਪਣੇ ਆਪ ਨੂੰ ਸਾਕਾਰ ਰੂਪ ਵਿਚ ਪ੍ਰਗਟ ਕਰਨ ਲਈ ਕੀਤੀ ਹੈ। ਜਿਸ ਦੇ ਆਦਿ-ਅੰਤ, ਪ੍ਰਯੋਜਨ, ਸੀਮਤ-

ਅਸੀਮਿਤ ਆਦਿ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਰਪੂਰ ਵਰਣਨ ਮਿਲਦਾ ਹੈ।

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਅਧਿਆਤਮਿਕਤਾ ਦੀ ਸੋਝੀ ਦੇਣ ਲਈ ਚੁਗਿਰਦੇ ਵਿਚਲੀਆਂ ਵਸਤੂਆਂ ਨੂੰ ਰੂਪਕ, ਦ੍ਰਿਸ਼ਟਾਂਤ ਅਤੇ ਉਪਮਾ ਦੇ ਤੌਰ ਤੇ ਭਰਪੂਰ ਰੂਪ ਵਿਚ ਵਰਤਿਆ ਹੈ। ਚੁਗਿਰਦੇ ਵਿਚਲੀਆਂ ਇਹਨਾਂ ਵਸਤਾਂ ਦੇ ਸੁਭਾਅ ਅਤੇ ਕਰਮ ਨੂੰ ਮੁੱਖ ਰੱਖ ਕੇ ਮਨਮੁਖ ਅਤੇ ਗੁਰਮੁਖ ਦੇ ਆਪਸੀ ਫ਼ਰਕ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਦਰਤ ਦੀ ਸੁੰਦਰਤਾ ਨੂੰ ਬਿਆਨ ਕਰ ਕੇ ਮਨੁੱਖੀ ਚੇਤਨਾ ਨੂੰ ਪਰਮਾਤਮਾ ਨਾਲ ਜੁੜਨ ਲਈ ਸੁਚੇਤ ਕੀਤਾ ਗਿਆ ਹੈ। ਚੁਗਿਰਦੇ ਵਿਚ ਮਾਉਲ਼ਦੀ ਬਨਸਪਤੀ, ਵਗਦੇ ਪਾਣੀ, ਬਲਦੀ ਅਗਨੀ ਆਦਿ ਕੁਦਰਤੀ ਦ੍ਰਿਸ਼ਾਂ ਦੀ ਖ਼ੂਬਸੂਰਤੀ ਅਤੇ ਆਕਰਸ਼ਨ ਤੋਂ ਮਨੁੱਖੀ ਮਨ ਆਤਮ ਵਿਗਾਸ ਲਈ ਹੁਲਾਰਾ ਹਾਸਲ ਕਰ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਧਾਂਤਾਂ ਨੂੰ ਵਿਹਾਰਕ ਰੂਪ ਦੇਣਾ ਗੁਰੂ ਸਾਹਿਬਾਨ ਦਾ ਮੁੱਖ ਮਨੋਰਥ ਰਿਹਾ ਹੈ ਕਿਉਂਕਿ ਅਮਲ ਕਰਨਾ ਸਿਧਾਂਤ ਤੋਂ ਉਪਰ ਹੈ। ਜੇਕਰ ਗੁਰਬਾਣੀ ਗੁਰੂ ਦੀ ਕਥਨੀ ਹੈ ਤਾਂ ਗੁਰ ਇਤਿਹਾਸ ਗੁਰੂ ਦੀ ਕਰਨੀ ਹੈ। ਸਿਖ ਇਤਿਹਾਸ ਗੁਰੂ ਸਾਹਿਬਾਨ ਦੇ ਵਿਹਾਰਕ ਕਾਰਜਾਂ ਨੂੰ ਪ੍ਰਤੀਪਾਦਨ ਕਰਦਾ ਹੈ। ਗੁਰੂ ਸਾਹਿਬਾਨ ਨੇ ਕੁਦਰਤ ਨੂੰ ਕੇਵਲ ਕਾਦਰ ਦੀ ਕ੍ਰਿਤ ਮੰਨਣ ਤੱਕ ਦਾ ਸਿਧਾਂਤ ਹੀ ਨਹੀਂ ਦਿੱਤਾ ਸਗੋਂ ਇਸ ਦੀ ਸੰਭਾਲ ਲਈ ਵੀ ਕਾਰਜ ਕੀਤੇ ਸਨ।

ਚੁਗਿਰਦੇ ਵਿਚਲੇ ਬਨਸਪਤੀ ਅਤੇ ਪਾਣੀ ਦੋ ਅਜਿਹੇ ਮੁੱਖ ਸਰੋਤ ਹਨ, ਜਿਹਨਾਂ ਤੋਂ ਬਿਨਾਂ ਧਰਤੀ ਉਤੇ ਜੀਵਨ ਅਸੰਭਵ ਹੈ, ਇਸ ਲਈ ਗੁਰੂ ਸਾਹਿਬਾਨ ਵਲੋਂ ਇਹਨਾਂ ਦੋਵਾਂ ਸਰੋਤਾਂ ਵਲ਼ ਖ਼ਾਸ ਧਿਆਨ ਦਿੱਤਾ ਗਿਆ ਸੀ। ਪਾਣੀ ਦੀ ਸੰਭਾਲ਼ ਲਈ ਬਾਉਲੀਆਂ ਜਾਂ ਸਰੋਵਰ ਬਣਵਾਏ ਗਏ ਸਨ ਅਤੇ ਬਨਸਪਤੀ ਦੀ ਸੰਭਾਲ ਲਈ ਰੁੱਖ-ਬੂਟੇ ਅਤੇ ਬਾਗ਼ ਲਗਵਾਏ ਸਨ। ਪਸ਼ੂ-ਪੰਛੀਆਂ ਦੇ ਰਹਿਣ ਲਈ ਰੱਖਾਂ ਦਾ ਉਚਿੱਤ ਪ੍ਰਬੰਧ ਕੀਤਾ ਗਿਆ ਸੀ। ਗੁਰੂ ਸਾਹਿਬਾਨ ਯਾਤਰਾਵਾਂ ਦੌਰਾਨ ਠਹਿਰਾਓ ਸਮੇਂ ਮਹਿਲ-ਮਾੜੀਆਂ ਨੂੰ ਛੱਡ ਕੇ ਬਾਗ਼-ਬਗ਼ੀਚਿਆਂ ਨੂੰ ਪਹਿਲ ਦਿੰਦੇ ਸਨ। ਜਿਹਨਾਂ ਨੂੰ ਅਜ-ਕਲ 'ਗੁਰੂ ਕੇ ਬਾਗ਼' ਕਿਹਾ ਜਾਂਦਾ ਹੈ। ਇਹਨਾਂ ਬਾਗ਼ਾਂ ਵਿਚੋਂ ਕੁਝ ਬਾਗ਼ ਗੁਰੂ ਸਾਹਿਬਾਨ ਦੀ ਸਰਪ੍ਰਸਤੀ

ਅਧੀਨ ਲਗਵਾਏ ਗਏ ਸਨ। ਜਿਹਨਾਂ ਵਿਚੋਂ ਕੀਰਤਪੁਰ ਸਾਹਿਬ ਵਿਖੇ ਲਗਵਾਇਆ ਗਿਆ 'ਨੌਂ ਲੱਖਾ' ਬਾਗ ਪ੍ਰਮੁੱਖ ਹੈ। ਇਸੇ ਤਰ੍ਹਾਂ ਗੁਰੂ ਸਾਹਿਬਾਨ ਵਲੋਂ ਆਪ ਜਾਂ ਫਿਰ ਸਿਖਾਂ ਦੀ ਨਜ਼ਰਸਾਨੀ ਹੇਠ ਬਣਵਾਏ ਸਰੋਵਰਾਂ ਨੂੰ 'ਗੁਰੂਸਰ' ਕਿਹਾ ਜਾਂਦਾ ਹੈ। ਖੂਹਾਂ ਨੂੰ 'ਗੁਰੂ ਕਾ ਖੂਹ' ਅਤੇ ਬਾਉਲੀਆਂ ਨੂੰ 'ਬਾਉਲੀ ਸਾਹਿਬ' ਕਿਹਾ ਜਾਂਦਾ ਹੈ। ਇਹਨਾਂ ਸਰੋਵਰਾਂ, ਖੂਹਾਂ ਅਤੇ ਬਾਉਲੀਆਂ ਨਾਲ ਕੇਵਲ ਪਾਣੀ ਦੀ ਕਿੱਲਤ ਹੀ ਦੂਰ ਨਹੀਂ ਹੋਈ ਸਗੋਂ ਇਹ ਸਰੋਤ ਆਪਸੀ ਭਾਈਚਾਰਾ ਸਥਾਪਤ ਕਰਨ ਦਾ ਵੀ ਜ਼ਰੀਆ ਬਣੇ ਹਨ।

ਗੁਰੂ ਸਾਹਿਬਾਨ ਨੇ ਨਗਰ ਵਸਾਉਣ ਲਈ ਥਾਂ ਦੀ ਚੋਣ ਕਰਨ ਸਮੇਂ ਵੀ ਮੁੱਖ ਤਰਜੀਹ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਪਹਾੜੀ ਖੇਤਰ ਜਾਂ ਦਰਿਆਵਾਂ ਨਾਲ ਲਗਦੀਆਂ ਥਾਵਾਂ ਨੂੰ ਦਿੱਤੀ ਹੈ। ਦਰਿਆਵਾਂ ਦੇ ਕੰਢੇ ਵਸਾਏ ਨਗਰਾਂ ਵਿਚ ਕਰਤਾਰਪੁਰ, ਗੋਇੰਦਵਾਲ, ਹਰਗੋਬਿੰਦਪੁਰ ਸਨ। ਟਿੱਬਿਆਂ ਵਾਲੀ ਥਾਂ ਖਡੂਰ ਸਾਹਿਬ ਵਸਾਇਆ, ਨੀਵੀਂਆਂ ਟੋਭੇ ਵਾਲੀਆਂ ਥਾਵਾਂ ਉਤੇ ਅੰਮ੍ਰਿਤਸਰ, ਤਰਨਤਾਰਨ ਸ਼ਹਿਰ ਅਤੇ ਪਹਾੜੀਆਂ ਵਿਚ ਕੀਰਤਪੁਰ, ਅਨੰਦਪੁਰ ਅਤੇ ਪਾਉਂਟਾ ਸਾਹਿਬ ਆਦਿ ਨਗਰ ਵਸਾਏ ਹਨ। ਗੁਰੂ ਸਾਹਿਬਾਨ ਦੁਆਰਾ ਇਹਨਾਂ ਸਭ ਸਥਾਨਾਂ ਦੀ ਕੀਤੀ ਚੋਣ, ਉਹਨਾਂ ਦੇ ਵਾਤਾਵਰਨ ਪ੍ਰਤੀ ਪ੍ਰੇਮ ਨੂੰ ਬਿਆਨ ਕਰਦੀ ਹੈ। ਗੁਰਦੁਆਰਿਆਂ ਵਿਚ ਸਸ਼ੋਭਿਤ ਗੁਰੂ ਸਹਿਬਾਨ ਨਾਲ ਸੰਬੰਧਿਤ ਰੁਖ-ਬੂਟੇ ਅਤੇ ਬਾਗ਼ ਗੁਰੂ ਸਾਹਿਬ ਦੇ ਬਨਸਪਤੀ ਪ੍ਰਤੀ ਪਿਆਰ ਨੂੰ ਤਾਜ਼ਾ ਕਰਵਾਉਂਦੇ ਹਨ। ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਸਿਧਾਂਤਾਂ ਨੂੰ ਵਿਹਾਰਕ ਪੱਧਰ ਤੇ ਦ੍ਰਿੜ ਕਰਨ ਲਈ ਮਨੁੱਖ ਨੂੰ ਕੁਦਰਤ ਨਾਲ ਜੋੜਿਆ ਅਤੇ ਪਉਣ-ਪਾਣੀ ਦੀ ਸਵੱਛਤਾ ਲਈ ਕਾਰਜ ਕੀਤੇ ਹਨ।

ਗੁਰੂ ਸਾਹਿਬਾਨ ਦੁਆਰਾ ਪਾਈ ਪਿਰਤ ਨੂੰ ਸਮਕਾਲ ਵਿਚ ਕੁਝ ਸਿਖ ਸੰਸਥਾਵਾਂ (ਸੰਗਠਨ, ਜਥੇਬੰਦੀਆਂ, ਸੁਸਾਇਟੀਆਂ) ਪੂਰੀ ਦ੍ਰਿੜਤਾ ਨਾਲ ਨਿਭਾ ਰਹੀਆਂ ਹਨ। ਇਹਨਾਂ ਸੰਸਥਾਵਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਅੰਮ੍ਰਿਤਸਰ), ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਸ੍ਰੀ ਅੰਮ੍ਰਿਤਸਰ), ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਖਡੂਰ ਸਾਹਿਬ), ੧ੳ ਚੈਰੀਟੇਬਲ ਟਰੱਸਟ ਸੀਚੇਵਾਲ ਅਤੇ ਈਕੋ ਸਿੱਖ ਆਦਿ ਪ੍ਰਮੁਖ ਹਨ।

ਇਹਨਾਂ ਸੰਸਥਾਵਾਂ ਦੁਆਰਾ ਰੁੱਖ਼ ਲਗਾਉਣ ਅਤੇ ਪਾਣੀ ਦੀ ਸੰਭਾਲ ਲਈ ਕੀਤੇ ਕਾਰਜ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧ ਹਨ। ਇਹ ਸੰਸਥਾਵਾਂ ਗੁਰੂ ਸਾਹਿਬਾਨ ਨਾਲ ਸੰਬੰਧਿਤ ਪੁਰਬਾਂ ਨੂੰ ‘ਵਾਤਾਵਰਨ ਦਿਵਸ’ ਵਜੋਂ ਮਨਾ ਰਹੀਆ ਹਨ। ਇਹ ਸੰਸਥਾਵਾਂ ਵਾਤਾਵਰਨ ਵਿਚ ਵਧ ਰਹੇ ਪ੍ਰਦੂਸ਼ਨ ਦੇ ਮੱਦੇ ਨਜ਼ਰ ਲੋਕ ਜਾਗਰੂਕਤਾ ਲਈ ਅਤੇ ਵਾਤਾਵਰਨ ਨੂੰ ਸਾਫ਼ ਰੱਖਣ ਲਈ ਪੌਦੇ ਲਗਾਉਣ ਅਤੇ ਪਾਣੀ ਦੀ ਸਵੱਛਤਾ ਲਈ ਵੱਡੇ ਪੱਧਰ ਉਤੇ ਕਾਰਜ ਕਰ ਰਹੀਆਂ ਹਨ।

